
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE -41
January 19, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




"The function of education is to teach one to think intensively and to think critically. Intelligence plus character – that is the goal of true education."
Martin Luther King Jr.



ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਬਿਹਾਰੀ ਲਾਲ ਚਾਹਲ ਲਗਭਗ 85 ਸਾਲ ਦੀ ਜੀਵਨ ਯਾਤਰਾ ਦਾ ਸਫਰ ਤਹਿ ਕਰਦਿਆਂ 14 ਜਨਵਰੀ 2022 ਨੂੰ ਅਕਾਲ ਚਲਾਣਾ ਕਰ ਗਏ। ਇਸ ਦੁੱਖ ਦੀ ਘੜੀ ਵਿਚ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੁਖੀ ਚਾਹਲ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ।

**(ਹੋਰ ਜਾਣਕਾਰੀ ਲਈ ਦੇਖੋ ਸਫਾ 5)**

## ਆਮ ਆਦਮੀ ਪਾਰਟੀ ਦਾ ਚਿਹਰਾ ਬਣਦੇ ਹੀ ਭਗਵੰਤ ਮਾਨ ਦੀਆਂ ਵੀਡਿਓ ਵਾਇਰਲ

**ਲੁਧਿਆਣਾ (ਬਿਊਰੋ)–** ਆਮ ਆਦਮੀ ਪਾਰਟੀ ਨੇ ਜਿਉਂ ਹੀ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ, ਉਹ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ। ਵਿਰੋਧੀਆਂ ਨੇ ਭਗਵੰਤ ਮਾਨ ਦੀਆਂ ਪੁਰਾਣੀਆਂ ਵੀਡੀਓ ਇੰਟਰਨੈੱਟ ਮੀਡੀਆ 'ਚ ਵਾਇਰਲ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਅਕਾਲੀ ਦਲ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਵੱਖ-ਵੱਖ ਪੇਜਾਂ 'ਤੇ ਭਗਵੰਤ ਮਾਨ ਦੀਆਂ ਵੀਡੀਓਜ਼ ਅਪਲੋਡ ਕਰਨ 'ਚ ਲੱਗੇ ਹੋਏ ਹਨ। ਵਿਰੋਧੀਆਂ ਨੇ ਭਗਵੰਤ ਮਾਨ ਦੀਆਂ ਵੀਡੀਓ ਫੇਸਬੁੱਕ, ਟਵਿਟਰ ਤੇ ਵ੍ਹਟਸਐਪ ਗਰੁੱਪਾਂ 'ਚ ਵਾਇਰਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇੰਨਾ ਹੀ ਨਹੀਂ ਉੱਤਰਾਖੰਡ ਦੇ ਮੁੱਖ ਮੰਤਰੀ ਦਾ ਚਿਹਰਾ ਕਰਨਲ ਅਜੈ ਕੋਠਿਆਲ ਦਾ ਵੀਡੀਓ ਤੇ ਉਨ੍ਹਾਂ ਦੇ ਖਿਲਾਫ ਛਪੀਆਂ ਪੁਰਾਣੀਆਂ ਖਬਰਾਂ ਵੀ ਇੰਟਰਨੈੱਟ 'ਤੇ ਵਾਇਰਲ ਹੋ ਰਹੀਆਂ ਹਨ। ਇਸ ਤਰ੍ਹਾਂ ਦੀਆਂ ਵੀਡੀਓਜ਼ ਨਾਲ 'ਆਪ' ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਕਾਲੀ ਦਲ, ਭਾਜਪਾ ਤੇ ਕਾਂਗਰਸ ਨੇ ਆਪਣੇ ਫੇਸਬੁੱਕ ਪੇਜਾਂ 'ਤੇ ਭਗਵੰਤ ਮਾਨ ਦੀਆਂ ਕਈ ਵੀਡੀਓਜ਼ ਅਪਲੋਡ ਕੀਤੀਆਂ ਹਨ ਤੇ ਲਿਖਿਆ ਹੈ ਕਿ ਕੀ ਪੰਜਾਬ ਉਨ੍ਹਾਂ ਦੇ ਹੱਥਾਂ 'ਚ ਸੁਰੱਖਿਅਤ ਰਹੇਗਾ।



ਇੰਨਾ ਹੀ ਨਹੀਂ ਅਕਾਲੀ ਦਲ ਨੇ ਭਗਵੰਤ ਮਾਨ ਦੀ ਇਕ ਫਿਲਮ ਦੀ ਵੀਡੀਓ ਕਲਿੱਪ ਵੀ ਅਪਲੋਡ ਕੀਤੀ ਹੈ, ਜਿਸ ਵਿਚ ਉਹ ਕਹਿ ਰਹੇ ਹਨ ਕਿ ਉਨ੍ਹਾਂ ਦਾ ਮਕਸਦ ਨੇਤਾ ਬਣ ਕੇ ਪੈਸਾ ਕਮਾਉਣਾ ਹੈ।

ਅਕਾਲੀ ਦਲ ਨੇ ਆਪਣੇ ਫੇਸਬੁੱਕ ਪੇਜ 'ਤੇ ਲਿਖਿਆ ਹੈ ਕਿ ਮਕਸਦ ਪੂਰਾ ਹੋ ਗਿਆ ਹੈ। ਇਸ ਤੋਂ ਇਲਾਵਾ ਭਾਜਪਾ ਦੇ ਕੁਝ ਸਮਰਥਕਾਂ ਨੇ ਉਤਰਾਖੰਡ 'ਚ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਅਤੇ ਸੇਵਾਮੁਕਤ ਕਰਨਲ ਅਜੈ ਕੋਠਿਆਲ ਦੀ ਇਕ ਪੁਰਾਣੀ ਵੀਡੀਓ ਵੀ ਅਪਲੋਡ ਕੀਤੀ ਹੈ। ਉਸ ਵੀਡੀਓ 'ਚ ਉਸ ਨੂੰ ਸ਼ਰਾਬੀ ਵੀ ਦਿਖਾਇਆ ਗਿਆ ਹੈ। ਮੁੱਖ ਮੰਤਰੀ ਦੇ ਦੋਵੇਂ ਚਿਹਰਿਆਂ ਦੇ ਇਹ ਵੀਡੀਓ ਕਾਫੀ ਵਾਇਰਲ ਹੋ ਰਹੇ ਹਨ। ਉਤਰਾਖੰਡ ਦੇ ਭਾਜਪਾ ਵਰਕਰਾਂ ਵੱਲੋਂ ਭਗਵੰਤ ਮਾਨ ਅਤੇ ਕਰਨਲ ਕਠਿਆਲ ਦੀਆਂ ਵੀਡੀਓਜ਼ ਵੀ ਕਾਫੀ ਵਾਇਰਲ ਕੀਤੀਆਂ ਜਾ ਰਹੀਆਂ ਹਨ। ਮੰਗਲਵਾਰ ਨੂੰ ਭਗਵੰਤ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਚਿਹਰਾ ਐਲਾਨਣ ਤੋਂ ਬਾਅਦ 'ਆਪ' ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਇਕ ਫਨੀ ਵੀਡੀਓ ਜਾਰੀ ਕੀਤਾ। ਇਸ ਵਿਚ ਸੀਐਮ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਅਤੇ ਆਖਰਕਾਰ ਭਗਵੰਤ ਮਾਨ ਨੂੰ ਹੀ ਪ੍ਰਮੋਟ ਕੀਤਾ ਗਿਆ।

## ਚੋਣਾਂ ਲਈ ਹੁਣ ਡਿਜੀਟਲ ਪ੍ਰਚਾਰ ਦਾ ਵੀ ਹੋਵੇਗਾ ਹਿਸਾਬ

**ਨਵੀਂ ਦਿੱਲੀ (ਬਿਊਰੋ)** ਚੋਣ ਕਮਿਸ਼ਨ ਨੇ ਪੰਜ ਸੂਬਿਆਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਡਿਜੀਟਲ ਪ੍ਰਚਾਰ 'ਤੇ ਹੋਣ ਵਾਲੇ ਖਰਚ ਦੀ ਜਾਣਕਾਰੀ ਦੇਣ ਲਈ ਉਮੀਦਵਾਰਾਂ ਦੇ ਚੋਣ ਖਰਚ ਵਾਲੇ ਖੇਤਰ 'ਚ ਇਕ ਨਵਾਂ ਕਾਲਮ ਜੋੜਿਆ ਹੈ।



ਉਮੀਦਵਾਰ ਪਿਛਲੀਆਂ ਚੋਣਾਂ 'ਚ ਵੀ ਡਿਜੀਟਲ ਖਰਚ ਕਰਦੇ ਸੀ ਪਰ ਇਸ ਵਾਰ ਅਜਿਹੇ ਖਰਚਿਆਂ ਦਾ ਵੇਰਵਾ ਦੇਣ ਲਈ ਇਕ ਵੱਖਰੀ ਤਰ੍ਹਾਂ ਦਾ ਕਾਲਮ ਬਣਾਇਆ ਗਿਆ ਹੈ। ਕੋਰੋਨਾ ਦੇ ਮਾਮਲਿਆਂ ਨੂੰ ਰੋਕਣ ਲਈ ਚੋਣ ਕਮਿਸ਼ਨ ਨੇ 22 ਜਨਵਰੀ ਤਕ ਰੈਲੀਆਂ, ਰੋਡ ਸ਼ੋਅ ਤੇ ਇਸ ਤਰ੍ਹਾਂ ਦੇ ਹੀ ਹੋਰ ਪ੍ਰਚਾਰ ਪ੍ਰੋਗਰਾਮਾਂ 'ਤੇ ਪਾਬੰਦੀ ਲਗਾਈ ਹੋਈ ਹੈ।

**ਕੋਰੋਨਾ ਕਾਰਨ ਚੋਣ ਰੈਲੀਆਂ 'ਤੇ ਪਾਬੰਦੀ**

ਇਸ ਪਾਬੰਦੀ ਕਾਰਨ ਪਾਰਟੀਆਂ ਵੋਟਰਾਂ ਤਕ ਪਹੁੰਚਣ ਲਈ ਡਿਜੀਟਲ ਤੇ ਆਨਲਾਈਨ ਪਲੇਟਫਾਰਮ ਦੀ ਵਰਤੋਂ ਕਰ ਰਹੀਆਂ ਹਨ। ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਪੰਜਾਬ ਤੇ ਮਨੀਪੁਰ 'ਚ ਪਹਿਲੀ ਵਾਰ ਚੋਣਾਂ ਦੇ ਰਿਟਰਨ ਦੇ ਸਰੂਪ 'ਚ ਬਦਲਾਅ ਕਰ ਕੇ ਨਵਾਂ ਕਾਲਮ ਬਣਾਇਆ ਗਿਆ ਹੈ।

ਇਕ ਅਧਿਕਾਰੀ ਨੇ ਦੱਸਿਆ ਕਿ ਪਾਰਟੀਆਂ ਤੇ ਉਮੀਦਵਾਰ (ਹੁਣ ਤਕ) ਇਸ ਖਰਚ ਦੀ ਜਾਣਕਾਰੀ ਆਪ ਦਿੰਦੇ ਸੀ। ਡਿਜੀਟਲ ਵੈਨ ਵਰਗੀਆਂ ਚੀਜ਼ਾਂ 'ਤੇ ਖਰਚ ਦਾ ਬਿਓਰਾ ਦਿੰਦੇ ਸੀ। ਇਸ ਸ਼੍ਰੇਣੀ ਤਹਿਤ ਖਰਚ ਦਿਖਾਉਂਦੇ ਸੀ। ਹੁਣ ਇਨ੍ਹਾਂ ਚੋਣਾਂ 'ਚ ਅਜਿਹੇ ਖਰਚ ਦਰਜ ਕਰਨ ਲਈ ਇਕ ਕਾਲਮ ਬਣਾਇਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਉਮੀਦਵਾਰਾਂ ਤੇ ਪਾਰਟੀਆਂ ਵੱਲੋਂ ਇਸ ਤਰ੍ਹਾਂ ਦੀ ਜਾਣਕਾਰੀ ਦਿੱਤੀ ਜਾਵੇਗੀ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SHRI GURU RAVIDASS SABHA (CA)

ਸੋਹੰ

2150 Crestview Drive, Pittsburg CA 94565

Tel : (925) 439-2355






## ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਪੁਰਬ 20 ਫਰਵਰੀ 2022 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

### ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ

ਫਰਵਰੀ, 18, 2022 (ਸ਼ੁੱਕਰਵਾਰ) ਸਵੇਰੇ 9-30 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ

ਫਰਵਰੀ, 20, 2022 (ਐਤਵਾਰ) ਸਵੇਰੇ 9-30 ਵਜੇ

ਕੀਰਤਨ ਦੀਵਾਨ

ਭੋਗ ਉਪਰੰਤ ਆਰੰਭ ਹੋ ਕੇ ਦੁਪਹਿਰ 2 ਵਜੇ ਤੱਕ ਚੱਲੇਗਾ

ਨਿਸ਼ਾਨ ਸਾਹਿਬ ਦੀ ਸੇਵਾ 19 ਫਰਵਰੀ 2022 (ਸ਼ਨਿਚਰਵਾਰ) ਸਵੇਰੇ 11 ਵਜੇ

(Nishan Sahib sewa by Bhai Sucha Singh Bangar and Bibi Sunita Bangar)



Prominent Jatha of Bhai Onkar Singh ji, Una Sahib Wale, Bhai Jagjit Singh ji, Giani Gurnam Singh ji & Giani Ompal Singh ji will enhance this Kirtan Diwan along with distinguished speakers and community leaders well versed with life and teachings of Satguru Ravidass ji.

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa.

For STALLS or any SEWA, please contact:

President Jagtar Singh Bhatia (925)487-9624 Secretary Abhishek Pal Narabut (925) 695-4637.

Please visit Gurughar website for information: www.sriguru┬ravidasstemple.com

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ ਵੀ ਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ ਪੀ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਖਤਰਨਾਕ ਬਣਦਾ ਜਾ ਰਿਹਾ ਹੈ ਕੋਵਿਡ-19 ਦਾ ਨਵਾਂ ਰੂਪ ਓਮੀਕਰੋਨ

## ਅਮਰੀਕਾ ਵਿਚ ਮੌਤਾਂ ਦੀ ਗਿਣਤੀ ਹੋ ਸਕਦੀ ਹੈ 10 ਲੱਖ ਤੋਂ ਪਾਰ

**ਸੈਕਰਾਮੈਂਟੋ 19 ਜਨਵਰੀ (ਹੁਸਨ ਲੜੋਆ ਬੰਗਾ)–** ਕਿਸੇ ਵੀ ਵਿਅਕਤੀ ਲਈ ਇਹ ਵਧੀਆ ਗੱਲ ਹੋ ਸਕਦੀ ਹੈ ਕਿ ਕੋਵਿਡ–19 ਦਾ ਨਵਾਂ ਰੂਪ ਓਮੀਕਰੋਨ ਤੇਜੀ ਨਾਲ ਫੈਲਦਾ ਜਰੂਰ ਹੈ ਪਰੰਤੂ ਇਸ ਦਾ ਅਸਰ ਜਿਆਦਾ ਮਾਰੂ ਨਹੀਂ ਹੈ ਪਰੰਤੂ ਅਸਲ ਵਿਚ ਅਜਿਹਾ ਨਹੀਂ ਹੈ। ਇਕ ਅਨੁਮਾਨ ਅਨੁਸਾਰ ਮੌਜਦਾ ਕੋਵਿਡ ਲਹਿਰ ਦੇ ਅੱਧ ਮਾਰਚ ਵਿਚ ਮੱਠੀ ਪੈਣ ਤੋਂ ਪਹਿਲਾਂ 50000 ਤੋਂ ਲੈ ਕੇ 3,00,000 ਅਮਰੀਕੀ ਹੋਰ ਮਰ ਸਕਦੇ ਹਨ। ਮੱਧ ਨਵੰਬਰ ਤੋਂ ਬਾਅਦ ਪਿਛਲੇ 7 ਦਿਨਾਂ ਦੌਰਾਨ ਕੋਵਿਡ–19 ਨਾਲ ਰੋਜਾਨਾ ਔਸਤ ਮੌਤਾਂ ਦੀ ਗਿਣਤੀ ਵਧ ਕੇ 1700 ਹੋ ਗਈ ਹੈ ਜਦ ਕਿ ਜਨਵਰੀ 2021 ਵਿਚ ਔਸਤ ਮੌਤਾਂ ਦੀ ਗਿਣਤੀ ਸਿਖਰਲੇ ਪੱਧਰ 'ਤੇ 3300 ਸੀ। ਚਿੰਤਾ



ਵਾਲੀ ਗੱਲ ਇਹ ਹੈ ਕਿ ਓਮੀਕਰੋਨ ਤੇਜੀ ਨਾਲ ਫੈਲ ਰਿਹਾ ਹੈ ਤੇ ਇਸ ਸਮੇ ਕੋਵਿਡ ਨਾਲ ਪੀੜਤ 1,50,000 ਮਰੀਜ਼ ਹਸਪਤਾਲਾਂ ਵਿਚ ਇਲਾਜ ਅਧੀਨ ਹਨ। ਜੇਕਰ ਕੋਵਿਡ ਨਾਲ ਮੌਤਾਂ ਦਾ ਨਵਾਂ ਅਨੁਮਾਨ ਠੀਕ ਸਾਬਤ ਹੋ ਗਿਆ ਤਾਂ ਅਮਰੀਕਾ ਵਿਚ ਕੋਰੋਨਾ ਮਹਾਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਗਰਮ ਰੁਤ ਦੀ ਸ਼ੁਰੂਆਤ ਤੱਕ 10 ਲੱਖ ਨੂੰ ਪਾਰ ਕਰ ਜਾਵੇਗੀ। ਯੁਨੀਵਰਸਿਟੀ ਆਫ ਸਾਊਥ ਫਲੋਰਿਡਾ ਦੇ ਮਹਾਮਾਰੀ ਵਿਗਿਆਨੀ ਜੈਸਨ ਸਾਲੇਮੀ ਨੇ ਕਿਹਾ ਹੈ ਕਿ ਮਰ ਰਹੇ ਲੋਕਾਂ ਤੋਂ ਪਤਾ ਲੱਗਦਾ ਹੈ ਕਿ ਓਮੀਕਰੋਨ ਕਿੰਨਾ ਖਤਰਨਾਕ ਹੈ। ਪੈਨਸਿਲਵਾਨੀਆ ਸਟੇਟ ਯੁਨੀਵਰਸਿਟੀ ਦੇ ਮਾਹਿਰ ਕੈਟਰੀਓਨਾ ਸ਼ੀਅ ਜੋ ਉਸ ਟੀਮ ਦੀ ਸਾਂਝੀ ਅਗਵਾਈ ਕਰ ਰਹੇ ਹਨ, ਜਿਸ ਨੇ ਵਾਈਟ ਹਾਊਸ ਨਾਲ ਅਨੇਕਾਂ ਮਹਾਮਾਰੀ ਨਮੂਨਿਆਂ ਤੇ ਅਨੁਮਾਨਾਂ ਬਾਰੇ ਮਿਲ ਕੇ ਕੰਮ ਕੀਤਾ ਹੈ, ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਦਾ ਮੌਜੂਦਾ ਰੁਝਾਨ ਜੋ ਜਨਵਰੀ ਦੇ ਆਖਿਰ ਜਾਂ ਫਰਵਰੀ ਦੇ ਸ਼ੁਰੂ ਵਿਚ ਸਿਖਰ ਉਪਰ ਪਹੁੰਚ ਜਾਵੇਗਾ, ਸਭਾਵੀ ਤੌਰ 'ਤੇ ਪਿਛਲੇ ਸਾਲ ਦੇ ਅੰਕੜਿਆਂ ਨੂੰ ਮਾਤ ਪਾ ਜਾਵੇਗਾ।

## ਅਮਰੀਕਾ ਵਿਚ ਘਰਾਂ ਵਿਚ ਮੁਫਤ ਕੋਵਿਡ ਟੈਸਟ ਲਈ ਵੈਬਸਾਈਟ ਦੀ ਸ਼ੁਰੂਆਤ

**ਸੈਕਰਾਮੈਂਟੋ 19 ਜਨਵਰੀ (ਹੁਸਨ ਲੜੋਆ ਬੰਗਾ)** ਪ੍ਰਸਤਾਵਿਤ ਐਲਾਨ ਤੋਂ ਇਕ ਦਿਨ ਪਹਿਲਾਂ ਅਮਰੀਕਾ ਵਿਚ ਸੰਘੀ ਸਰਕਾਰ ਦੁਆਰਾ ਘਰ ਵਿਚ ਕੋਵਿਡ ਟੈਸਟ ਕਰਨ ਲਈ ਮੁਫਤ ਟੈਸਟਿੰਗ ਕਿੱਟਾਂ ਮੰਗਵਾਉਣ ਵਾਸਤੇ ਨਵੀਂ ਵੈਬਸਾਈਟ ਦੀ ਸ਼ੁਰੂਆਤ ਹੋ ਗਈ ਹੈ। ਚੋਵਿਦ"ਇਸਟਇਸ।ਗੋਵ ਨਾਮੀ ਵੈਬਸਾਈਟ ਉਪਰ 'ਆਰਡਰ ਫਰੀ ਐਟ ਹੋਮ ਟੈਸਟਸ' ਬਟਨ ਸ਼ਾਮਿਲ ਕੀਤਾ ਗਿਆ ਹੈ। ਜਿਸ ਨੂੰ ਦਬਾਅ ਕੇ ਮੁਫਤ ਕਿੱਟਾਂ ਲਈ ਆਰਡਰ ਦਿੱਤਾ ਜਾ ਸਕਦਾ ਹੈ। ਇਸ ਮੌਕੇ ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਕਿ ਵੈਬਸਾਈਟ ਅਜੇ ਮੁੱਢਲੇ ਪੜਾਅ 'ਤੇ ਹੈ ਇਸ ਲਈ ਸਮੱਸਿਆਵਾਂ ਆ ਸਕਦੀਆਂ ਹਨ ਪਰੰਤੂ ਪ੍ਰਸ਼ਾਸਨ ਦੀ ਸਭ ਤੋਂ ਵਧੀਆ ਤਕਨੀਕੀ ਟੀਮ ਤੇ ਡਾਕ ਸੇਵਾਵਾਂ ਵਿਭਾਗ ਇਸ ਦੀ ਸਫਲਤਾ ਲਈ ਸਖਤ ਮਿਹਨਤ ਕਰ ਰਿਹਾ ਹੈ। ਸਾਰੇ ਹੀ ਯੋਗ ਰਿਹਾਇਸ਼ੀ ਪਤਿਆਂ ਉਪਰ ਇਕ ਵਿਅਕਤੀ 4 ਮੁਫਤ ਕਿੱਟਾਂ ਮੰਗਵਾ ਸਕਦਾ ਹੈ ਪਰੰਤੂ ਡਾਕ ਵਿਭਾਗ ਹਰ ਵਾਰ ਇਕ ਕਿੱਟ ਹੀ ਘਰਾਂ ਵਿਚ ਪਹੁੰਚਾਵੇਗਾ। ਕਿੱਟਾਂ ਲਈ ਆਰਡਰ ਮਿਲਣ ਉਪਰੰਤ 7 ਤੋਂ 12 ਦਿਨਾਂ ਦੇ ਵਿਚ ਕਿੱਟਾਂ ਦਿੱਤੇ ਰਿਹਾਇਸ਼ੀ ਪਤੇ ਉਪਰ ਪੁੱਜ ਜਾਣਗੀਆਂ। ਇਥੇ ਜਿਕਰਯੋਗ ਹੈ ਕਿ ਕੈਨੇਡਾ ਵਿਚ ਪਹਿਲਾਂ ਹੀ ਘਰਾਂ ਵਿਚ ਟੈਸਟ ਕਿੱਟਾਂ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ ਜਿਥੇ ਲੋਕ ਖੁਦ ਹੀ ਟੈਸਟ ਕਰਕੇ ਆਪਣੇ ਆਪ ਨੂੰ ਪੌਜ਼ਟਿਵ ਜਾਂ ਨੈਗਟਿਵ ਹੋਣ ਦਾ ਪਤਾ ਲਾ ਰਹੇ ਹਨ।

## ਓਮੀਕ੍ਰੋਨ ਵੇਰੀਐਂਟ ਦੇ ਕਹਿਰ ਨਾਲ ਸਹਿਮੀ ਦੁਨੀਆ

**ਨਵੀਂ ਦਿੱਲੀ–** ਕੋਰੋਨਾ ਵਾਇਰਸ ਦੇ ਨਵੇਂ ਵੇਰੀਐਂਟ ਓਮੀਕ੍ਰੋਨ ਨੇ ਦੁਨੀਆਂ ਭਰ 'ਚ ਤਬਾਹੀ ਮਚਾਈ ਹੋਈ ਹੈ। ਦੁਨੀਆਂ ਭਰ 'ਚ ਪਿਛਲੇ ਹਫ਼ਤੇ 'ਚ ਕੋਰੋਨਾ ਸੰਕ੍ਰਮਣ ਮਾਮਲਿਆਂ 'ਚ 11 ਫੀਸਦੀ ਦਾ ਵਾਧਾ ਹੋਇਆ ਹੈ। ਦੁਨੀਆਂ ਦੇ 108 ਦੇਸ਼ਾਂ 'ਚ ਇਸ ਵੇਰੀਐਂਟ ਦਾ ਪਸਾਰ ਹੋ ਚੁੱਕਾ ਹੈ। ਕਈ ਦੇਸ਼ਾਂ 'ਚ ਇਸ ਕਾਰਨ ਗੰਭੀਰ ਸਥਿਤੀ ਬਣ ਚੁੱਕੀ ਹੈ। ਇਸ ਲਈ ਕਈ ਦੇਸ਼ਾਂ ਨੇ ਲਾਕਡਾਊਨ ਵੀ ਲਗਾ ਦਿੱਤਾ ਹੈ ਤੇ ਸਖ਼ਤ ਨਿਯਮ ਵੀ ਲਾਗੂ ਕੀਤੇ ਹਨ। ਇਹ ਡੈਲਟਾ ਵੇਰੀਐਂਟ ਤੋਂ ਪੰਜ ਗੁਣਾਂ ਤੇਜ਼ੀ ਨਾਲ ਫੈਲ ਰਿਹਾ ਹੈ। ਆਖ਼ਰ ਕਿਹੜੇ ਦੇਸ਼ ਹਨ ਜਿਨ੍ਹਾਂ ਨੇ ਆਪਣੇ ਦੇਸ਼ 'ਚ ਅੰਸ਼ਕ ਪਾਬੰਦੀ ਲਗਾਈ ਹੈ। ਕੈਨੇਡਾ 'ਚ ਓਮੀਕ੍ਰੋਨ ਵਾਇਰਸ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਕੈਨੇਡਾ ਦੇ ਅੰਟਾਰੀਓ ਤੇ ਕਿਊਬਿਕ ਨੇ ਸਖ਼ਤ ਲਾਕਡਾਊਨ ਲਗਾਇਆ ਹੈ। ਨਿਯਮਾਂ ਦਾ ਉਲੰਘਣ ਕਰਨ 'ਤੇ ਸਖ਼ਤ ਸਜ਼ਾ ਮਿਲੇਗੀ। ਨਿਯਮ ਤੋੜਨ 'ਤੇ ਛੇ ਹਜ਼ਾਰ ਡਾਲਰ ਦਾ ਜ਼ੁਰਮਾਨਾ ਹੈ।

ਯੂਰਪੀਅਨ ਦੇਸ਼ ਬਰਤਾਨੀਆਂ ਓਮੀਕ੍ਰੋਨ ਤੋਂ ਸਭ ਤੋਂ ਜਿਆਦਾ ਪ੍ਰਭਾਵਿਤ ਦੇਸ਼ਾਂ 'ਚੋਂ ਇਕ ਹੈ। ਬਰਤਾਨੀਆਂ 'ਚ ਸਰਕਾਰ ਦੁਵਿਧਾ 'ਚ ਹੈ ਤੇ ਉੱਥੇ ਲੋਕਾਂ ਵੱਲੋਂ ਲਾਕਡਾਊਨ ਦਾ ਵਿਰੋਧ ਹੋ ਰਿਹਾ ਹੈ। ਪ੍ਰਧਾਨਮੰਤਰੀ ਬੋਰਿਸ ਜਾਨਸਨ ਨੇ ਕਿਹਾ ਕਿ ਦੇਸ਼ 'ਚ ਸਕੂਲ ਤੇ ਹੋਰ ਵਪਾਰਕ ਸਥਾਨ ਬੰਦ ਨਹੀਂ ਹੋਣਗੇ। ਅਮਰੀਕਾ 'ਚ ਕੋਰੋਨਾ ਵਾਇਰਸ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਅਮਰੀਕਾ 'ਚ ਸੂਬਾ ਸਰਕਾਰਾਂ ਲਾਕਡਾਊਨ ਲਗਾਉਣ ਤੋਂ ਕਤਰਾ ਰਹੀਆਂ ਹਨ। ਓਮੀਕ੍ਰੋਨ ਦੇ ਪਸਾਰ ਦੇ ਬਾਵਜੂਦ ਅੱਧੇ ਤੋਂ ਜਿਆਦਾ ਸੂਬਿਆਂ 'ਚ ਵਪਾਰਕ ਸਥਾਨ ਖੁੱਲ੍ਹੇ ਹੋਏ ਹਨ। ਹਾਂਲਾਂਕਿ ਕਈ ਸੂਬਿਆਂ 'ਚ ਅੰਸ਼ਕ ਪਾਬੰਦੀਆਂ ਲਗਾ ਦਿੱਤੀਆਂ ਹਨ। ਸੋਮਵਾਰ ਨੂੰ ਇਕ ਦਿਨ 'ਚ 13.15 ਲੱਖ ਨਵੇਂ ਮਾਮਲੇ ਸਾਹਮਣੇ ਆਏ ਹਨ। ਕਿਸੇ ਦੇਸ਼ 'ਚ ਇਕ ਦਿਨ 'ਚ ਇੰਨੀ ਵੱਡੀ ਗਿਣਤੀ ਸਾਹਮਣੇ ਆਉਣ ਦਾ ਸਭ ਤੋਂ ਵੱਡਾ ਮਾਮਲਾ ਹੈ। ਚੀਨ 'ਚ ਓਮੀਕ੍ਰੋਨ ਤੇਜ਼ੀ ਨਾਲ ਫੈਲ ਰਿਹਾ ਹੈ। ਚੀਨ ਦੇ ਜਿਆਨ ਸ਼ਹਿਰ 'ਚ 22 ਦਸੰਬਰ ਤੋਂ ਸਖ਼ਤ ਲਾਕਡਾਊਨ ਲੱਗਾ ਹੈ। ਕੋਰੋਨਾ ਦੇ ਪ੍ਰਕੋਪ ਦੇ ਚਲਦਿਆਂ ਚੀਨ ਦੇ ਤਿੰਨ ਸ਼ਹਿਰਾਂ 'ਚ ਲਾਕਡਾਊਨ ਹੈ। ਇਸ ਦੇ ਚਲਦਿਆਂ ਦੇਸ਼ ਦੀ ਕਰੀਬ ਦੋ ਕਰੋੜ ਆਬਾਦੀ ਘਰਾਂ ਦੇ ਅੰਦਰ ਹੀ ਕੈਦ ਹੋ ਗਈ ਹੈ। ਚੀਨ 'ਚ ਨਿਯਮਾਂ ਨੂੰ ਤੋੜਨ 'ਤੇ ਜ਼ੁਰਮਾਨਾ ਵੀ ਲਗਾਇਆ ਜਾ ਰਿਹਾ ਹੈ।

**ਆਈਸੋਲੇਸ਼ਨ ਤੇ ਟੀਕਾਕਰਨ ਸਭ ਤੋਂ ਵੱਡਾ ਹਥਿਆਰ**

ਪ੍ਰਧਾਨਮੰਤਰੀ ਨਰਿੰਦਰ ਮੋਦੀ ਨੇ ਮੁੱਖਮੰਤਰੀਆਂ ਨੂੰ ਸਲਾਹ ਦਿੱਤੀ ਕਿ ਹੋਮ ਆਈਸੋਲੇਸ਼ਨ ਨਾਲ ਜੁੜੇ ਦਿਸ਼ਾ ਨਿਰਦੇਸ਼ਾਂ ਨੂੰ ਸਰਕਾਰਾਂ ਜਾਰੀ ਕਰਦੀਆਂ ਰਹਿਣ ਤੇ ਸਮੇਂ-ਸਮੇਂ 'ਤੇ ਇਸ 'ਚ ਸੁਧਾਰ ਵੀ ਕਰਦੀਆਂ ਰਹਿਣ। ਇਸ 'ਚ ਟੈਸਟਿੰਗ, ਟ੍ਰੈਕਿੰਗ ਤੇ ਟ੍ਰੀਟਮੈਂਟ ਦੀ ਵਿਵਸਥਾ ਜਿੰਨੀ ਵਧੀਆਂ ਹੋਵੇਗੀ ਹਸਪਤਾਲਾਂ 'ਤੇ ਬੋਝ ਉਨਾਂ ਹੀ ਘੱਟ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਓਮੀਕ੍ਰੋਨ ਨਾਲ ਲੜਨ ਤੋਂ ਇਲਾਵਾ ਦੇਸ਼ ਨੂੰ ਆਉਣ ਵਾਲੇ ਹੋਰ ਵੇਰੀਐਂਟ ਨਾਲ ਲੜ੍ਹਨ ਲਈ ਵੀ ਤਿਆਰ ਰਹਿਣਾ ਹੋਵੇਗਾ। ਟੀਕਾਕਰਨ ਇਸ ਮਹਾਮਾਰੀ ਦਾ ਪ੍ਰਮੁੱਖ ਹਥਿਆਰ ਹੈ।

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਜਨਵਰੀ ਦੇ ਪਹਿਲੇ ਹਫ਼ਤੇ ਪੂਰੇ ਯੂਰਪ 'ਚ ਓਮੀਕ੍ਰੋਨ ਵੇਰੀਐਂਟ ਦੇ 70 ਲੱਖ ਤੋਂ ਵੱਧ ਨਵੇਂ ਮਾਮਲੇ ਸਾਹਮਣੇ ਆਏ ਹਨ, ਜੋ ਕੇਵਲ ਦੋ ਹਫ਼ਤੇ 'ਚ ਹੀ ਦੁੱਗਣੇ ਤੋਂ ਜਿਆਦਾ ਹੈ। ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਹੁਣ ਦੇਸ਼ਾਂ ਲਈ ਆਪਣੀ ਸਿਹਤ ਪ੍ਰਣਾਲੀ ਨੂੰ ਖਸਤਾ ਹਾਲ ਹੋਣ ਤੋਂ ਬਚਾਉਣ ਲਈ ਯਤਨ ਕਰਨੇ ਹੋਣਗੇ।

ਇਨਸਾਨਾਂ ਤੋਂ ਬਾਅਦ ਹੁਣ ਜਾਨਵਰਾਂ ਦੇ ਵੀ ਕੋਰੋਨਾ ਇਨਫੈਕਟਿਡ ਹੋਣ ਦੀਆਂ ਖਬਰਾਂ ਆ ਰਹੀਆਂ ਹਨ। ਕੋਰੋਨਾ ਵਾਇਰਸ ਦੇ ਓਮੀਕ੍ਰੋਨ ਵੇਰੀਐਂਟ ਕਾਰਨ ਵਧਦੀ ਇਨਫੈਕਸ਼ਨ ਦੌਰਾਨ ਹਾਂਗਕਾਂਗ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ। ਹਾਂਗਕਾਂਗ 'ਚ ਘੱਟੋ–ਘੱਟ 2000 ਹੈਮਸਟਰ (ਚੂਹੇ ਵਰਗੇ ਜੀਵ) ਕੋਰੋਨਾ ਇਨਫੈਕਟਿਡ ਪਾਏ ਗਏ ਹਨ। ਅਜਿਹੀ ਸਥਿਤੀ 'ਚ ਹਾਂਗਕਾਂਗ ਪ੍ਰਸ਼ਾਸਨ ਨੇ ਸਾਰੇ ਸੰਕਰਮਿਤ ਚੂਹਿਆਂ ਨੂੰ ਮਾਰਨ ਦਾ ਆਦੇਸ਼ ਜਾਰੀ ਕੀਤਾ ਹੈ।

BERKSHIRE HATHAWAY HomeServices

Karen Sandhu



REALTOR ®
DRE # 02166294
Drysdale Properties
3421 Brookside Rd., Ste. B
Stockton, CA 95219
209-276-5289
Karen.sandhu@bhhsdrysdale.com
www.karensandhu.bhhsdrysdale.com
An independently owned and operated member of BHH Affilates, LLC

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532 Houston St.
West Sacramento, CA 95691




Email: myfuturetruck@gmail.com

# ਸ੍ਰੀ ਬਿਹਾਰੀ ਲਾਲ ਚਾਹਲ ਨਹੀਂ ਰਹੇ



**ਕਿੰਗ ਸਿਟੀ (ਬਿਊਰੋ)** ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਬਿਹਾਰੀ ਲਾਲ ਚਾਹਲ ਲਗਭਗ 85 ਸਾਲ ਦੀ ਜੀਵਨ ਯਾਤਰਾ ਦਾ ਸਫਰ ਤਹਿ ਕਰਦਿਆਂ 14 ਜਨਵਰੀ 2022 ਨੂੰ ਅਕਾਲ ਚਲਾਣਾ ਕਰ ਗਏ। ਸ੍ਰੀ ਚਾਹਲ ਆਪਣੇ ਪਿੱਛੇ ਸੁਪਤਨੀ ਸ੍ਰੀਮਤੀ ਗੁਰਮੇਜ਼ ਕੌਰ ਤੋਂ ਇਲਾਵਾ ਦੋ ਸਪੁੱਤਰ ਸ੍ਰੀ ਅਮਰਦੀਪ ਚਾਹਲ ਅਤੇ ਸ੍ਰੀ ਲਖਦੀਪ ਚਾਹਲ ਤੇ ਉਹਨਾਂ ਦਾ ਸਮੂਹ ਪਰਿਵਾਰ ਤਿੰਨ ਸਪੁੱਤਰੀਆਂ, ਜਿਹਨਾਂ ਵਿਚ ਇਕ ਪਹਿਲਾਂ ਹੀ ਅਕਾਲ ਚਲਾਣਾ ਕਰ ਚੁੱਕੀ ਹੈ, ਤੋਂ ਇਲਾਵਾ ਦੋ ਪੋਤੇ ਤੇ 2 ਪੋਤੀਆਂ, 4 ਦੋਹਤੇ, 3 ਦੋਹਤੀਆਂ ਆਦਿ ਛੱਡ ਗਏ। ਇੱਥੇ ਇਹ ਵਰਣਨਯੋਗ ਹੈ ਕਿ ਸਵਰਗੀ ਸ੍ਰੀ ਬਿਹਾਰੀ ਲਾਲ ਚਾਹਲ ਬਹੁਤ ਨੇਕ ਦਿਲ ਇਨਸਾਨ ਸਨ। ਉਹ ਅੰਬੇਡਕਰੀ ਮਿਸ਼ਨ ਨਾਲ ਜੁੜੇ ਹੋਏ ਸਨ। ਉਹ ਉਰਦੂ, ਪੰਜਾਬੀ, ਹਿੰਦੀ ਆਦਿ ਪੜ੍ਹ-ਲਿਖ ਸਕਦੇ ਸਨ ਤੇ ਉਹ ਖੁਦ ਮਿਸ਼ਨਰੀ ਗੀਤ ਵੀ ਲਿਖਦੇ ਸਨ ਤੇ ਗਾ ਵੀ ਲੈਂਦੇ ਸਨ। ਉਹਨਾਂ ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ. ਅੰਬੇਦਕਰ ਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਸਾਹਿਬ ਕਾਂਸ਼ੀ ਰਾਮ ਜੀ ਵਿਚਾਰਾਧਾਰਾ ਦੇ ਧਾਰਨੀ ਅਤੇ ਇਕ ਵਧੀਆ ਬੁਲਾਰੇ ਸਨ। ਉਹਨਾਂ ਦਾ ਇਸ ਸੰਸਾਰ ਤੋਂ ਕੂਚ ਕਰ ਜਾਣਾ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਇਸ ਦੁੱਖ ਦੀ ਘੜੀ ਵਿਚ ਦੁਖੀ ਚਾਹਲ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਇਸ ਨੰਬਰ (ਵਟਸਐਪ)**
**(831) 776- 0135 (ਅਮਰਦੀਪ ਚਾਹਲ)**
**ਜਾਂ ਲਖਦੀਪ ਚਾਹਲ (831) 214 6294 ਨਾਲ ਸੰਪਰਕ ਕੀਤਾ ਜਾ ਸਕਦਾ ਹੈ।**

ਦੇਸ਼ ਦੁਆਬਾ

# Paying floral tribute to

## Dr. Martin Luther King Jr. on his Birth Anniversary

**Prem K. Chumber**

**Editor-in-Chief: www.ambedkartimes.com**

Dr. Martin Luther King was to America what Babasaheb Dr. B.R. Ambedkar and Mahatma Gandhi were to India. Dr. Martin Luther King, Jr., was born on January 15, 1929 in the illustrious family of pastors of the Ebenezer Baptist Church in Atlanta, where his grandfather and father served, and he himself served as co-pastor until his assassination on April 4, 1968.Originally, he was named Michael Luther King, Jr., but later changed his name to Martin. His was a time when coloured people were segregated from the mainstream. So he did his elementary studies in segregated public schools in Georgia; earned the Bachelor of Arts degree in 1948 from Morehous College, a reputed institution of Atlanta for the coloured people from which his father and grandfather had also graduated. He received Bachelor of Divinity (B.D.) degree in 1951 after putting in three years of theological study at Crozer Theological Seminary in Pennsylvania. At Crozer Theological Seminary, Dr. Martin Luther King, Jr., was elected president of a predominantly white senior class that speaks volumes of his scholarship and popularity among his peers. He received his PhD degree in 1955 from the Boston University, where he was enrolled in graduate studies on a fellowship won at Crozer.

After completing his doctorate, Dr. Martin Luther King, Jr., became active in the American civil rights movement. Soon he emerged its non-violent spokesperson and popular leader,and led the struggle from front until his assassination in 1968. He is known for his sterling contributions to American civil rights movement. In one of his most famous works – "I Have a Dream" speech delivered in 1963 during his historic march on Washington – he spoke of his dream of a United States that is free from segregation and racism. He played a crucial role in putting an end to racial segregation in the US and securing the rights of the black Americans. It was largely his peaceful struggle that can be credited for the passage of the Civil Rights Act of 1964 and the Voting Rights Act of 1965. The Civil Rights Act prohibited racial segregation and discrimination in the workplace. The Voting Rights Act granted African Americans right to vote. His vision of equality and civil disobedience was based on the ideals of Christianity and non-violent techniques ofMr. M.K. Gandhi who devised Satyagraha (truth-based method of peaceful resistance) to liberate India from the colonial rule the British. He led 382 days of bus boycott agitation that made the Supreme Court of the United States declare unconstitutional the laws forcing segregation on buses on December 21, 1956. During this more than a yearlong boycott, Dr. Martin Luther King, Jr., had to face personal abuse, arrests and his home was attacked. In the next eleven-year period of his struggleful life (1957-68), he completely devoted his life for the cause of equality, social justice and empowerment of the marginalised sections of the whole world. He "travelled over six million miles and spoke over twenty-five hundred times, appearing wherever there was injustice, protest, and action; and meanwhile he wrote five books as well as numerous articles" (Nobel Lectures, Peace 1951-1970, Editor Frederick W. Haberman, Elsevier Publishing Company, Amsterdam, 1972). He was the youngest man to be honoured with the Nobel Peace Prize at the age of thirty five.

**"Ambedkar Times" and "Desh Doaba"** Weeklies take immense pride in paying floral tribute this great son of the 'Land of Dreams' who devoted his whole life for the emancipation and empowerment of downtrodden.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-184

## ਗੁਰ ਪ੍ਰਤਾਪ ਸੂਰਜ ਬਾਰੇ ਸੰਖੇਪ ਤੇ ਅਹਿਮ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰ ਦਾ ਆਰਥ ਗਿਆਨ ਦਾਤਾ, ਪ੍ਰਤਾਪ ਦਾ ਤੇਜ, ਵਡਿਆਈ ਅਤੇ ਸੂਰਜ ਦਾ ਅਰਥ ਅਗਨ ਪ੍ਰਕਾਸ਼ ਦਾ ਸੋਮਾ। ਗੁਰ ਪ੍ਰਤਾਪ ਸੂਰਜ ਇਕ ਗ੍ਰੰਥ ਜੋ ਕਵੀ ਸੰਤੋਖ ਸਿੰਘ ਦਾ ਲਿਖਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਨੂਰ ਦੀ ਸਰਾਂ ਨਿਵਾਸੀ ਭਾਈ ਦੇਵਾ ਸਿੰਘ ਦੇ ਘਰ ਸੰਤੋਖ ਸਿੰਘ ਦਾ ਜਨਮ ਸੰਮਤ ੧੮੪੫ ਨੂੰ ਹੋਇਆ। ਇਹ ਬੜੇ ਵੱਡੇ ਪੰਡਿਤ ਸਨ। ਬੂੜੀਏ 'ਚ ਰਹਿ ਇਨ੍ਹਾਂ ਨੇ ਅਮਰ ਕੋਸ਼ ਦਾ ਅਨੁਵਾਦ ਕੀਤਾ, ਸੰਮਤ ੧੮੮੦ ਵਿੱਚ "ਗੁਰ ਨਾਨਕ ਪ੍ਰਕਾਸ਼" ਲਿਖਿਆ। ਇਸ ਤੋਂ ਬਾਅਦ ਮਹਾਂਰਾਜਾ ਕਰਮ ਸਿੰਘ ਪਟਿਆਲੇ ਪਾਸ ਨੌਕਰ ਰਹੇ ਤੇ ੧੮੮੨ ਵਿੱਚ ਕੈਂਥਲ ਪਤੀ ਉਦੈ ਸਿੰਘ ਨੇ ਇਨ੍ਹਾਂ ਨੂੰ ਆਪਣੇ ਪਾਸ ਰੱਖ ਲਿਆ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਇਥੇ ਰਾਜੇ ਦੇ ਨੌਕਰ ਪੰਡਿਤਾਂ ਦੀ ਸਹਾਇਤਾ ਨਾਲ ਬਹੁਤ ਪੁਸਤਕ ਲਿਖੇ ਤੇ "ਗੁਰ ਪ੍ਰਤਾਪ ਸੂਰਜ" ਗ੍ਰੰਥ ਰਚਿਆ ਜੋ ਸੰਮਤ ੧੯੦੦ ਦੇ ਸਾਵਨ ਮਹੀਨੇ ਸਮਾਪਤ ਹੋਇਆ। ਅੱਗੇ ਲਿਖਦੇ ਹਨ ਕਿ ਭਾਈ ਸਾਹਿਬ ਨੂੰ ਗੁਰਮਤ ਵਿੱਚ ਤਾਂ ਪੂਰੀ ਸ਼ਰਧਾ ਤੇ ਪ੍ਰੇਮ ਸੀ ਪਰ ਪੰਡਿਤਾਂ ਦੀ ਸੰਗਤਿ ਅਤੇ ਪ੍ਰੇਰਣਾ ਕਰਕੇ ਕਿ ਜੇ ਆਪ ਗੁਰੂਆਂ ਦੀ ਕਥਾ ਨੂੰ ਪੁਰਾਣ ਰੀਤੀ ਅਨੁਸਾਰ ਹਿੰਦੂ ਅਵਤਾਰਾਂ ਜਿਹੀ ਲਿਖੋਗੇ ਅਤੇ ਸ਼ਾਸ਼ਤ੍ਰਾਂ ਤੋਂ ਵਿਰੁੱਧ ਆਪ ਦੇ ਪੁਸਤਕ ਨਹੀਂ ਹੋਣਗੇ ਤਾਂ ਉਨ੍ਹਾਂ ਦਾ ਬਹੁਤ ਪ੍ਰਚਾਰ ਹੋਊ ਅਤੇ ਸਭ ਆਪ ਦੀ ਰਚਨਾ ਨੂੰ ਆਦਰ ਨਾਲ ਪੜ੍ਹਨਗੇ, ਇਸ ਲਈ ਕਈ ਥਾਂਈ ਟਪਲਾ ਖਾ ਗਏ ਹਨ। ਇਸ 'ਤੇ ਦਾਸ ਦੀ ਟਿਪਣੀ-ਇਸ ਨੂੰ ਟਪਲਾ ਖਾਣਾ ਕਹਿਣਾ, ਠੀਕ ਨਹੀਂ ਲਗਦਾ ਕਿਉਂਕਿ ਆਪ ਇਕ ਸੰਪ੍ਰਦਾਈ ਸਾਧਾਂ ਦੇ ਚੇਲੇ, ਦੂਜਾ ਇਨ੍ਹਾਂ ਨੇ ਸੂਰਜ ਪ੍ਰਕਾਸ਼ ਦਾ ਬੇਸ ਬਾਲੇ ਵਾਲੀ ਜਨਮ ਸਾਖੀ ਵਰਗੇ ਅੰਧਵਿਸ਼ਵਾਸ਼ੀ ਤੇ ਗੁਰੂ ਦੋਖੀਆਂ ਦੇ ਲਿਖੇ ਗ੍ਰੰਥਾਂ ਨੂੰ ਬਣਾਇਆ, ਤੀਜਾ ਆਪਣੀ ਵਿਦਵਤਾ, ਭੱਲ, ਅਸਰ ਰਸੂਕੀ, ਸ਼ੁਹਰਤ, ਪੈਸੇ ਅਤੇ ਵਡਿਆਈ ਨੂੰ ਮੁੱਖ ਰੱਖ ਕੇ, ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਗੁਰਸਿੱਖਾਂ ਦੇ ਇਤਿਹਾਸ ਤੇ ਅਕੀਦੇ ਨਾਲ ਧਰੋਅ ਕਮਾਇਆ, ਭਾਂਵੇਂ ਬਾਅਦ 'ਚ ਮੁਹਤਸਬੀ ਤੇ ਈਰਖ-ਾਵਾਦੀ ਬ੍ਰਾਹਮਣ, ਸੰਪ੍ਰਦਾਈ ਵਿਦਵਾਨਾਂ ਤੇ ਲਿਖਾਰੀਆਂ ਨੇ ਇਸ 'ਚ ਹੋਰ ਮਨ ਚਾਹਿਆ ਰਲਾ ਕਰ ਦਿਤਾ।

ਉਪ੍ਰੋਕਤ ਹਵਾਲਾ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤਿ ਮਾਰਤੰਡ ਦੇ ਪਹਿਲੇ ਭਾਗ ਵਿੱਚ ਦਿੱਤਾ ਹੈ ਜਿਸ ਦੀ ਵਿਚਾਰ ਕਰੀਏ ਤਾਂ ਪਤਾ ਲਗਦਾ ਹੈ ਕਿ ਕਵੀ ਸੰਤੋਖ ਸਿੰਘ ਬ੍ਰਾਹਮਣ ਮੁਹਤੱਸਬੀ ਬ੍ਰਾਹਮਣ ਪੰਡਿਤਾਂ ਦੇ ਪ੍ਰਭਾਵ ਥੱਲੇ, ਪੈਸੇ ਤੇ ਸ਼ੁਹਰਤ ਦੀ ਲਾਲਸਾ ਵਿੱਚ ਸੀ ਜਿਸ ਨੇ ਗੁਰ ਇਤਿਹਾਸ ਦੇ ਮਿੱਠੇ ਵਿੱਚ ਬਾਮਣਾਂ ਦੇ ਕਹੇ ਬ੍ਰਾਹਮਣਵਾਦ ਦਾ ਜ਼ਹਿਰ ਘੋਲ ਕੇ ਲਿਖਿਆ। ਇਕ ਨਹੀਂ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ ਜਿਵੇਂ ਦੇਵੀ ਦੇਵਤਿਆਂ ਦੀ ਪੂਜਾ ਪ੍ਰਤਿਸ਼ਟਾ ਅਤੇ ਅਨੇਕਾਂ ਅਣਹੋਣੇ ਅੰਧ ਵਿਸ਼ਵਾਸ਼, "ਗੁਰ ਪ੍ਰਤਾਪ" ਦੀ ਥਾਂ "ਬਾਮਣ ਪ੍ਰਤਾਪ" ਲਿਖ ਧਰਿਆ ਹੇਠਾਂ ਕੁਝ ਕੁ ਵਣਗੀਆਂ-

ਗੁਰੂ ਨਾਨਕ ਵਿਸ਼ਨੂੰ ਦਾ ਅਵਤਾਰ ਤੇ ਬੇਦੀ ਕੁਲ ਦੇ ਭੂਸ਼ਨ ਸਨ। ਉਹ ਕਿਸਾਨਾਂ ਦੀ ਖੇਤੀ ਉਜਾੜਦੇ ਸਨ। ਉਹ ਵੇਈਂ ਨਦੀ 'ਚ ਅਲੋਪ ਹੋ ਗਏ। ਰਬਾਬ 'ਤੇ ਚੜ੍ਹ ਉੱਪਰ ਉੱਡ ਗਏ। ਜਦ ਉਨ੍ਹਾਂ ਦੀ ਬਰਾਤ ਜਾ ਰਹੀ ਸੀ ਤਾਂ ਨਾਗਰ ਨਾਰੀਆਂ ਏਨੀਆਂ ਬਦਮਸਤ ਹੋ ਗਈਆਂ ਕਿ ਉਨ੍ਹਾਂ ਨੇ ਸਿਰਾਂ ਤੋਂ ਦੁਪੱਟੇ ਲਾਹ ਦਿੱਤੇ ਤੇ ਅੰਗੀਆਂ ਉਤਾਰ ਦਿੱਤੀਆਂ। ਉਨ੍ਹਾਂ ਦੇ ਘਰ ਦੋ ਬੱਚੇ ਬਿਨਾ ਗ੍ਰਿਹਸਤ ਕੀਤੇ ਦੋ ਲੌਂਗ ਦੇਣ ਨਾਲ ਹੋਏ। ਪੱਥਰ ਵਿੱਚ ਪੰਜਾ ਧੁਸਾ ਦਿੱਤਾ। ਸਿੱਧਾਂ ਨਾਲ ਅਕਾਸ਼ 'ਚ ਉੱਡ ਗਏ ਤੇ ਨਦੀ ਚੋਂ ਮੋਤੀਆਂ ਦੀ ਬਾਲਟੀ ਭਰ ਲਿਆਂਦੀ। ਮੱਕੇ ਦੀ ਇਮ-ਾਰਤ ਘੁਮਾ ਦਿੱਤੀ। ਮਾਸ ਦਾ ਕੜਾਹ ਪ੍ਰਸ਼ਾਦ ਬਣਾ ਦਿੱਤਾ। ਪਾਣੀ ਤੇ ਤੁਰੇ, ਕਿਕਰਾਂ ਤੋਂ ਮਠਾਈ ਝਾੜੀ। ਸੰਤੋਖ ਸਿੰਘ ਲਿਖਦਾ ਹੈ ਕਿ ਮਰਦਾਨਾਂ ਮਰਾਸੀ ਹਰ ਵੇਲੇ ਭੁੱਖੂੰ ਭੁੱਖੂੰ ਕਰਦਾ ਰਹਿੰਦਾ ਸੀ। ਉਸ ਨੂੰ ਯਾਦੂਗਰਨੀ ਨੇ ਭੇਡੂ ਬਣਾ ਦਿਤਾ। ਗੁਰੂ ਨਾਨਕ ਸਰੀਰ ਛੱਡਣ ਵੇਲੇ ਸਣ-ਦੇਹੀ ਅਲੋਪ ਹੋ ਗਏ। ਉਨ੍ਹਾਂ ਦੀ ਦਸਵੀਂ ਤੇ ਸਰਾਧ ਕੀਤਾ ਗਿਆ। ਬਾਬਾ ਅਮਰਦਾਸ ਪੁੱਠੇ ਪੈਰੀ ਚਲਦੇ, ਕਿੱਲੀ ਨਾਲ ਵਾਲ ਬੰਨ੍ਹ ਕੇ ਤਪਸਿਆ ਕਰਦੇ ਅਤੇ ਗੁਰੂ ਅੰਗਦ ਦਾ ਪੀਕ ਭਰਿਆ ਅੰਗੂਠਾ ਚੂਸਿਆ ਕਰਦੇ ਸਨ। ਸਿਰ ਤੋਂ ਦਸਤਾਰ ਨਹੀਂ ਸੀ ਖੋਲ੍ਹਦੇ ਜੋ ਸਿਰੋਪਾ ਮਿਲਦਾ ਉੱਤੇ ਉੱਤੇ ਮੰਨ੍ਹੀ ਜਾਂਦੇ, ਸਿਰ 'ਚ ਕਿਰਮ ਚੱਲ ਗਏ। ਗੁਰੂ ਅਰਜਨ ਵੇਲੇ ਪੁਰਾਤਨ ਭਗਤਾਂ ਨੇ ਆਪ ਆ ਕੇ ਬਾਣੀ ਲਿਖਾਈ। ਭਾਈ ਗੁਰਦਾਸ ਗੁਰੂ ਘਰ ਦਾ ਭਗੌੜਾ ਹੋ ਗਿਆ। ਗੁਰੂ ਪਦਵੀ ਮਿਲਣ ਤੋਂ ਪਹਿਲਾਂ ਨਾਨਕ ਨਾਮ ਹੇਠ ਗੁਰੂ ਅਰਜਨ ਨੇ ਬਾਣੀ ਲਿਖੀ। ਜਦ ਬਾਲਿਕ ਹਰਗੋਬਿੰਦ ਦੇ ਸੀਤਲਾ (ਚੇਚਕ, ਮਾਤਾ) ਨਿਕਲੀ ਤਾਂ ਗੁਰੂ ਅਰਜਨ ਨੇ ਵਿਸ਼ੇਸ਼ ਬ੍ਰਾਹਮਣ ਨੂੰ ਬੁਲਾ ਕੇ ਦੁਰਗਾ ਪੂਜਣ ਕਰਵਾਇਆ-ਗੁਰ ਅਰਜਨ ਤਬ ਦਿਜਬਰ ਬੁਲਾਇ। ਦੁਰਗਾ ਸੁ ਪਾਠ ਪਢਿਬੋ ਲਗਾਇ।।ਪੂਜਾ ਜੁ ਸੌਜ ਸਭਿ ਭੇਜਿ ਦੀਨ। ਸੰਪਟ ਸੁ ਪਾਠ ਪਢਤੇ ਪ੍ਰਬੀਨ।।ਹੋਇ ਮਾਤ ਸੀਤਲਾ ਬਹੁ ਪ੍ਰਸੰਨ। ਮਮ ਪੁਤ੍ਰ ਰੱਛ ਹੋ ਸੁਖ ਸਪੰਨ॥੪੨॥(ਸੂਰਜ ਪ੍ਰਕਾਸ਼ ਰਾਸਿ ੩ ਅੰਸੂ ੧੨) ਸੂਰਜ ਪ੍ਰਕਾਸ਼ ਦੀ ਰਾਸਿ ੩ ਅੰਸੂ ੭ ਵਿੱਚ ਸੰਤੋਖ ਸਿੰਘ ਲਿਖਦਾ ਹੈ ਕਿ ਖਾਲਸਾ ਪੰਥ ਸਾਜਨ ਵੇਲੇ ਗੁਰੂ ਗੋਬਿੰਦ ਸਿੰਘ ਨੇ ਚੰਡੀ ਦੇਵੀ (ਦੁਰਗਾ) ਦਾ ਪੂਜਨ ਕੀਤਾ-ਏਕ ਅਰਾਧਨ ਚੰਡਿਕਾ ਭਏ ਪਰਾਯਨ ਧੀਰ। ਬਿਦਤਹਿ ਦੈਬੇ ਹੇਤੁ ਬਰ ਪੰਥ ਕਰਨ ਕੋ ਬੀਰ॥੪੧॥

ਦੇਵੀ ਚੰਡਿਕਾ ਦੀ ਜੈ ਜੈ ਕਾਰ ਕੀਤੀ-ਜੈ ਜੈ ਅਸਟ ਬਲ ਵਾਲੀ। ਜੈ ਜੈ ਭੀਮਾਂ ਮੁੰਡਨਿ ਮਾਲੀ॥੨੪॥ ਛੂਟੈ ਸਿਰ ਪਰ ਬਾਲ ਬਿਸਾਲੀ। ਜੈ ਜੈ ਰਣ ਮਹਿ ਰੂਪ ਕਰਾਲੀ॥੨੫॥ (ਅੰਸੂ ੧੦) ਡੇਡ ਪਹਿਰ ਦਿਨ ਕੇ ਰਹੇ ਨੌਮੀ ਆਦਿਤ ਵਾਰ। ਚੇਤ ਮਾਸ ਪੱਖ ਸ਼ੁਕਲ ਮਹਿ ਬਿਦਤੀ ਜਗਤ ਅਧਾਰ॥੧॥ ਕੇਸੋ ਪੰਡਿਤ ਨੂੰ ਸੱਦ ਹਵਨ ਕਰਾਇਆ, ਭੋਜਨ ਖਵਾਇ ਕੇ ਦੱਸ਼ਨਾ ਦਿੰਦੇ ਬਿਪਰ ਦਾ ਧੰਨਵਾਦ ਕੀਤਾ-ਬਿਪ੍ਰ ਤੁਹਾਰੀ ਕਰੁਣਾ ਪਾਇ। ਕਾਰਜ ਸਿੱਧ ਭਏ ਸਮੁਦ-ਾਇ।੩੬।(ਅੰਸੂ੧੧) ਸਾਦਰ ਬਹੁਰ ਅਹਾਰ ਖਵੱਯਾ। ਦੱਖਨਾ ਲੱਖ ਸਵਾ ਸੁ ਰਪੱਯਾ।੪੫॥

ਅਖੌਤੀ ਗੁਰ ਪ੍ਰਤਾਪ ਸੂਰਜ ਰੁਤ ੩, ਅੰਸੂ ੪ ਵਿੱਚ ਛੇਵੈ ਗੁਰੂ ਨੂੰ ਵਿਲਾਸੀ ਤੇ ਨਸ਼ੇੜੀ ਲਿਖਦਾ ਹੈ-ਬਹੁ ਰਗੜ ਬਿਦਾਮਨ ਸਹਿਤ ਭੰਗ। ਏਲਾ ਲਵੰਗ ਮਿਰਚਾਨਿ ਕਾਰਿ। ਮੇ-ਲਿਯੋ ਗੁਲਾਬ ਬਿਚ ਸਰਦ ਬਾਰਿ॥੭॥ ਜੁਤਿ ਛਤ੍ਰਧਾਰਿ (ਅਫੀਮ) ਸਤਿਗੁਰ ਛਕਾਇ॥੮॥ ਰੁਤ-੩ ਦੇ ਅੰਸੂ ੨੧ 'ਚ ਸੰਤੋਖ ਸਿੰਘ ਲਿਖਦਾ ਹੈ ਕਿ ਦਸਮੇਸ਼ ਨੇ ਆਖਿਆ ਕਿ ਮੈ ਆਪਣੇ ਪੰਥ 'ਚ ਕੋਈ ਸੋਫੀ ਸੂਮ ਨਹੀ ਰਹਿਣ ਦੇਣੇ-ਸੋਫੀ ਸੂਮ ਪੰਥ ਨਹਿ ਰਾਖਨ॥੩੮॥ ਯਾਂ ਤੇ ਸ੍ਰੀ ਮੁਖਬਾਕ ਉਚਾਰਾ।ਹੁਇ ਸੁਖੇ ਕੀ ਦੇਗ ਉਦਾਰਾ। ਸਿੰਘ ਹੋਇ ਜਬਿ ਅਯੁਧ ਧਾਰੀ। ਮਾਦਕ (ਨਸ਼ਾ) ਚਾਹੀਯਤਿ ਅਨੰਦ ਮਝਾਰੀ॥੩੯॥ ਅੱਗੇ ਕਹਿੰਦੇ ਹਨ ਕਿ-ਸਭ ਮਾਦਿਕ ਤੇ ਬਿਜੀਆ ਆਛੀ। ਕਯੋਂਕਿ ਮਹੇਸ਼ ਆਦਿ ਇਹੁ ਬਾਂਛੀ॥੪੦॥ ਰੁਤ ੬ ਅੰਸੂ ੪੪ 'ਚ ਦਸ਼ਮੇਸ਼ ਨੇ ਗੁਲਾਬੇ ਮਸੰਦ ਨੂੰ ਕਿਹਾ-ਸੁਖਾ ਮਿਰਚਾਂ ਆਨ ਉਦਾਰਾ॥।। ਥੋਰਾ ਹੁਤੋ ਤਯਾਰ ਕਰ ਦਯੋ।।ਹੁਇ ਪ੍ਰਸੰਨ ਬਰ ਦੇਵਤਿ ਜੋਵੈਂ। ਪੰਥ ਖਾਲਸੇ ਮਹਿ ਤੁਮ ਹੋਵੈਂ॥੪੩॥

ਲੋਕ ਰੀਤੀ ਅਤੇ ਗੁਰਮਤਿ ਵਿਰੁੱਧ-ਗੁਰ ਪ੍ਰਤਾਪ ਸੂਰਜ ਦੀ ਰੁਤ ੧ ਅੰਸੂ ੧੩ ਵਿੱਚ ਦਸ਼ਮੇਸ਼ ਦਾ ਮਾਤਾ ਜੀਤੋ ਨਾਲ ਵਿਆਹ ਬਾਮਣੀ ਰੀਤ-ਪੂਜਤਿ ਨਵ ਗ੍ਰਿਹ ਗਣਪਤਿ ਸਾਥ। ਕਹੈਂ ਕ੍ਰਿਤ ਠਾਨਹਿ ਗੁਰੁ ਨਾਥ। ਪੁਨ ਬੇਦੀ ਮਹਿ ਰਾਖ ਹੁਤਾਸਨ। ਡਾਰਤ ਸਰਪੀ ਕੀਨਿ ਪ੍ਰਕਾਸ਼ਨਿ॥੨੭॥ ਤੁਰਤ ਪਰੋਸਯੋ ਚਤੁਰਨ ਚਾਰੂ। ਖਾਨ ਲਗੁ ਬਰ ਸਵਾਦ ਅਹਾਰੂ। ਨਾਰੀ ਦੇਤ ਗਾਰਿ (ਗਾਲੀਆਂ) ਬਿਚ ਗੀਤ। ਸਭਿਨਿ ਸੁਨਾਵਤ ਸੁੰਦਿਰ ਰੀਤਿ॥੪੨॥

ਇਤਿਹਾਸ ਵਿਰੁੱਧ-ਗੁਰਬਿਲਾਸ ਪਾ: ੬ਵੀਂ 'ਚ ਲਿਖਿਆ ਹੈ ਕਿ ਗੁਰੂ ਨਾਨਕ ਨੇ ਤਿਮੂਰ ਗਡਰੀਏ ਨੂੰ ਆਖਿਆ-ਕਛੂ ਭਾਂਗ ਹਮ ਕਉ ਲਯਾ ਦੇਵੋ। ਪਾਛੈ ਜੋ ਮਾਂਗੋ ਸੋ ਲੇਵੋ॥੧੧੧॥ ਐਸੇ ਮੁਸ਼ਟਾਂ ਭਾਂਗ ਕੀ ਤਿਮਰ ਸਾਤ ਜਬ ਪਾਇ। ਸਤ ਪਾਤਸ਼ਾਹੀ ਸਾਥ ਹੀ ਸ੍ਰੀ ਗੁਰ ਮੁਖਹੁ ਅਲਾਇ॥੧੧੪॥ ਤੈਸੇ ਸਾਤ ਸੀਸ ਨਿਜ ਦੇਵੋਂ। ਤਉ ਪਾਤਸ਼ਾਹੀ ਇਨ ਤੇ ਲੇਵੋਂ॥੧੨੩॥ ਜਨਮਸਾਖੀ ਵਾਲਿਆਂ ਨੇ ਇਹ ਕਥਾ ਬਾਬਰ ਨਾਲ ਜੋੜ ਦਿੱਤੀ ਜੋ ਤੈਮੂਰ ਤੋਂ ਛੇਵੀਂ ਪੀੜੀ ਸੀ। ਕੀ ਦੂਰ ਅੰਦੇਸ਼ ਗੁਰੂ ਜੀ ਸੱਤ ਮੁੱਠਾਂ ਭੰਗ ਦੇ ਭਾੜੇ ਪਾਤਸ਼ਾਹੀ ਦੇ, ਫਿਰ ਸੱਤ ਸਿਰ ਦੇ ਕੇ ਲੈਣਗੇ ਇਸ 'ਚ ਗੁਰੂ ਜੀ ਨੂੰ ਨਸ਼ਈ ਤੇ ਮੂਰਖ ਦਿਖਾਇਆ ਹੈ? ਸੰਤੋਖ ਸਿੰਘ ਲਿਖਦਾ ਹੈ ਕਿ ਜਦ ਗੁਰੂ ਅਰਜਨ ਸਾਹਿਬ ਬੀੜ ਤਿਆਰ ਕਰਵਾ ਰਹੇ ਸਨ ਤਦ ਗੁਪਤ ਰੂਪ 'ਚ ਭਗਤ ਬਾਣੀ ਦਰਜ ਕਰਵਾਉਣ ਆਏ ਜਿੰਨ੍ਹਾਂ ਨੂੰ ਭਾਈ ਗੁਰਦਾਸ ਵੀ ਨਾ ਦੇਖ ਸੱਕੇ(ਗੁਰੁ ਪ੍ਰਤਾਪ ਸੂਰਜ ਰਾਸ ੩ ਅਧਿਆਇ ੪੨) ਟਿਪਣੀ-ਪਰ ਜੋ ਪੋਥੀਆਂ ਗੁਰੂ ਜੀ ਮੋਹਨ ਜੀ ਪਾਸੋਂ ਲੈ ਕੇ ਆਏ ਸਨ ਉਨ੍ਹਾਂ 'ਚ ਭਗਤ ਬਾਣੀ ਪਹਿਲੇ ਹੀ ਦਰਜ ਸੀ ਜੋ ਗੁਰੂ ਨਾਨਕ ਸਾਹਿਬ ਨੂੰ ਪ੍ਰਚਾਰਕ ਫੇਰੀਆਂ ਵੇਲੇ ਭਗਤਾਂ ਤੇ ਉਨ੍ਹਾਂ ਦੇ ਅਨੁਯਾਈਆਂ ਤੋਂ ਪ੍ਰਾਪਤ ਹੋਈ ਸੀ। ਗੁਰ ਪ੍ਰਤਾਪ ਸੂਰਜ 'ਚ ਲਿਖਿਆ ਹੈ ਕਿ ਬ੍ਰਹਮਾਂ ਅਤੇ ਵੇਦ ਸਰਾਪ ਦੇ ਕਾਰਣ ਮਨੁੱਖ ਦੇਹ ਵਿੱਚ ਭੱਟ ਹੋ ਕੇ, ਗੁਰੂ ਅਰਜਨ ਜੀ ਪਾਸ ਆਏ-ਇਕ ਇਕ ਬੇਦ ਚਤੁਰ ਬਪੁ ਧਾਰੇ-ਪੂਰਬ ਸ਼ਯਾਮ ਬੇਦ ਕੇ ਇਹ ਭੇ ਮਥੁਰਾ, ਜਾਲਪ, ਬੱਲ, ਹਰਬੰਸ। ਪੁੰਨ ਰਿਗਵੇਦ ਕਲਯ, ਜੱਲ, ਨੱਲ ਤੈ ਕਲਸਹਾਰ ਚੌਥੇ ਗਿਨਿ ਅੰਸ। ਭਏ ਜੁਜਰ ਕੇ ਟੱਲ, ਸੱਲ ਪੁਨਿ ਮੱਲ, ਭੱਲ ਉਪਜੇ ਦਿਜ ਬੰਸ॥੧੦॥ ਬਹੁਰ ਅਥਰਬਣ, ਦਾਸ ਅਰ ਕੀਰਤਿ ਮਨਿ ਗਇੰਦ ਸਦਰੰਗ ਸੁ ਚਾਰ। ਕਲਲਾਸਨ ਕਉ ਭਿੱਖਾ ਨਾਮ ਸੁ ਇਹ ਸਭ ਤੇ ਭਾ ਅਦਿਕ ਉਦਾਰ।(ਗੁ,ਪ੍ਰ।ਸੂ, ਰਾਸ-੩ ਅੰਸੂ-੪੮) ਇਵੇਂ ਹੀ ਰਾਗਾਂ ਬਾਰੇ ਲਿਖਿਆ ਹੈ ਕਿ ਉਹ ਦੇਹ ਧਾਰ ਕੇ ਆਏ, ਉਨ੍ਹਾਂ ਦੀ ਬੇਨਤੀ ਮੰਨ "ਰਾਗਮਾਲਾ" ਰਚੀ। ਭਾਈ ਕਾਨ੍ਹ ਸਿੰਘ ਇਸ ਤੇ ਟਿਪਣੀ ਕਰਦੇ ਲਿਖਦੇ ਹਨ ਕਿ ਰਾਗ ਇਕ ਸਵਰ ਰਚਨਾ ਕਾਵਿ ਬੰਦਸ਼ ਹੈ ਨਾ ਕਿ ਮਨੁੱਖਾ ਸਰੀਰ।

ਕਵੀ ਸੰਤੋਖ ਸਿੰਘ ਇਕ ਥਾਂ ਲਿਖਦੇ ਹਨ ਕਿ-ਸਤਿਗੁਰ ਕੀ ਮਰਜੀ ਲਈ ਬਿਸ਼ਨ ਸਿੰਘ ਮਹੀਪਾਲ।ਕਰਯੋ ਕੂਚ ਆਗੈ ਚਲਯੋ ਲਖਹਿ ਮੁਹਿਮ ਬਿਸਾਲ। (ਗੁ। ਪ੍ਰ,ਸੂ ਰਾਸ ੧੩, ਅੰਸੂ ੩) ਪਰ ਇਹ ਗਪੌੜ ਹੈ ਕਿਉਂਕਿ ਰਾਜਾ ਬਿਸਨ ਸਿੰਘ ਗੁਰੂ ਤੇਗ ਬਹਾਦਰ ਦੇ ਕਾਮਰੂਪ (ਅਸਾਮ) ਜਾਣ ਸਮੇ ਜੰਮਿਆ ਵੀ ਨਹੀਂ ਸੀ। ਮਿਰਜਾ ਜੈ ਸਿੰਘ ਪਿਛੋ ਰਾਮ ਸਿੰਘ ਗੱਦੀ ਤੇ ਬੈਠਾ ਬਾਦਸ਼ਾਹ ਵੱਲੋਂ ਇਸ ਨੂੰ "ਚਾਰ ਹਜਾਰੀ" ਦਾ ਖਿਤਾਬ ਮਿਲਿਆ ਤੇ ਅਸਾਮ ਦੀ ਮੁਹਿਮ ਤੇ ਭੇਜਿਆ। ਨੌਵੇਂ ਗੁਰੂ ਨੂੰ ਇਹ ਨਾਲ ਲੈ ਗਿਆ। ਰਾਜਾ ਰਾਮ ਸਿੰਹ ਦੇ ਮਰਣ ਪਿੱਛੋਂ ਬਿਸ਼ਨ ਸਿੰਹ ਗੱਦੀ ਤੇ ਬੈਠਾ(ਕਰਨਲ ਜੈਮਲ ਟਾਡ) ਹੋਰ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਨੂੰ ਸੰਤੋਖ ਸਿੰਘ ਵਜ਼ੀਦ ਖਾਂ ਲਿਖਦਾ ਹੈ-ਖਾਨ ਵਜੀਦੇ ਨੈਨ ਤਰੇਰੇ। ਡਰਤਿ ਨਹੀ ਕਿਮ ਕਹੈ ਕਰੇਰੇ।ਇਨ ਕਉ ਅਬ ਦੈ ਹੈਂ ਮਰਵਾਇ।(ਗੁ। ਪ੍ਰ। ਸੂ, ਰੁਤਿ ੬ ਅੰਸੂ ੫੧) ਇਸੇ ਸੂਰਜ ਪ੍ਰਕਾਸ਼ 'ਚ ਮਾਈ ਭਾਗੋ ਨੂੰ ਸਾਰੀ ਉਮਰ ਗੁਰੂ ਗੋਬਿੰਦ ਸਿੰਘ ਨਾਲ ਮਸਤੀ 'ਚ ਆ ਅਲਫ ਨੰਗੀ ਰਹਿੰਦੀ ਦਰਸਾਇਆ ਹੈ।

ਯੁਕਤੀ ਵਿਰੁੱਧ-ਕੀੜਾ ਥਾਪ ਦੇ ਪਾਤਸ਼ਾਹੀ ਲਸ਼ਕਰ ਕਰੇ ਸੁਆਹ॥ ਦੇ ਗਲਤ ਅਰਥ ਕਿ ਗੁਰੂ ਨਾਨਕ "ਕੀੜ ਨਗਰ" ਗਏ ਓਥੇ ਕੀੜਿਆ ਦਾ ਹੀ ਰਾਜ ਸੀ। ਗੁਰੂ ਜੀ ਤੋਂ ਸਿਖਾਂ ਨੇ ਕੁੰਭ ਦਾ ਮਹਾਤਮ ਪੁੱਛਿਆ ਤਾਂ ਗੁਰੂ ਨੇ ਫੁਰਮਾਇਆ-ਕੁੰਭੇ ਬਧਾ ਜਲ ਰਹੈ ਜਲ ਬਿਨੁ ਕੁੰਭੁ ਨ ਹੋਇ॥(ਮ:੧-੪੬੯) ਮੱਕੇ 'ਚ ਵਿਸ਼ਨੂੰ ਦੀ ਮੂਰਤੀ ਮੂਧੀ ਪਈ ਸੀ ਜੋ ਗੁਰੂ ਸਾਹਿਬ ਨੇ ਸਿੱਧੀ ਕੀਤੀ। ਇੱਥੇ ਗੁਰੂ ਜੀ ਨੂੰ ਮੂਰਤੀ ਪੂਜਕ ਬਣਾਇਆ ਗਿਆ। ਭਾਈ ਕਾਨ੍ਹ ਸਿਖ ਲਿਖਦੇ ਹਨ ਕਿ ਹੁਣ ਪਤਾ ਨਹੀ ਉਹ ਮੂਰਤੀ ਕਵੀ ਦੇ ਘਰ ਹੈ ਜਾਂ ਮੱਕੇ ਵਿੱਚ ਹੀ ਫੇਰ ਮੂਧੀ ਪਈ ਹੈ? ਗੁਰੂ ਸਾਹਿਬ ਨੇ ਕਿਹਾ ਕਿ ਮੁਸਲਮਾਨ ਸੂਰ ਇਸ ਕਰਕੇ ਨਹੀਂ ਖਾਂਦੇ ਕਿ ਵਿਸ਼ਨੂੰ ਨੇ ਵੈਰਾਹ ਅਵਤਾਰ ਧਾਰਨ ਕੀਤਾ ਸੀ ਕਿੰਨਾਂ ਝੂਠ ਹੈ ਜਦ ਕਿ ਮੁਸਲਿਮ ਕਲਪਿਤ ਹਿੰਦੂ ਅਵਤਾਰਾਂ ਨੂੰ ਨਹੀਂ ਮੰਨਦੇ।

ਸੂਰਜ ਪ੍ਰਕਾਸ਼ ਗ੍ਰੰਥ ਬਾਰੇ ਪ੍ਰਸਿੱਧ ਮਿਸ਼ਨਰੀ ਵਿਦਵਾਨ ਭਾਈ ਪ੍ਰਕਾਸ਼ ਸਿੰਘ ਫੀਰੋਜਪੁਰੀ ਦੇ ਵਿਚਾਰ ਜੋ ਉਨ੍ਹਾਂ ਨੇ ਫੇਸ ਬੁੱਕ ਤੇ ਪਾਏ ਸਨ-ਸੂਰਜ ਪ੍ਰਕਾਸ਼ (ਗੁਰ ਪ੍ਰਤਾਪ ਸੂਰਜ ਗ੍ਰੰਥ) ਮਨਘੜਤ 'ਕੂੜ ਕਬਾੜ ਕਹਾਣੀਆਂ ਨਾਲ ਭਰਿਆ ਹੋਇਆ ਹੈ। ਕਵੀ ਸੰਤੋਖ ਸਿੰਘ ਮਨਘੜਤ ਕਹਾਣੀ ਨੂੰ ਰੌਚਿਕ ਬਣਾਉਂਦਾ ਹੈ। ਗੁਰੂ ਸਾਹਿਬਾਂ ਨਾਲ ਬਹੁਤ ਗਲਤ ਕਹਾਣ-ਿਆਂ ਜੋੜਦਾ ਹੈ। ਕਦੇ ਗੁਰੂ ਨਾਨਕ ਜੀ ਨੂੰ ਜਨੇਊ ਪਵਾਉਂਦਾ ਹੈ। ਕਦੇ ਬਾਲਕ ਹਰਗੋਬਿੰਦ ਸਾਹਿਬ ਜੀ ਦੇ ਚੇਚਕ ਜਾ ਸੀਤਲਾ ਹੋਣ ਤੇ ਗੁਰੂ ਅਰਜਨ ਸਾਹਿਬ ਜੀ ਨੇ ਦੇਵੀ ਪੂਜਾ ਕੀਤੀ। ਕਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਨੈਣਾਂ ਦੇਵੀ ਦੀ ਪੂਜਾ, ਕਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਫੀਮ ਤੇ ਭੰਗ ਤੱਕ ਦੇ ਨਸ਼ੇ ਕਰਨ ਵਾਲਾ ਲਿਖਦਾ ਹੈ! ਦਸੋ ਇਹੋ ਜਿਹੀ ਰਚਨਾ ਨੂੰ ਇਤਿਹਾਸ ਕਿਵੇਂ ਮੰਨ ਲਯੀਏ??? ਥਾਂ ਥਾਂ ਤੇ ਲਿਖਦਾ ਹੈ ਕਿ ਗੁਰੂ ਸਾਹਿਬ ਜੀ ਮਨ ਵਿੱਚ ਏਦਾਂ ਸੋਚ ਰਹੇ ਨੇ! ਕੀ ਉਹ ੧੫੦ ਸਾਲ ਬਾਅਦ ਗੁਰੂ ਸਾਹਿਬ ਜੀ ਦੇ ਮਨ ਵਿੱਚ ਵੜ ਕੇ ਦੇਖਦਾ ਸੀ ਕਿ ਗੁਰੂ ਸਾਹਿਬ ਜੀ ਕੀ ਸੋਚ ਰਹੇ ਨੇ?

ਨੋਟ-ਅਖੌਤੀ ਸੂਰਕ ਪ੍ਰਕਾਸ਼ ਵਿੱਚ ਜਾਤ-ਪਾਤ, ਛੂਆ-ਛਾਤ, ਵਰਣਵੰਡ, ਦੇਵੀ ਦੇਵਤੇ, ਕੁਲਾਂ ਨੂੰ ਮਹਾਨਤਾ, ਬ੍ਰਾਹਮਣੀ ਕਰਮਕਾਂਡ, ਅੰਧਵਿਸ਼ਵਾਸ਼, ਡੇਰੇ ਸੰਪ੍ਰਦਾਵਾਂ, ਗੁਰੂ ਸਾਹਿਬਾਨਾਂ ਦੇ ਬੇਦੀ ਰੀਤੀਆਂ ਨਾਲ ਜਨਮ, ਵਿਆਹਾ ਤੇ ਮਰਨ, ਮੱਸਿਆ, ਪੁੰਨਿਆਂ, ਸੰਗ੍ਰਾਂਦਾਂ, ਪੰਚਕਾਂ, ਦਿਸ਼ਾ ਭਰਮ, ਧਰਤੀ ਸੁੱਤੀ, ਕੰਨਿਆਂ ਦਾਨ, ਔਰਤ ਸ਼ੂਦਰ, ਚੌਥੇ ਪੌੜੇ, ਰੁੱਖਾਂ, ਬਿਰਖਾਂ, ਅੱਗ, ਪੌਣ, ਪਾਣੀ, ਸਰੋਵਰਾਂ, ਮੜੀ ਮੱਠ, ਜਠੇਰੇ ਆਦਿ ਪੂਜਨ, ਬ੍ਰਾਹਮਣ ਤੋਂ ਚੰਗੇ ਮਾੜੇ ਦਿਨਾਂ ਬਾਰੇ ਪੁੱਛਣ, ਸਾਹੇ-ਮਹੂਰਤਾਂ ਕਢਾਉਣ, ਤੰਤ੍ਰ, ਮੰਤ੍ਰ, ਜੰਤ੍ਰ ਜਾਪਾਂ, ਤਰ੍ਹਾਂ ਤਰ੍ਹਾਂ ਦੇ ਸੰਪਟ ਆਦਿਕ ਪਾਠਾਂ, ਧੂਪਾਂ, ਦੀਪਾਂ, ਸਮੱਗਰੀਆਂ, ਭੂਤਾਂ-ਪ੍ਰੇਤਾਂ, ਕਰਾਮਾਤਾਂ, ਅਣਹੋਣੀਆਂ ਬਾਤਾਂ, ਭੇਖਾਂ, ਨਸ਼ਿਆਂ, ਸਾਧਾਂ, ਸੰਤਾਂ, ਸੰਪ੍ਰਦਾਈ ਡੇਰੇਦਾਰਾਂ ਨੂੰ ਬੜਾਵਾ ਦਿੰਦੇ ਗੁਰਬਾਣੀ ਦੇ ਅਰਥ ਵੀ ਸਨਾਤਨਤਾ ਦੇ ਅਧਾਰ ਤੇ ਕਰਦੇ ਪੂਰੀ ਸੰਪ੍ਰਦਾਈ ਰੰਗਤ ਦਿੱਤੀ ਗਈ ਹੈ। ਹੋਰ ਵੀ ਬਹੁਤ ਕੁਝ ਹੈ ਜੋ ਇਨਸਾਨੀਅਤ ਅਤੇ ਸਿੱਖੀ ਦੇ ਵਿਰੁੱਧ ਹੈ। ਇਸ ਲਈ ਇਹ ਨਾਂ ਦਾ ਹੀ "ਸੂਰਜ ਪ੍ਰਕਾਸ਼" ਹੈ ਇਸ ਨੂੰ ਤਾਂ ਸਗੋਂ "ਅੰਧੇਰ ਫੈਲਾਸ਼" ਕਹਿਣਾ ਜਿਆਦਾ ਢੁੱਕਦਾ ਹੈ। ਇਸ ਗ੍ਰੰਥ ਦਾ ਪੂਰਾ ਨਾਂ ਤਾਂ "ਗੁਰ ਪ੍ਰਤਾਪ ਸੂਰਜ" ਹੈ ਪਰ ਆਮ ਕਥਾਵਾਚਕਾਂ ਨੇ "ਸੂਰਜ ਪ੍ਰਕਾਸ਼" ਮਸ਼ਹੂਰ ਕਰ ਦਿਤਾ ਹੈ। ਬਹੁਤੇ ਵਿਦਵਾਨ ਕਥਾਵਾਚਕ ਇਸ ਦੀਆਂ ਖਾਂਮੀਆਂ ਨੂੰ ਜਣਦੇ ਬੁਝਦੇ ਵੀ ਸੰਗਤਾਂ 'ਚ ਨਸ਼ਰ ਨਹੀਂ ਕਰ ਰਹੇ ਕਿਉਂਕਿ ਉਨ੍ਹਾਂ ਦੀ ਰੋਜੀ ਰੋਟੀ ਇਸ ਦੀ ਕਥਾ ਨਾਲ ਜੁੜੀ ਹੋਈ ਹੈ।

ਸ਼੍ਰੋਮਣੀ ਕਮੇਟੀ ਜੋ ਸਿੱਖਾਂ ਦੀ ਪ੍ਰਮੁੱਖ ਸੰਸਥਾ ਮੰਨੀ ਜਾਂਦੀ ਹੈ ਜਿਸ ਨੇ ਗ੍ਰੰਥਾਂ 'ਚ ਮਨਮੱਤਾਂ, ਅੰਧਵਿਸ਼ਵਾਸ਼ਾਂ, ਜਾਤ-ਪਾਤ, ਬ੍ਰਾਹਮਣੀ ਰਹੁ ਰੀਤਾਂ ਬ੍ਰਾਂਹਮਣਵਾਦ ਬਲਕਿ ਉਪ੍ਰੋਕਤ ਬਿਆਨ ਕੀਤੇ ਗਏ ਕੂੜ-ਕਬਾੜ ਨੂੰ ਇਤਿਹਾਸਕ ਗ੍ਰੰਥਾਂ ਚੋਂ ਕੱਢਣਾ ਸੀ ਉਹ ਚੋਰ ਤੇ ਕੁੱਤੀ ਰਲ ਜਾਣ ਵਾਂਗ ਬਾਦਲੀ ਬ੍ਰਾਹਮਣਾਂ ਤੇ ਧੁੰਮੇ ਵਰਗੇ ਡੇਰੇਦਾਰ ਸੰਪ੍ਰਦਾਈ ਸਾਧਾਂ ਸੰਤਾਂ ਨਾਲ ਰਲ ਚੁੱਕੀ ਹੈ। ਇਸ ਦੀ ਦੇਖ ਰੇਖ ਵਿੱਚ ਇਤਿਹਾਸਕ ਤੇ ਗੁਰਬਾਣੀ ਦੇ ਪੁਰਾਤਨ ਗ੍ਰੰਥ ਸਸਕਾਰ ਦੇ ਨਾਂ ਤੇ ਸਾੜੇ ਜਾ ਰਹੇ ਹਨ। ਇਤਿਹਾਸਕ ਇਮਾਰਤਾਂ ਸੋਮਿਆਂ ਨੂੰ "ਮਾਰ ਸੇਵਾ" ਨਾਲ ਆਏ ਦਿਨ ਤੋੜਿਆ ਜਾ ਰਿਹਾ ਹੈ। ਜੇ ਕੋਈ ਪ੍ਰਚਾਰਕ ਹੌਂਸਲਾ ਕਰਕੇ "ਸ਼ਬਦ ਗੁਰੂ ਗ੍ਰੰਥ" ਦੀ ਸਿ-ਧਾਂਤਕ ਕਸਵੱਟੀ ਤੇ ਅਖੌਤੀ ਸੰਤਾਂ ਤੇ ਗ੍ਰੰਥਾਂ ਦੇ ਕੂੜ ਕਬਾੜ ਨੂੰ ਗ੍ਰੰਥਾਂ ਚੋਂ ਕੱਢਣ ਦੀ ਗੱਲ ਕਰਦੈ ਤਾਂ ਉਸ ਨੂੰ ਪੰਥ ਚੋਂ ਛੇਕਣ ਤੇ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਹੁਣ ਇਲੈਕਟ੍ਰੌਨਿਕ ਮੀਡੀਏ ਕਰਕੇ ਆਮ ਜਨਤਾ ਨੂੰ ਵੀ ਇਨ੍ਹਾਂ ਅਖੌਤੀ ਸੰਤਾਂ ਤੇ ਗ੍ਰੰਥਾਂ 'ਚ ਰਲੇ ਜਾਂ ਰਲਾ ਦਿੱਤੇ ਗਏ ਜ਼ਹਿਰ ਦਾ ਪਤਾ ਲੱਗ ਰਿਹਾ ਹੈ ਜੋ ਪਹਿਲੇ ਕਥਾਕਾਰ, ਸੰਤ, ਮਹੰਤ ਤੇ ਪ੍ਰਚਾਰਕ ਗੋਲ ਮੋਲ ਕਰ ਜਾਂਦੇ ਸਨ।

ਨੋਟ-"ਗੁਰ-ਪ੍ਰਾਤਪ" ਤਾਂ ਗੁਰੂ ਦੇ ਗ੍ਰੰਥ "ਸ਼ਬਦ ਗੁਰੂ ਗ੍ਰੰਥ" ਵਿੱਚ ਹੀ ਹੈ ਨਾ ਕਿ "ਗੁਰ ਪ੍ਰਤਾਪ ਸੂਰਜ" ਵਿੱਚ ਜੋ ਸੰਪਰਦਾਈ ਕਵੀ ਸੰਤੋਖ ਸਿੰਘ ਦਾ ਬ੍ਰਾਹਮਣਾ ਦੀ ਦੇਖ ਰੇਖ ਤੇ ਰੰਗਤ 'ਚ ਲਿਖਿਆ ਗਿਆ ਹੈ। ਜੇ ਅਜੇ ਵੀ ਇਨ੍ਹਾਂ ਗ੍ਰੰਥਾਂ 'ਚ ਕੁਝ ਚੰਗਾ ਲਗਦਾ ਹੈ ਤਾਂ ਫੌਰੀ ਕੂੜ ਕਬਾੜ ਕੱਢ ਕੇ ਸਾਂਭ ਲੈਣਾ ਚਾਹੀਦਾ ਹੈ। ਇਸ ਲਈ "ਸ਼ਬਦ ਗੁਰੂ ਗ੍ਰੰਥ" ਨੂੰ ਅਧਾਰ ਬਣਾ ਕੇ ਸਿਰ ਜੋੜਨ ਦੀ ਲੋੜ ਹੈ ਨਾ ਕਿ ਸੀਨਾ ਬਸੀਨਾਂ ਚੱਲ ਰਹੀਆਂ ਸੰਪ੍ਰਦਾਵਾਂ ਦੀ ਆਪੂੰ ਬਣਾਈ ਕਰਮਕਾਂਡੀ ਮਰਯਾਦਾ ਤੇ ਇਨ੍ਹਾਂ ਦੇ ਗੱਪ ਗ੍ਰੰਥਾਂ ਨੂੰ ਅਧਾਰ ਬਣਾ ਕੇ!

(ਬਾਕੀ ਅਗਲੇ ਸਫੇ 'ਤੇ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਕਲੋਵਿਸ 'ਚ ਹੁੱਕਾ ਸਟੋਰ 'ਤੇ ਗੋਲੀਬਾਰੀ 'ਚ ਪੰਜਾਬੀ ਗ੍ਰਿਫਤਾਰ

**ਕਲੋਵਿਸ (ਕੈਲੀਫੋਰਨੀਆਂ)-** ਫਰਿਜ਼ਨੋ ਦਾ ਲਾਗਲਾ ਸ਼ਹਿਰ ਕਲੋਵਸ ਜਿਸਨੂੰ ਕੈਲੀਫੋਰਨੀਆਂ ਦੇ ਸੇਫ ਸ਼ਹਿਰਾਂ ਵਿੱਚੋ ਇੱਕ ਹੋਣ ਕਰਕੇ ਜਾਣਿਆ ਜਾਂਦਾ ਹੈ। ਲੰਘੇ ਮੰਗਲ਼ਵਾਰ ਸ਼ਾਮ ਐਂਡ ਫਾਊਲਰ ਐਵੇਨਿਊ ਕਲੋਵਿਸ 'ਤੇ ਸਥਿਤ ਇੱਕ ਹੁੱਕਾ ਅਤੇ ਸਿਗਰੇਟ ਸਟੋਰ ਤੇ ਵਾਪਰੀ ਗੋਲੀਬਾਰੀ ਦੀ ਘਟਨਾਂ ਨੇ ਸਭ ਨੂੰ ਦਹਿਲਾਕੇ ਰੱਖ ਦਿੱਤਾ। ਇਹ ਘਟਨਾਂ ਮੰਗਲਵਾਰ ਰਾਤ ਕਰੀਬ 6:30 ਵਜੇ ਵਾਪਰੀ ਜਦੋਂ ਇੱਕ ਪੰਜਾਬੀ ਮੂਲ ਦੀ ਕੁੜੀ ਰਜਿਸਟਰ ਤੇ ਕੰਮ ਕਰ ਰਹੀ ਸੀ, ਹਮਲਾਵਰ ਸਟੋਰ ਅੰਦਰ ਦਾਖਲ ਹੁੰਦਾ ਅਤੇ ਆਪਣੇ ਰਿਵਾਲਵਰ ਨਾਲ ਲੜਕੀ ਤੇ ਗੋਲੀਆ ਦਾਗ ਦਿੰਦਾ ਹੈ। ਇਸ ਹਮਲੇ ਵਿੱਚ ਲੜਕੀ ਗੰਭੀਰ ਜ਼ਖਮੀ ਹੋ ਜਾਂਦੀ ਹੈ, ਜਿਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਜਾਂਦਾ ਹੈ, ਜਿੱਥੇ ਲੜਕੀ ਜ਼ੇਰੇ ਇਲਾਜ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਹੈ।

ਪੁਲਿਸ ਨੇ ਮੌਕੇ ਤੇ ਪਹੁੰਚਕੇ ਸਰਵੇਲੈਂਸ ਕੈਮਰੇ ਖੰਘਾਲ਼ੇ ਅਤੇ ਸ਼ੱਕੀ ਹਮਲਾਵਰ ਦੀ ਪਹਿਚਾਣ ਕਰਨ ਵਿੱਚ ਸਫਲਤਾ ਹਾਸਲ ਕੀਤੀ। ਸ਼ੱਕੀ ਦੀ ਪਛਾਣ 27 ਸਾਲਾ ਹਰਮ-ਨਪ੍ਰੀਤ ਸਿੰਘ ਵਜੋਂ ਹੋਈ ਹੈ, ਜਿਸਨੂੰ ਪੁਲਿਸ ਨੇ ਅੱਧੀ ਰਾਤ ਤੋਂ ਬਾਅਦ ਫਰਿਜ਼ਨੋ ਵਿਚ ਉਸ ਦੇ ਘਰ ਤੋਂ ਗ੍ਰਿਫਤਾਰ ਕੀਤਾ। ਪੁਲਿਸ ਨੇ ਉਸ ਕੋਲੋ ਇੱਕ ਹਥਿਆਰ ਵੀ ਬਰਾਮਦ ਕੀਤਾ ਹੈ ਜਿਸਦੀ ਵਰਤੋਂ ਗੋਲੀਬਾਰੀ ਵਿੱਚ ਕੀਤੀ ਗਈ ਸੀ।

ਕਲੋਵਿਸ ਪੁਲਿਸ ਵਿਭਾਗ ਦੇ ਸਾਰਜੈਂਟ ਜਿਮ ਕੋਚ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪਤਾ ਲੱਗਿਆ ਕਿ ਇਹ ਹਮਲਾ ਕਿਸੇ ਲੁੱਟਖੋਹ ਦੇ ਮੰਤਵ ਨਾਲ ਨਹੀਂ ਹੋਇਆ, ਸਗੋਂ ਹਮਲਾਵਰ ਅਤੇ ਪੀੜਤ ਦਰਮਿਆਨ ਵਿਗੜੇ ਪ੍ਰੇਮ ਸਬੰਧਾ ਕਾਰਨ ਹੋਇਆ ਜਾਪਦਾ ਹੈ।ਪੀੜਤ ਪਰਿਵਾਰ ਨੇ ਇਸ ਦਾਅਵੇ ਨੂੰ ਬੇਬੁਨਿਆਦ ਦੱਸਦਿਆਂ 'ਕਿਹਾ ਕਿ ਪੀੜਤ ਤੇ ਹਮਲਾਵਰ ਆਪਸ ਵਿੱਚ ਸਿਰਫ ਦੋਸਤ ਸਨ। ਕਲੋਵਸ ਪੁਲਿਸ ਨੇ ਕਥਿਤ ਦੋਸ਼ੀ ਹਰਮਪ੍ਰੀਤ ਸਿੰਘ 'ਤੇ ਕਤਲ ਦੀ ਕੋਸ਼ਿਸ਼, ਘਰੇਲੂ ਹਿੰਸਾ ਅਤੇ ਕਈ ਹਥਿਆਰਾਂ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਕੇ ਉਸਨੂੰ ਫਰਿਜ਼ਨੋ ਕਾਊਂਟੀ ਜੇਲ੍ਹ ਭੇਜ ਦਿੱਤਾ ਹੈ। ਜਿੱਥੇ ਉਸਨੂੰ $695,000 ਦੀ ਜ਼ਮਾਨਤ 'ਤੇ ਰੱਖਿਆ ਗਿਆ ਹੈ। ਹਮਲਾਵਰ ਦਾ ਪਿਛੋਕੜ ਪੰਜਾਬ ਤੋਂ ਫਰੀਦਕੋਟ ਸ਼ਹਿਰ ਨਾਲ ਦੱਸਿਆ ਜਾ ਰਿਹਾ ਹੈ। ਹਮਲਾਵਰ ਦਾ ਪਹਿਲਾਂ ਕਨੇਡਾ ਵਿੱਚ ਤਲਾਕ ਹੋ ਚੁੱਕਿਆ ਅਤੇ ਉਹ ਇੱਕ ਬੱਚੇ ਦਾ ਬਾਪ ਵੀ ਹੈ। ਜਾਣਕਾਰੀ ਮੁਤਾਬਿਕ ਉਹ ਹਾਲੇ ਕੁਝ ਅਰਸਾ ਪਹਿਲਾ ਹੀ ਅਮਰੀਕਾ ਆਇਆ ਸੀ, ਤੇ ਸ਼ਾਇਦ ਇੱਥੇ ਕੱਚਾ ਹੀ ਸੀ। ਬਾਕੀ ਪੁਲਿਸ ਜਾਂਚ ਚੱਲ ਰਹੀ ਹੈ।

# ਸੈਕਰਾਮੈਂਟੋ 'ਚ ਕਾਰ ਹਾਦਸੇ ਵਿੱਚ ਦੋ ਪੰਜਾਬੀ ਮੁੰਡਿਆ ਮੌਤ

**ਫਰਿਜਨੋ (ਕੈਲੀਫੋਰਨੀਆਂ)-** ਬੁੱਧਵਾਰ ਰਾਤ ਸੈਕਰਾਮੈਂਟੋ ਲਾਗੇ ਇੱਕ ਐਕਸੀਡੈਂਟ ਵਿੱਚ ਦੋ ਪੰਜਾਬੀ ਮੁੰਡਿਆ ਦੀ ਦਰਦਨਾਕ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਹ ਦੋਵੇਂ ਨੌਜਵਾਨ ਹਲਕਾ ਭੁਲੱਥ ਦੇ ਪਿੰਡ ਲਿੱਟਾਂ ਅਤੇ ਪਿੰਡ ਲੱਖਣ-ਕੇ-ਪੱਡਾ ਦੇ ਰਹਿਣ ਵਾਲੇ ਹਨ। ਮਿਲੀ ਜਾਣਕਾਰੀ ਮੁਤਾਬਕ ਇਹ ਦੋਵੇਂ ਨੌਜਵਾਨ ਸੁਖਜੀਤ ਸਿੰਘ ਚੀਮਾਂ (24) ਪੁੱਤਰ ਨਰਿੰਦਰ ਸਿੰਘ ਚੀਮਾ ਵਾਸੀ ਪਿੰਡ ਲਿੱਟਾਂ ਅਤੇ ਬਲਜਿੰਦਰ ਸਿੰਘ (35) ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਲੱਖਣ ਕੇ ਪੱਡਾ ਇਕੋ ਕਾਰ ਵਿੱਚ ਸਵਾਰ ਸਨ। ਹਾਈਵੇਅ ਪਟਰੋਲ ਦੇ ਦੱਸਣ ਮੁਤਾਬਿਕ ਬੁੱਧਵਾਰ ਸਵੇਰੇ 1-10 ਮਿੰਟ ਤੇ ਇੱਕ ਤੇਜ ਰਫ਼ਤਾਰ ਟੋਇਟਾ ਪ੍ਰੀਅਸ ਕਾਰ, ਡੇਲ ਪਾਸੋ ਹਾਈਟਸ ਖੇਤਰ ਵਿੱਚ ਰਾਇਲੀ ਬੁਲੇਵਾਰਡ 'ਤੇ ਪੂਰਬ ਵੱਲ ਆਈ-80 ਆਫ-ਰੈਂਪ 'ਤੇ ਬੇਕਾਬੂ ਹੋਕੇ ਦਰੱਖਤ ਨਾਲ ਜਾ ਟਕਰਾਈ ਅਤੇ ਕਾਰ ਦੇ ਚੀਥੜੇ ਉੱਡ ਗਏ ਜਿਸ ਕਾਰਨ ਦੋਵੇਂ ਨੌਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਇਸ ਮਾੜੀ ਖ਼ਬਰ ਕਾਰਨ ਸੈਕਰਾਮੈਂਟੋ ਦਾ ਪੰਜਾਬੀ ਭਾਈ-ਚਾਰਾ ਸੋਗ ਦੇ ਆਲਮ ਵਿੱਚ ਹੈ।



# ਕੈਲੇਫੋਰਨੀਆਂ ਦੇ ਸ਼ਹਿਰ ਕਰਮਨ ਵਿਖੇ ਲੋਹੜੀ ਦੌਰਾਨ ਹੋਏ ਧਾਰਮਿਕ ਸਮਾਗਮ



**ਫਰਿਜ਼ਨੋ, ਕੈਲੀਫੋਰਨੀਆਂ-** ਵਿਦੇਸ਼ੀ ਵਸਦੇ ਵੱਖ-ਵੱਖ ਦੇਸ਼ਾਂ ਵਿੱਚ ਪੰਜਾਬੀ ਲੋਕ ਆਪਣੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ ਹਰ ਦਿਨ-ਤਿਉਹਾਰ ਬੜੇ ਮਾਣ ਨਾਲ ਮਨਾਉਂਦੇ ਹਨ। ਲੋਹੜੀ ਦਾ ਤਿਉਹਾਰ, ਜਿਸ ਦਾ ਸਿੱਖ ਧਰਮ ਨਾਲ ਕੋਈ ਸੰਬੰਧ ਨਹੀਂ। ਪਰ ਇਸ ਲੋਹੜੀ ਦੀ ਚਲੀ ਆ ਰਹੀ ਪਰੰਪਰਾ ਨੂੰ ਹਮੇਸਾ ਵਾਂਗ ਅੱਗੇ ਤੋਰਦੇ ਹੋਏ ਵਿਦੇਸ਼ਾਂ ਵਿੱਚ ਧੀਆਂ, ਪੁੱਤਰਾਂ ਅਤੇ ਨਵ-ਵਿਆਹੇ ਜੋੜੇ ਇਸ ਦਿਨ ਗੁਰੂਘਰ ਆ ਅਰਦਾਸਾ ਕਰਦੇ ਹਨ ਅਤੇ ਅੱਗ ਦੇ ਧੂਣੇ ਲੱਗਦੇ ਹਨ। ਕੈਲੀਫੋਰਨੀਆ ਦੇ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਇੰਨਾਂ ਸਮਾਗਮਾਂ ਦੀ ਸੁਰੂਆਤ ਗੁਰਬਾਣੀ-ਕੀਰਤਨ ਨਾਲ ਹੋਈ। ਜਿੱਥੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਦੇ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਉਪਰੰਤ ਲੱਗੇ ਵੱਡੇ ਅੱਗ ਦੇ ਧੂਣਿਆ 'ਤੇ ਸੰਗਤਾਂ ਨੇ ਤਿੱਲ ਸੁੱਟ ਜਿੱਥੇ ਨਿੱਘ ਮਾਣਿਆ, ਉੱਥੇ ਆਉਣ ਵਾਲੇ ਸਾਲ ਵਿੱਚ ਪਾਪ-ਦਲਿੱਦਰ ਖਤਮ ਕਰਨ ਦੀ ਵਚਨਬੱਧਤਾ ਵੀ ਪ੍ਰਗਟਾਈ। ਇਸੇ ਤਰ੍ਹਾਂ ਕੈਲੀਫੋਰਨੀਆਂ ਦੇ ਵੱਖ-ਵੱਖ ਗੁਰੂਘਰਾਂ ਵਿੱਚ ਸਮੁੱਚੇ ਭਾਈਚਾਰੇ ਵੱਲੋਂ ਸਾਂਝੇ ਤੌਰ 'ਤੇ ਵਿਸ਼ੇਸ਼ ਸਮਾਗਮ ਕੀਤੇ ਗਏ। ਇਸ ਦਿਨ ਪਰੰਪਰਾਗਤ ਤਰੀਕੇ ਨਾਲ ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ, ਮੂਲੀਆਂ, ਤਾਜ਼ੇ ਗੰਨੇ ਆਦਿਕ ਦੇ ਭਾਂਤ-ਭਾਂਤ ਦੇ ਸੁਆਦੀ ਲੰਗਰ ਵੀ ਚੱਲੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਯਾਦਗਾਰੀ ਹੋ ਨਿਬੜੇ।

# ਸਕਾਟਲੈਂਡ: ਨਰਸਰੀ 'ਚ 10 ਮਹੀਨਿਆਂ ਦੇ ਬੱਚੇ ਦੀ ਮੌਤ, ਨਰਸਰੀ ਨੂੰ 8 ਲੱਖ ਪੌਂਡ ਜ਼ੁਰਮਾਨਾ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਸਕਾਟਲੈਂਡ ਦੇ ਸ਼ਹਿਰ ਐਡਿਨਬਰਾ ਦੀ ਇੱਕ ਨਰਸਰੀ ਵਿੱਚ ਸਟਾਫ ਦੀ ਲਾਪਰਵਾਹੀ ਕਾਰਨ 10 ਮਹੀਨਿਆਂ ਦੇ ਬੱਚੇ ਦੇ ਗਲ ਵਿੱਚ ਅੰਬ ਦਾ ਇੱਕ ਟੁਕੜਾ ਫਸਣ ਨਾਲ ਸਾਹ ਨਾ ਆਉਣ ਕਰਕੇ ਮੌਤ ਹੋਣ ਦੀ ਘਟਨਾ ਵਾਪਰੀ ਹੈ। ਇਹ ਘਟਨਾ ਫੌਕਸ ਗੋਲਡਿੰਗ ਨਾਮ ਦੇ ਬੱਚੇ ਨਾਲ ਐਡਿਨਬਰਾ ਵਿੱਚ ਬ੍ਰਾਈਟ ਹੋਰਾਈਜ਼ਨਜ਼ ਕੋਰਸਟੋਰਫਾਈਨ ਨਰਸਰੀ ਵਿੱਚ ਰਾਤ ਦੇ ਖਾਣੇ ਦੌਰਾਨ ਵਾਪਰੀ। ਇਸ ਕਾਰਨ ਨਰਸਰੀ ਚੇਨ ਨੂੰ 800,000 ਪੌਂਡ ਦਾ ਜੁਰਮਾਨਾ ਲਗਾਇਆ ਗਿਆ ਹੈ । ਸ਼ੈਰਿਫ ਅਦਾਲਤ ਅਨੁਸਾਰ ਖਾਣੇ ਦੇ ਸਮੇਂ ਫੌਕਸ ਦੇ ਕੋਲ ਬੈਠੀ ਨਰਸਰੀ ਨਰਸ ਟਾਇਲਟ ਜਾਣ ਲਈ ਕਮਰੇ ਤੋਂ ਬਾਹਰ ਚਲੀ ਗਈ ਸੀ। ਜਿਸ ਦੌਰਾਨ ਬੱਚੇ ਨੇ ਅੰਬ ਦਾ ਟੁਕੜਾ ਨਿਗਲ ਲਿਆ ਅਤੇ ਉਸਨੂੰ ਸਾਹ ਲੈਣ 'ਚ ਸਮੱਸਿਆ ਹੋਈ।

ਫੌਕਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਅਗਲੇ ਦਿਨ ਉਸਦੀ ਮੌਤ ਹੋ ਗਈ। ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਸਨੇ 3 ਸੈਂਟੀਮੀਟਰ ਣ 2l2 ਸੈਂਟੀਮੀਟਰ ਣ 1l5 ਸੈਂਟੀਮੀਟਰ ਦਾ ਅੰਬ ਦਾ ਟੁਕੜਾ ਅੰਦਰ ਲੰਘਾ ਲਿਆ ਸੀ। ਇਸ ਨਰਸਰੀ ਵਿੱਚ ਕਰਮਚਾਰੀਆਂ ਨੂੰ ਭੋਜਨ ਦੇ ਸਮੇਂ ਦੌਰਾਨ ਢੁਕਵੀਂਆਂ ਹਦਾਇਤਾਂ ਅਤੇ ਨਿਗਰਾਨੀ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਲਈ ਦੋਸ਼ੀ ਮੰਨਿਆ।






# ਯੂਕੇ: ਓਮੀਕਰੋਨ ਨਾਲ ਨਜਿੱਠਣ ਲਈ ਹਸਪਤਾਲਾਂ ਵੱਲੋਂ ਫੌਜੀ ਮਦਦ ਦੀ ਅਪੀਲ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਯੂਕੇ ਵਿੱਚ ਗ੍ਰੇਟਰ ਮਾਨਚੈਸਟਰ ਅਤੇ ਉੱਤਰੀ ਆਇਰਲੈਂਡ ਦੇ ਹਸਪਤਾਲਾਂ ਨੇ ਕੋਵਿਡ ਨਾਲ ਨਜਿੱਠਣ ਲਈ ਫੌਜੀ ਮਦਦ ਦੀ ਬੇਨਤੀ ਕੀਤੀ ਹੈ। ਲੰਡਨ ਵਿੱਚ ਕੋ-ਰੋਨਾ ਵਾਇਰਸ ਦੇ ਦਾਖਲੇ ਘੱਟ ਹੁੰਦੇ ਜਾਪਦੇ ਹਨ, ਪਰ ਓਮੀਕਰੋਨ ਦੇ ਮਾਮਲੇ ਹੁਣ ਦੇਸ਼ ਦੇ ਹੋਰ ਹਿੱਸਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਸਿਹਤ ਅਧਿਕਾਰੀ ਫੌਜੀ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਹਨ ਕਿਉਂਕਿ ਲਗਭਗ 130,000 ਨਵੇਂ ਕੇਸ ਸਾਹਮਣੇ ਆਏ ਹਨ ਅਤੇ ਵਾਇਰਸ ਨਾਲ ਸਬੰਧਤ ਮੌਤਾਂ ਵੀ 11 ਮਹੀਨਿਆਂ ਦੇ ਉੱਚੇ ਪੱਧਰ 'ਤੇ ਪਹੁੰਚ ਗਈਆਂ ਹਨ। ਮਾਨਚੈਸਟਰ ਦੇ ਹਸਪਤਾਲਾਂ ਵਿੱਚ ਤਕਰੀਬਨ 15% ਸਟਾਫ ਘਰਾਂ ਵਿੱਚ ਇਕਾਂਤਵਾਸ 'ਚ ਹੈ ਅਤੇ ਭਾਰੀ ਦਬਾਅ ਮੁੱਖ ਤੌਰ 'ਤੇ ਜਨਰਲ ਬੈਡਾਂ 'ਤੇ ਹੈ ਜੋ 90% ਤੋਂ ਵੱਧ ਭਰੇ ਹੋਏ ਹਨ। ਜਦੋਂ ਕਿ ਕੁਝ ਗੈਰ-ਜ਼ਰੂਰੀ ਸਰਜਰੀਆਂ ਨੂੰ ਪਿਛਲੇ ਹਫਤੇ ਹੀ ਰੋਕ ਦਿੱਤਾ ਗਿਆ ਸੀ। ਇਸ ਲਈ ਸੈਨਿਕਾਂ ਨੂੰ ਬੈਡਾਂ ਵਿੱਚ ਰਹਿਣ ਵਾਲਿਆਂ ਲਈ ਹਾਈਡਰੇਸ਼ਨ ਅਤੇ ਪੋਸ਼ਣ ਸਮੇਤ ਬੁਨਿਆਦੀ ਦੇਖਭਾਲ ਵਿੱਚ ਮਦਦ ਕਰਨ ਲਈ ਵੀ ਕਿਹਾ ਜਾ ਸਕਦਾ ਹੈ। ਇਸ ਦੌਰਾਨ, ਉੱਤਰੀ ਆਇਰਲੈਂਡ ਵੱਲੋਂ ਵੀ ਫੌਜੀ ਸਹਾਇਤਾ ਲਈ ਬੇਨਤੀ ਕੀਤੀ ਗਈ ਹੈ।



## ਗੁਰ ਪ੍ਰਤਾਪ ਸੂਰਜ ਬਾਰੇ ਸੰਖੇਪ ਤੇ ਅਹਿਮ

**(ਸਫਾ 6 ਦੀ ਬਾਕੀ**

(ਬਾਕਸ਼ੁਕਰ ਹੈ ਹੁਣ ਅਨੰਦਪੁਰ ਹਲਕੇ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਇਹ ਬਿਆਨ ਦਿੱਤਾ ਹੈ ਕਿ ਮਰੀ ਬਿੱਲੀ ਖੂਹ ਚੋਂ ਕੱਢ ਦੇਣੀ ਚਾਹੀਦੀ ਹੈ। ਚੱਲੋ ਜੇ ਇਕ ਮਰੀ ਬਿੱਲੀ ਡਿੱਗੀ ਹੋਵੇ ਤਾਂ ਕੱਢਣ ਨਾਲ ਸ਼ਾਇਦ ਕਿਸੇ ਤਰੀਕੇ ਪਾਣੀ ਸਾਫ ਕਰਕੇ ਪੀਣਯੋਗ ਹੋ ਜਾਵੇ ਪਰ ਜਿੱਥੇ ਬਹੁਤ ਸਾਰੀਆਂ ਮਰੀਆਂ ਬਿੱਲੀਆਂ ਡਿੱਗੀਆਂ ਹੋਣ ਉਹ ਪਾਣੀ ਤਾਂ ਕਦਾਚਿਤ ਵੀ ਪੀਣ ਯੋਗ ਨਹੀ ਹੋ ਸਕਦਾ ਸਗੋਂ ਕਈ ਬੀਮਾਰੀਆਂ ਪੈਦਾ ਕਰਦਾ ਹੈ। ਚੰਗਾ ਇਹ ਹੀ ਹੈ ਕਿ ਜਾਂ ਤਾਂ ਵੱਢੀ ਪੱਧਰ ਤੇ ਫੌਰਨ ਇਤਿਹਾਸ ਰੂਪ ਖੂਹ ਚੋਂ ਸਮੁੱਚਾ ਗੰਦ ਮੰਦ ਕੱਢ ਦਿਤਾ ਜਾਵੇ ਜਾਂ ਇਨ੍ਹਾਂ ਸਭ ਮਿਲਾਵਟ ਵਾਲੇ ਗ੍ਰੰਥਾਂ ਨੂੰ ਸੋਧ ਕੇ, ਨਵੇਂ ਸਿਰਿਓਂ ਛੰਦਾ ਬੰਦੀ 'ਚ ਸੱਚਾ ਤੇ ਰੌਚਕ ਇਤਿਹਾਸ ਲਿਖਿਆ ਜਾਵੇ ਜਿਨਾਂ ਚਿਰ ਨਹੀਂ ਲਿਖਿਆ ਜਾਂਦਾ ਓਨਾਂ ਚਿਰ ਇਨ੍ਹਾਂ ਮਿਲਾਵਟੀ ਗ੍ਰੰਥਾ ਦੀ ਕਥਾ ਕਰਨੀ ਬੰਦ ਕੀਤੀ ਜਾਵੇ। ਸੋਧੇ ਤੇ ਨਵੇਂ ਲਿਖੇ ਗ੍ਰੰਥਾਂ ਦਾ ਨਾਂ "ਨਵੀਨ ਗੁਰ ਪ੍ਰਤਾਪ ਸੂਰਜ" ਰੱਖ ਦਿੱਤਾ ਜਾਵੇ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨਾਂ ਆਰ ਐੱਸ ਐੱਸ ਤੇ ਭਾਜਪਾ ਵੱਲੋਂ ਵਿਸ਼ਨੂੰ ਮੰਦਰ ਜਾਂ ਵਿਸ਼ਨੂੰ ਦਰਬਾਰ ਰੱਖ ਦਿੱਤਾ ਜਾਵੇ ਕਿਉਂਕਿ "ਗੁਰ ਪ੍ਰਤਾਪ ਸੂਰਜ" ਵਿੱਚ ਕਵੀ ਸੰਤੋਖ ਸਿੰਘ ਲਿਖਦਾ ਹੈ ਕਿ ਇਸ ਨੂੰ ਵਿਸ਼ਨੂੰ ਨੇ ਆਪ ਗੁਰੂ ਨਾਨਕ ਦੇ ਜਾਮੇ ਦੇ ਗੁਰੂਆਂ ਵਿੱਚ ਆ ਕੇ ਬਣਵਾਇਆ ਤੇ ਗੁਰੂ ਨਾਨਕ ਵੀ ਵਿਸ਼ਨੂੰ ਦੇ ਅਵਤਾਰ ਸਨ।

ਹੁਣ ਮੀਡੀਏ 'ਚ ਆ ਜਾਣ ਕਰਕੇ ਆਮ ਲੋਕਾਂ ਨੂੰ ਵੀ ਪਤਾ ਲੱਗ ਗਿਆ ਹੈ ਜੋ ਅਖੌਤੀ ਸਾਧਾਂ, ਸੰਤਾਂ, ਕਥਾਕਾਰਾਂ, ਪ੍ਰਚਾਰਕਾਂ ਤੇ ਪ੍ਰਬੰਧਕਾਂ ਕੇ ਲੁਕਾ ਕੇ ਜਾਂ ਗੋਲ-ਮੋਲ ਕਰਕੇ ਰੱਖਿਆ ਹੋਇਆ ਸੀ। ਇਸ ਲੇਖ ਨੂੰ ਪੜ੍ਹਨ, ਵਿਚਾਰਨ, ਵੰਡਣ ਅਤੇ ਅਖਬਾਰਾਂ 'ਚ ਛਾਪਣ ਵਾਲੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ।


---

ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਓਕਲਾਹੋਮਾ ਦੇ ਦੋ ਕੈਦੀਆਂ ਨੂੰ ਜ਼ਹਿਰੀਲਾ ਟੀਕਾ ਲਾ ਕੇ ਦਿੱਤੀ ਜਾਵੇਗੀ ਮੌਤ

## ਗੋਲੀਆਂ ਮਾਰ ਕੇ ਸਜ਼ਾ ਉਪਰ ਅਮਲ ਕਰਨ ਦੀ ਅਪੀਲ ਰੱਦ

**ਸੈਕਰਾਮੈਂਟੋ 15 ਜਨਵਰੀ–** ਇਕ ਸੰਘੀ ਅਦਾਲਤ ਵੱਲੋਂ ਜ਼ਹਿਰੀਲਾ ਟੀਕਾ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਕਰਨ ਦੀ ਬਜਾਏ 'ਫਾਇਰਿੰਗ ਸਕੁਐਡ' ਦੁਆਰਾ ਗੋਲੀਆਂ ਮਾਰ ਕੇ ਮਾਰ ਦੇਣ ਦੀ ਅਪੀਲ ਰੱਦ ਕਰ ਦੇਣ ਉਪਰੰਤ ਵੱਖ ਵੱਖ ਦੋਸ਼ਾਂ ਤਹਿਤ ਦਿੱਤੀ ਗਈ ਦੋ ਕੈਦੀਆਂ ਨੂੰ ਮੌਤ ਦੀ ਸਜ਼ਾ ਉਪਰ ਅਮਲ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਇਸ ਫੈਸਲੇ ਉਪਰੰਤ ਡੋਨਲਡ ਗਰਾਂਟ ਨੂੰ 26 ਜਨਵਰੀ ਤੇ ਗਿਲਬਰਟ ਪੋਸਟਲ ਨੂੰ 17 ਫਰਵਰੀ ਨੂੰ ਜ਼ਹਿਰੀਲਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾ ਦਿੱਤਾ ਜਾਵੇਗਾ। ਜੱਜ ਸਟੀਫਨ ਫਰੀਆਟ ਨੇ ਆਪਣੇ ਨਿਰਨੇ ਵਿਚ ਕਿਹਾ ਹੈ ਕਿ ਦੋਸ਼ੀਆਂ ਦੇ ਵਕੀਲ ਇਹ ਸਾਬਤ ਕਰਨ ਵਿਚ ਨਾਕਾਮ ਰਹੇ ਹਨ ਕਿ ਜ਼ਹਿਰੀਲਾ ਟੀਕਾ ਲਾਉਣ ਨਾਲ ਵਿਅਕਤੀ ਦਾ ਅੰਤ ਬਹੁਤ ਦੁੱਖਾਂ ਭਰਿਆ ਹੁੰਦਾ ਹੈ ਹਾਲਾਂ ਕਿ ਓਕਲਾਹੋਮਾ ਵਿਚ



ਬੀਤੇ ਵਿੱਚ ਵੀ ਜ਼ਹਿਰੀਲਾ ਟੀਕਾ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਹੁੰਦਾ ਰਿਹਾ ਹੈ। ਸੰਘੀ ਅਦਾਲਤ ਦੇ ਇਸ ਨਿਰਨੇ ਨੂੰ ਦੋਸ਼ੀਆਂ ਦੇ ਵਕੀਲਾਂ ਨੇ 'ਟੈਨਥ ਸਰਕਟ ਕੋਰਟ ਆਫ ਅਪੀਲ' ਵਿਚ ਚੁਣੌਤੀ ਦਿੱਤੀ ਹੈ। ਵਕੀਲ ਜੈਨੀਫਰ ਮੋਰੈਨੋ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੌਤ ਦੀ ਸਜ਼ਾ ਉਪਰ ਇਸ ਸਮੇ ਅਮਲ ਕਰਨ ਲਈ ਕੋਈ ਸਿਧਾਂਤਕ ਆਧਾਰ ਮੌਜੂਦ ਨਹੀਂ ਹੈ ਤੇ ਮੌਤ ਦੀ ਸਜ਼ਾ ਨੂੰ ਕੁਝ ਸਮੇ ਲਈ ਰੋਕ ਦੇਣਾ ਹੀ ਦੂਰਦਰਸ਼ੀ ਵਾਲਾ ਫੈਸਲਾ ਹੋਵੇਗਾ। ਦੂਸਰੇ ਪਾਸੇ ਜ਼ਹਿਰੀਲਾ ਟੀਕਾ ਲਾ ਕੇ ਮੌਤ ਦੀ ਸਜ਼ਾ ਉਪਰ ਅਮਲ ਕਰਨ 'ਤੇ ਜੋਰ ਦੇ ਰਹੇ ਵਕੀਲਾਂ ਦਾ ਕਹਿਣਾ ਹੈ ਕਿ 'ਫਾਇਰਿੰਗ ਸਕੁਐਡ' ਰਾਹੀਂ ਜਾਂ ਹੋਰ ਕਿਸੇ ਢੰਗ ਤਰੀਕੇ ਰਾਹੀਂ ਮੌਤ ਦੇਣ ਸਬੰਧੀ ਅਪੀਲ ਦਾ ਮਕਸਦ ਦੋਸ਼ੀਆਂ ਦੀ ਫਾਂਸੀ ਨੂੰ ਅੱਗੇ ਪਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਹੈ।

# ਸੁਪਰੀਮ ਕੋਰਟ ਨੇ ਕਾਰੋਬਾਰੀ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਵੈਕਸੀਨ ਜਰੂਰੀ ਲਗਵਾਉਣ ਦੇ ਆਦੇਸ਼ ਉਪਰ ਲਾਈ ਰੋਕ

**ਸੈਕਰਾਮੈਂਟੋ 15 ਜਨਵਰੀ–** ਅਮਰੀਕਾ ਦੀ ਸਰ-ਵਉੱਚ ਅਦਾਲਤ ਸੁਪਰੀਮ ਕੋਰਟ ਨੇ ਦਿੱਤੇ ਇਕ ਅਹਿਮ ਨਿਰਨੇ ਵਿਚ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਕੋਵਿਡ-19 ਨਾਲ ਲੜਨ ਲਈ ਜਾਰੀ ਉਸ ਆਦੇਸ਼ ਉਪਰ ਰੋਕ ਲਾ ਦਿੱਤੀ ਹੈ ਜਿਸ ਵਿਚ 100 ਤੋਂ ਵਧ ਮੁਲਾਜ਼ਮਾਂ ਵਾਲੇ ਕਾਰੋਬਾਰੀ ਅਦਾਰਿਆਂ ਨੂੰ ਆਪਣੇ ਮੁਲਾਜ਼ਮਾਂ ਦੀ ਵੈਕਸੀਨੇਸ਼ਨ ਲਾਜਮੀ ਕਰਵਾਉਣ ਲਈ ਕਿਹਾ ਗਿਆ ਸੀ । ਇਸ ਆਦੇਸ਼ ਵਿਚ ਉਨ੍ਹਾਂ ਮੁਲਾਜ਼ਮਾਂ ਦੇ ਕੋਵਿਡ ਟੈਸਟ ਨਿਰੰਤਰ ਕਰਨ ਲਈ ਕਿਹਾ ਗਿਆ ਸੀ ਜੋ ਵੈਕਸੀਨ ਲਵਾਉਣ ਲਈ ਤਿਆਰ ਨਹੀਂ ਹਨ। ਅਦਾਲਤ ਨੇ ਇਸ ਆਦੇਸ਼ ਉਪਰ ਰੋਕ ਲਾਉਂਦਿਆਂ ਕਿਹਾ ਹੈ ਕਿ ਰਾਸ਼ਟਰਪਤੀ ਦੇ ਪ੍ਰਸ਼ਾਸਨ ਕੋਲ ਕਾਰੋਬਾਰੀ ਅਦਾਰਿਆਂ ਦੇ ਮਾਲਕਾਂ ਉਪਰ ਜਬਰਨ ਵੈਕਸੀਨ ਜਾਂ ਕੋਵਿਡ ਟੈਸਟ ਥੋਪਣ ਦਾ ਅਧਿਕਾਰ ਨਹੀਂ ਹੈ। ਅਦਾਲਤ ਨੇ ਇਕ ਹੰਗਾਮੀ ਅਪੀਲ ਉਪਰ ਦਲੀਲਾਂ ਸੁਣਨ ਦੇ ਕੁਝ ਦਿਨ ਬਾਅਦ ਇਹ ਨਿਰਨਾ ਦਿੱਤਾ ਹੈ ਜਿਸ ਵਿਚ ਕਿਹਾ ਹੈ ਕਿ ਕਾਂਗਰਸ ਵੱਲੋਂ ਦਿੱਤੀਆਂ ਸ਼ਕਤੀਆਂ ਨੂੰ ਸੰਘੀ ਅਧਿਕਾਰੀਆਂ ਨੇ ਵਧਾ ਲਿਆ ਹੈ। ਅਪੀਲ ਵਿਚ ਇਹ ਮੁੱਦਾ ਉਠਾਇਆ ਗਿਆ ਸੀ ਕਿ ਕੀ ' ਕਿੱਤਾ ਸੁਰੱਖਿਆ ਤੇ ਸਿਹਤ ਪ੍ਰਸ਼ਾਸਨ' ਕੋਲ 1970 ਦੇ ਕਾਨੂੰਨ ਤਹਿਤ ਕਾਰੋਬਾਰੀ ਅਦਾਰਿਆਂ ਉਪਰ ਪਾਬੰਦੀਆਂ ਲਾਉਣ ਦਾ ਅਧਿਕਾਰ ਹੈ? ਅਦਾਲਤ ਨੇ ਕਿਹਾ ਹੈ " ਹਾਲਾਂ ਕਿ ਕਾਂਗਰਸ ਨੇ ਨਿਰਵਿਵਾਦ 'ਕਿੱਤਾ ਸੁਰੱਖਿਆ ਤੇ ਸਿਹਤ ਪ੍ਰਸ਼ਾਸਨ' ਨੂੰ ਕਿੱਤੇ ਨਾਲ ਸਬੰਧਤ ਖਤਰਿਆਂ ਨੂੰ ਨਿਯਮਤ ਕਰਨ ਦੀ ਸ਼ਕਤੀ ਦਿੱਤੀ ਹੈ ਪਰੰਤੂ ਇਸ ਨੂੰ ਜਨਤਿਕ ਸਿਹਤ ਨੂੰ ਵਿਆਪਕ ਪੱਧਰ ਉਪਰ ਨਿਯਮਤ ਕਰਨ ਦਾ ਅਧਿਕਾਰ ਨਹੀਂ ਹੈ।" ਅਦਾਲਤ ਨੇ ਕਿਹਾ ਹੈ '8।40 ਕਰੋੜ ਅਮਰੀਕੀਆਂ ਨੂੰ ਵੈਕਸੀਨੇਸ਼ਨ ਵਾਸਤੇ ਮਹਿਜ਼ ਇਸ ਲਈ ਚੁਣ ਲਿਆ ਗਿਆ ਕਿਉਂਕਿ ਉਹ 100 ਤੋਂ ਵਧ ਮੁਲਾਜ਼ਮਾਂ ਵਾਲੇ ਕਾਰੋਬਾਰੀ ਅਦਾਰਿਆਂ ਵਿਚ ਕੰਮ ਕਰਦੇ ਹਨ। ਅਜਿਹਾ ਕਰਨਾ ਤਰਕਸੰਗਤ ਨਹੀਂ ਹੈ। ' ਇਸ ਨਿਰਨੇ ਦੀ ਅਦਾਲਤ ਦੇ ਤਿੰਨ ਲਿਬਰਲ ਜੱਜਾਂ ਨੇ ਅਲੋਚਨਾ ਕੀਤੀ ਹੈ। ਸਹਿ ਜੱਜ ਸਟੀਫਨ ਬਰੇਅਰ, ਜੱਜ ਸੋਨੀਆ ਸੋਟੋਮੇਅਰ ਤੇ ਏਲੇਨਾ ਕਾਗਨ ਨੇ ਆਪਣੀ ਟਿਪਣੀ ਵਿਚ ਕਿਹਾ ਹੈ ਕਿ 'ਸਾਡੇ ਵਿਚਾਰ ਅਨੁਸਾਰ ਅਦਾਲਤ ਦਾ ਹੁਕਮ ਕਾਨੂੰਨੀ ਮਾ-ਪਦੰਡਾਂ ਉਪਰ ਖਰਾ ਨਹੀਂ ਉਤਰਦਾ ਤੇ ਇਹ ਹੁਕਮ ਸੰਘੀ ਸਰਕਾਰ ਦੀ ਕੋਵਿਡ-19 ਖਿਲਾਫ ਲੜਨ ਦੀ ਯੋਗਤਾ ਵਿਚ ਰੁਕਾਵਟ ਪਾਉਂਦਾ ਹੈ।"

# ਬਾਈਡਨ ਪ੍ਰਸ਼ਾਸਨ ਮੁਫਤ ਕੋਵਿਡ ਟੈਸਟ ਕਿੱਟਾਂ ਲਈ ਅਗਲੇ ਹਫਤੇ ਕਰੇਗਾ ਵੈਬਸਾਈਟ ਦੀ ਸ਼ੁਰੂਆਤ

**ਸੈਕਰਾਮੈਂਟੋ 15 ਜਨਵਰੀ–** ਬਾਈਡਨ ਪ੍ਰਸ਼ਾਸਨ ਅਗਲੇ ਹਫਤੇ ਬੁੱਧਵਾਰ ਨੂੰ ਇਕ ਵੈਬਸਾਈਟ ਦੀ ਸ਼ੁਰੂਆਤ ਕਰਨ ਜਾ ਰਿਹਾ ਹੈ ਜਿਸ ਵੈਬਸਾਈਟ 'ਤੇ ਹਰ ਅਮਰੀਕੀ ਪ੍ਰਤੀ ਵਿਅਕਤੀ 4 ਕੋਵਿਡ-19 ਟੈਸਟਿੰਗ ਕਿੱਟਾਂ ਮੁਫਤ ਲੈਣ ਲਈ ਬੇਨਤੀ ਕਰ ਸਕਦਾ ਹੈ।

ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਰਿਕਾਰਡ ਪੱਧਰ ਉਪਰ ਵਧ ਰਹੇ ਕੋਵਿਡ ਮਾਮਲਿਆਂ ਕਾਰਨ ਬਾਈਡਨ ਪ੍ਰਸ਼ਾਸਨ ਨੇ 50 ਕਰੋੜ ਟੈਸਟ ਕਿੱਟਾਂ ਖਰੀਦੀਆਂ ਹਨ ਤੇ ਆਰਡਰ ਦੇਣ ਉਪਰੰਤ 7 ਤੋਂ 12 ਦਿਨਾਂ ਦੇ ਵਿਚ ਇਹ ਕਿੱਟਾਂ ਡਾਕ ਸੇਵਾ ਰਾਹੀਂ ਘਰਾਂ ਵਿਚ ਭੇਜ ਦਿੱਤੀਆਂ ਜਾਣਗੀਆਂ। ਇਸ ਹਫਤੇ ਦੇ ਸ਼ੁਰੂ ਵਿਚ ਰਾਸ਼ਟਰਪਤੀ ਜੋ ਬਾਈਡਨ ਨੇ ਇਕ ਅਰਬ ਟੈਸਟ ਕਿੱਟਾਂ ਖਰੀਦਣ ਦਾ ਐਲਾਨ ਕੀਤਾ ਸੀ।

# ਹੱਤਿਆ ਦੇ ਮਾਮਲੇ ਵਿਚ ਇਕ ਔਰਤ 27 ਸਾਲ ਜੇਲ੍ਹ ਵਿਚ ਬਿਤਾਉਣ ਉਪਰੰਤ ਦੋਸ਼ ਮੁਕਤ ਕਰਾਰ

## ਉਸ ਦੇ ਦੋਸਤ ਦੀ ਹੋਈ ਜੇਲ੍ਹ ਵਿਚ ਹੀ ਮੌਤ

**ਸੈਕਰਾਮੈਂਟੋ 17 ਜਨਵਰੀ–** ਟੈਨੇਸੀ ਦੀ ਇਕ ਔਰਤ ਜੋ ਹੁਣ 74 ਸਾਲਾਂ ਦੀ ਹੋ ਗਈ ਹੈ, ਨੂੰ ਆਪਣੀ ਭਤੀਜੀ ਦੀ ਧੀ ਦੀ ਹੱਤਿਆ ਦੇ ਮਾਮਲੇ ਵਿਚ ਗਲਤ ਤੌਰ 'ਤੇ ਦੋਸ਼ੀ ਕਰਾਰ ਦੇਣ ਕਾਰਨ 27 ਸਾਲ ਜੇਲ੍ਹ ਵਿਚ ਬਿਤਾਉਣੇ ਪਏ। 35 ਸਾਲ ਬਾਅਦ ਹੁਣ ਉਸ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ। ਡੇਵਿਡਸਨ ਕਾਊਂਟੀ ਦੀ ਕ੍ਰਿਮੀਨਲ ਅਦਾਲਤ ਵਿਚ ਦਾਇਰ ਕੀਤੀ ਗਈ ਰਿਪੋਰਟ ਅਨੁਸਾਰ 26 ਜਨਵਰੀ ,1987 ਨੂੰ ਜੋਇਸੀ ਵਾਟਕਿਨਜ ਤੇ ਉਸ ਦਾ ਤਤਕਾਲ ਦੋਸਤ ਚਾਰਲੀ ਡੂਨ 4 ਸਾਲਾ ਬੱਚੀ (ਜੋਇਸੀ ਦੀ ਭਤੀਜੀ ਦੀ ਧੀ) ਬਰਾਂਡੀ ਨੂੰ ਕੈਂਟਕੀ ਵਿਚੋਂ ਲੈਣ ਗਏ ਸਨ। ਅਗਲੀ ਸਵੇਰ ਨੂੰ ਬਰਾਂਡੀ ਬੇਹੋਸ਼ ਹੋ ਗਈ ਜਿਸ 'ਤੇ ਜੋਇਸੀ ਵਾਟਕਿਨਜ ਨੈਸ਼ਵਿਲੇ ਮੈਮੋਰੀਅਲ ਹਸਪਤਾਲ ਲੈ ਗਈ। ਬਰਾਂਡੀ ਦੇ ਯੋਨੀ ਵਿਚ ਗੰਭੀਰ ਜਖਮ ਸਨ ਤੇ ਉਸ ਦੇ ਸਿਰ ਵਿਚ ਵੀ ਸੱਟ ਲੱਗੀ ਸੀ। ਅਗਲੇ ਦਿਨ ਬਰਾਂਡੀ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਰਿਪੋਰਟ ਅਨੁਸਾਰ ਬਰਾਂਡੀ ਦੇ ਨਾਲ ਵਾਟਕਿਨਜ ਤੇ ਡੂਨ 9 ਘੰਟੇ ਰਹੇ। ਮੈਡੀਕਲ ਮਾਹਿਰ ਡਾਕਟਰ ਗਰੇਟਰ ਹਰਲਨ ਇਸ ਸਿੱਟੇ ਉਪਰ ਪੁੱਜ ਕੇ ਬੱਚੀ ਦੇ ਸੱਟਾਂ ਇਸ ਸਮੇ ਦੌਰਾਨ ਹੀ ਲੱਗੀਆਂ ਸਨ। ਇਸ ਤੋਂ ਇਕ ਸਾਲ ਬਾਅਦ ਅਗਸਤ






1988 ਵਿਚ ਵਾਟਕਿਨਜ ਤੇ ਡੂਨ ਨੂੰ ਫਸਟ ਡਿਗਰੀ ਹੱਤਿਆ ਲਈ ਤੇ ਜਬਰ-ਜਨਾਹ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ। 2015 ਵਿਚ ਜਮਾਨਤ ਹੋਣ ਤੋਂ ਪਹਿਲਾਂ ਦੋਨਾਂ ਨੇ 27 ਸਾਲ ਜੇਲ੍ਹ ਵਿਚ ਬਿਤਾਏ ਪਰੰਤੂ ਡੂਨ ਦੀ ਜਮਾਨਤ ਉਪਰ ਰਿਹਾਈ ਤੋਂ ਪਹਿਲਾਂ ਹੀ ਜੇਲ੍ਹ ਵਿਚ ਮੌਤ ਹੋ ਗਈ। ਇਸ ਸਮੇ ਦੌਰਾਨ ਕੈਂਟਕੀ ਦਾ ਸਮਾਜਕ ਸੇਵਾਵਾਂ ਬਾਰੇ ਵਿਭਾਗ ਦਾ ਇਕ ਵਰਕਰ ਰੋਜ ਵਿਲਿਅਮਜ ਦੇ ਉਸ ਘਰ ਵਿਚ ਵਾਰ-ਵਾਰ ਗਿਆ ਜਿਥੇ ਬਰਾਂਡੀ ਆਪਣੀ ਵੱਡੀ ਚਾਚੀ ਕੋਲ ਰਹਿੰਦੀ ਸੀ ਜਿਥੋਂ ਵਾਟਕਿਨਜ ਤੇ ਡੂਨ ਨੇ ਉਸ ਨੂੰ ਲਿਆ ਸੀ। ਉਸ ਸਮੇ ਬਰਾਂਡੀ ਦੀ ਮਾਂ ਜਾਰਜੀਆ ਵਿਚ ਸੀ। ਵਿਲਿਅਮਜ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਬਰਾਂਡੀ ਖੇਡ ਮੈਦਾਨ ਵਿਚ ਜਖਮੀ ਹੋਈ ਸੀ ਤੇ ਇਸ ਉਪਰੰਤ ਕੇਸ ਦੀ ਜਾਂਚ ਬੰਦ ਕਰ ਦਿੱਤੀ ਗਈ। ਹੁਣ 35 ਸਾਲ ਬਾਅਦ ਵਾਟਕਿਨਜ ਤੇ ਡੂਨ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ। ਡਿਸਟ੍ਰਿਕਟ ਅਟਾਰਨੀ ਗਲੈਨ ਫੂੰਕ ਨੇ ਕਿਹਾ ਹੈ ਕਿ 'ਜੋਇਸੀ ਤੇ ਡੂਨ ਨਿਰਦੋਸ਼ ਹਨ। ਅਸੀਂ ਉਨ੍ਹਾਂ ਵੱਲੋਂ ਜੇਲ੍ਹ ਵਿਚ ਬਿਤਾਇਆ ਸਮਾਂ ਤਾਂ ਵਾਪਿਸ ਨਹੀਂ ਕਰ ਸਕਦੇ ਪਰੰਤੂ ਅਸੀਂ ਉਨ੍ਹਾਂ ਦਾ ਮਾਣ ਸਨਮਾਨ ਤਾਂ ਬਹਾਲ ਕਰ ਸਕਦੇ ਹਾਂ। '

# ਲਾਸ ਏਂਜਲਸ ਕਾਊਂਟੀ ਵਿਚ ਮਾਲ ਗੱਡੀਆਂ ਵਿਚੋਂ ਕੰਪਨੀਆਂ ਦੇ ਪਾਰਸਲਾਂ ਦੀ ਚੋਰੀ ਦੀਆਂ ਘਟਨਾਵਾਂ ਵਿਚ ਹੋਇਆ ਵਾਧਾ

**ਸੈਕਰਾਮੈਂਟੋ 16 ਜਨਵਰੀ–** ਲਾਸ ਏਂਜਲਸ ਕਾਊਂਟੀ, ਕੈਲੀਫੋਰਨੀਆ, ਵਿਚ ਮਾਲ ਗੱਡੀਆਂ ਵਿਚੋਂ ਪਾਰਸਲਾਂ ਦੀ ਚੋਰੀ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ । ਰੇਲ ਪੱਟੜੀਆਂ ਦੇ ਨਾਲ ਪਏ ਖਾਲ੍ਹੀ ਡੱਬਿਆਂ ਦੀਆਂ ਵਾਇਰਲ ਹੋਈਆਂ ਤਸਵੀਰਾਂ ਤੇ ਵੀਡੀਓਜ਼ ਤੋਂ ਇਸ ਦਾ ਅੰਦਾਜਾ ਸਹਿਜੇ ਹੀ ਲੱਗ ਜਾਂਦਾ ਹੈ। ਸ਼ਿੰਪਿੰਗ ਕੰਪਨੀਆਂ ਅਨੁਸਾਰ ਰੇਲ ਗੱਡੀਆਂ ਵਿਚ ਡੱਬਿਆਂ ਤੇ ਪੈਕਟਾਂ ਦੀ ਚੋਰੀ ਦੀਆਂ ਘਟਨਾਵਾਂ ਵਿਚ ਨਾਟਕੀ ਢੰਗ ਨਾਲ ਵਾਧਾ ਹੋਇਆ ਹੈ। ਜਿਨ੍ਹਾਂ ਕੰਪਨੀਆਂ ਦੇ ਡੱਬੇ ਤੇ ਪੈਕਟ ਚੋਰੀ ਹੋਏ ਹਨ ਉਨ੍ਹਾਂ ਵਿਚ ਯੂ ਪੀ ਐਸ, ਐਮਾਜ਼ੋਨ ਤੇ ਫੈਡਐਕਸ ਵਰਗੀਆਂ ਕੰਪਨੀਆਂ ਵੀ ਸ਼ਾਮਿਲ ਹਨ। ਰੇਲ ਰਾਹੀਂ ਸਮਾਨ ਭੇਜਣ ਵਾਲੀ ਅਮਰੀਕਾ ਦੀ ਸਭ ਤੋਂ ਵੱਡੀ ਕੰਪਨੀ ਯੁਨੀਅਨ ਪੈਸੀਫਿਕ ਨੇ ਕਿਹਾ ਹੈ ਕਿ ਵਧੀਆਂ ਚੋਰੀ ਦੀਆਂ ਘਟਨਾਵਾਂ ਕਾਰਨ ਉਹ ਲਾਸ ਏਂਜਲਸ ਵਿਚ ਰੇਲ ਗੱਡੀਆਂ ਰਾਹੀਂ ਸਮਾਨ ਭੇਜਣਾ ਬੰਦ ਕਰ ਸਕਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਅਪਰਾਧੀਆਂ ਵਿਰੁੱਧ ਕਾਰਵਾਈ ਵਿੱਚ ਢਿਲੇਪਣ ਕਾਰਨ ਚੋਰੀ ਦੀਆਂ ਘਟਨਾਵਾਂ ਰੁਕਣ ਦੀ ਬਜਾਏ ਵਧ ਰਹੀਆਂ ਹਨ।



ਕੰਪਨੀ ਨੇ ਪਿਛਲੇ ਮਹੀਨੇ ਲਾਸ ਏਂਜਲਸ ਡਿਸਟ੍ਰਿਕਟ ਅਟਾਰਨੀ ਨੂੰ ਲਿੱਖੇ ਇਕ ਪੱਤਰ ਵਿਚ ਕਿਹਾ ਹੈ ਕਿ ਲਾਸ ਏਂਜਲਸ ਕਾਊਂਟੀ ਵਿਚ ਹਰ ਸਾਲ ਚੋਰੀ ਦੀਆਂ ਘਟਨਾਵਾਂ ਵਿਚ 160% ਵਾਧਾ ਹੋਇਆ ਹੈ। ਕੰਪਨੀ ਅਨੁਸਾਰ ਸਾਲ ਦੇ ਆਖਰੀ ਤਿੰਨ ਮਹੀਨਿਆਂ ਦੌਰਾਨ ਉਸ ਨੇ ਲਾਸ ਏਂਜਲਸ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਗੱਡੀਆਂ ਵਿਚ ਲੁੱਟਮਾਰ ਕਰਦੇ ਸਰਗਰਮ 100 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਸੀ । ਯੁਨੀਅਨ ਪੈਸੀਫਿਕ ਜਿਸ ਦਾ ਆਪਣਾ ਪੁਲਿਸ ਵਿਭਾਗ ਹੈ ਜਿਸ ਦੇ ਅਧਿਕਾਰ ਖੇਤਰ ਵਿਚ ਉਸ ਦੀਆਂ ਆਪਣੀਆਂ 32000 ਮੀਲ ਲੰਬੀਆਂ ਪੱਟੜੀਆਂ ਆਉਂਦੀਆਂ ਹਨ, ਨੇ ਕਿਹਾ ਹੈ ਕਿ ਉਸ ਵੱਲੋਂ ਸੁਰੱਖਿਆ ਸਾਧਨ ਵਧਾਉਣ ਤੇ ਸਥਾਨਕ ਲਾਅ ਇਨਫੋਰਸਮੈਂਟ ਏਜੰਸੀ ਨਾਲ ਭਾਈਵਾਲੀ ਪਾਉਣ ਦੇ ਬਾਵਜੂਦ ਸਮੱਸਿਆ ਹੱਲ ਨਹੀਂ ਹੋਈ। ਕੰਪਨੀ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ 24 ਘੰਟਿਆਂ ਵਿਚ ਹੀ ਛੱਡ ਦਿੱਤਾ ਜਾਂਦਾ ਹੈ। ਦੂਸਰੇ ਪਾਸੇ ਡਿਸਟ੍ਰਿਕਟ ਅਟਾਰਨੀ ਗੈਸਕੋਨ ਦੇ ਵਿਸ਼ੇਸ਼ ਸਲਾਹਕਾਰ ਅਲੈਕਸ ਬਸਟੀਅਨ ਨੇ ਇਸ ਬਾਰੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਸਾਡਾ ਦਫਤਰ ਲਾਸ ਏਂਜਲਸ ਕਾਊਂਟੀ ਵਿਚ ਰੇਲ ਪੱਟੜੀਆਂ ਜਾਂ ਬੰਦਰਗਾਹਾਂ ਨੂੰ ਸੁਰੱਖਿਅਤ ਕਰਨ ਲਈ ਲਾਅ ਇਨਫੋਰਸਮੈਂਟ ਵਿਭਾਗ ਨਾਲ ਮਿਲ ਕੇ ਕੰਮ ਕਰਨ ਪ੍ਰਤੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਯੁਨੀਅਨ ਪੈਸੀਫਿਕ ਵੱਲੋਂ ਚੋਰੀ ਸਬੰਧੀ ਭੇਜੇ ਗਏ ਕੁਝ ਮਾਮਲੇ ਦਰਜ ਕੀਤੇ ਗਏ ਹਨ ਪਰੰਤੂ ਨਾ ਕਾਫੀ ਸਬੂਤਾਂ ਕਾਰਨ ਕੁਝ ਮਾਮਲੇ ਦਰਜ ਨਹੀਂ ਕੀਤੇ ਗਏ ਕਿਉਂਕਿ ਕਾਰਵਾਈ ਸਬੂਤਾਂ ਅਧਾਰਤ ਹੁੰਦੀ ਹੈ।



# ਓਰਗੋਨ ਵਿਚ ਰੈਪ ਸੰਗੀਤ ਸੰਮੇਲਨ ਦੌਰਾਨ ਚੱਲੀ ਗੋਲੀ, 6 ਜ਼ਖਮੀ

**ਸੈਕਰਾਮੈਂਟੋ 16 ਜਨਵਰੀ–** ਈਉਗੇਨ ਸ਼ਹਿਰ, (ਓਰਗੋਨ) ਵਿਚ ਲੰਘੀ ਰਾਤ ਇਕ ਰੈਪ ਸੰਗੀਤ ਸੰਮਲੇਣ ਦੌਰਾਨ ਗੋਲੀਆਂ ਚੱਲਣ ਦੀ ਵਾਪਰੀ ਘਟਨਾ ਵਿਚ 6 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁੱਖੀ ਕ੍ਰਿਸ ਸਕਿਨਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਨਾਜ਼ਕ ਹੈ ਜਿਸ ਦੀ ਸਰਜਰੀ ਕੀਤੀ ਗਈ ਹੈ ਜਦ ਕਿ ਬਾਕੀਆਂ ਦੀ ਹਾਲਤ ਬਾਰੇ ਉਹ ਕੁਝ ਨਹੀਂ ਜਾਣਦਾ। ਪੁਲਿਸ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਲਿਲ ਬੀਨ ਤੇ ਜੈ ਬਾਂਗ ਦੇ ਸ਼ੋਅ ਦੌਰਾਨ ਵਾਪਰੀ ਹੈ।

www.deshdoaba.com
www.ambedkartimes.com

# ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਕੁਟੀਆ ਬਾਬਾ ਜਮਨਾ ਦਾਸ ਅਜੋਲੀ ਵਿਖੇ ਆਦਿ ਧਰਮ ਮੰਡਲ ਦੇ ਬਾਨੀ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ

ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਕੁਟੀਆ ਬਾਬਾ ਅਜੋਲੀ ਵਿਖੇ ਗਦਰ ਲਹਿਰ ਦੇ ਆਗੂ, ਆਜ਼ਾਦੀ ਘੁਲਾਟੀਏ, ਆਦਿ ਧਰਮ ਮੰਡਲ ਦੇ ਬਾਨੀ ਸਾਬਕਾ ਵਿਧਾਇਕ ਬ ਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ ਦਿਵਸ ਮਨਾਇਆ ਗਿਆ। ਇਸ ਸਬੰਧੀ ਕਰਵਾਏ ਗਏ ਜਾਗਰੂਕਤਾ ਸਮਾਗਮ ਵਿੱਚ ਵਿੱਚ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ, ਬਾਬਾ ਜਗਤਾਰ ਸਿੰਘ ਚੇਅਰਮੈਨ ਕੁਟੀਆ ਬਾਬਾ ਜਮਨਾ ਦਾਸ ਵੈਲਫੇਅਰ ਸੁਸਾਇਟੀ, ਕੁਲਦੀਪ ਚੰਦ ਰਾਸ਼ਟਰੀ ਸਕੱਤਰ, ਸਤਵਿੰਦਰ ਮਦਾਰਾ ਜਲੰਧਰ, ਪ੍ਰਧਾਨ ਗੁਰਮੇਲ ਸਿੰਘ, ਸਰਪੰਚ ਪੁਸ਼ਪਿੰਦਰ ਕੌਰ ਆਦਿ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ। ਇਨ੍ਹਾਂ ਆਗੂਆਂ ਦੱਸਿਆ ਕਿ ਬਾਬੂ ਮੰਗੂ ਰਾਮ ਮੂਗੋਵਾਲੀਆ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਬੈਠਕੇ ਹੀ ਪੜਣਾ ਪੈਂਦਾ ਸੀ। ਬਾਬੂ ਮੰਗੂ ਰਾਮ ਨੇ ਦੇਸ਼ ਦੀ ਅਜਾਦੀ ਲਈ ਗਦਰ ਲਹਿਰ ਵਿੱਚ ਕੰਮ ਕੀਤਾ। ਉਸ ਵੇਲੇ ਚੱਲਦੇ ਪਾਖੰਡਾਂ ਕਾਰਨ ਅਛੂਤਾਂ ਨੂੰ ਕਈ ਅਧਿਕਾਰਾਂ ਤੋਂ ਬਾਂਝੇ ਰੱਖਿਆ ਗਿਆ ਸੀ ਅਤੇ ਇਨ੍ਹਾਂ ਅਧਿਕਾਰਾਂ ਲਈ ਬਾਬੂ ਜੀ ਨੇ ਕਠੋਰ ਸੰਘਰਸ਼ ਕੀਤਾ। ਆਪ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਅਜ਼ਾਦੀ ਦੀ ਲੜਾਈ ਲਈ ਕੰਮ ਕੀਤਾ। ਵਿਦੇਸ਼ ਤੋਂ ਵਾਪਸ ਆਕੇ 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੁਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਨਾਉਣਗੇ ਅਤੇ ਆਦਿ ਧਰਮ ਮੰਡਲ ਦੀ ਸਥ੍ਾਪਨਾ ਕੀਤੀ। ਆਦਿ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦਿ ਧਰਮ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਗੁਲਾਮ ਭਾਰਤ ਵਿੱਚ ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਸੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਇਸ ਸਮਾਗਮ ਵਿੱਚ ਹਾਜਰ ਲੋਕਾਂ ਨੇ ਬਾਬੂ ਜੀ ਵਲੋਂ ਕੀਤੇ ਗਏ ਸੰਘਰਸ਼ ਅਤੇ ਦਰਸਾਏ ਰਸਤੇ ਤੇ ਚੱਲਕੇ ਪੀੜ੍ਹਿਤ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਘੋਸ਼ਣਾ ਕੀਤੀ।



ਇਸ ਮੌਕੇ ਪ੍ਰੇਮ ਸਿੰਘ, ਸਵਰਨ ਸਿੰਘ, ਜਗਮੋਹਨ ਸਿੰਘ, ਅਵਤਾਰ ਸਿੰਘ, ਜਗਤਾਰ ਸਿੰਘ ਬੀਕਾਪੁਰ, ਜੋਤੀ ਦੇਵੀ, ਬਲਾਕ ਸੰਮਤੀ ਮੈÐਬਰ ਨਿਰਮਲਾ ਦੇਵੀ, ਸ਼ਿੰਦ ਦੇਵੀ, ਨਸੀਬੋ ਦੇਵੀ, ਬੀਐਸਪੀ ਪ੍ਰਧਾਨ ਰਾਮ ਪਾਲ, ਭੀਮ ਆਰਮੀ ਪ੍ਰਧਾਨ ਅਸਵਨੀ ਕੁਮਾਰ, ਰਕੇਸ਼ ਕੁਮਾਰ, ਅਮਰਜੀਤ, ਜੈਮਲ ਸਿੰਘ, ਸੁਖਦੇਵ ਸਿੰਘ, ਭਾਗ ਸਿੰਘ, ਚਰਨ ਦਾਸ, ਗੀਤਾ ਰਾਮ, ਗੁਲਜ਼ਾਰੀ ਲਾਲ,

ਕਲਾ ਦੇਵੀ, ਰਚਨਾ ਆਦਿ ਹਾਜ਼ਰ ਸਨ। ਇਸ ਮੌਕੇ ਕੁਟੀਆ ਬਾ ਬਾ ਜਮਨਾ ਦਾਸ ਦੇ ਪ੍ਰਬੰਧਕਾ ਵਲੋਂ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।

**ਕੁਲਦੀਪ ਚੰਦ** 91-94175-63054







# (ਪੰਜਾਬ ਦੀ ਸਿਆਸਤ ਦੇ ਰੰਗ)

# ਵਿਧਾਨ ਸਭਾ ਹਲਕਾ ਬੰਗਾ (46) : ਸਿਆਸੀ ਜੰਗ 2022 ਆਓ ਜਾਣੀਏ ਆਪਣੇ ਉਮੀਦਵਾਰਾਂ ਨੂੰ!

ਰਾਜਨੀਤੀ ਜਾਂ ਸਿਆਸਤ ਕੀ ਹੁੰਦੀ ਹੈ ? ਰਾਜਨੀਤੀ ਜਾਂ ਸਿਆਸਤ ਉਹਨਾਂ ਗਤੀਵਿਧੀਆਂ ਦਾ ਸਮੂਹ ਹੁੰਦਾ ਹੈ। ਅ-ਜਹੀਆਂ ਗਤੀਵਿਧੀਆਂ ਜੋ ਸਮੂਹਿਕ ਤੌਰ 'ਤੇ ਲੋਕਹਿੱਤ ਵਿੱਚ ਫੈਸਲੇ ਲੈਣ ਜਾਂ ਵਿਅਕਤੀਗਤ ਸ਼ਕਤੀ, ਸੰਬੰਧਾਂ ਦੇ ਹੋਰ ਰੂਪਾਂ, ਜਿਵੇਂ ਕਿ ਸੰਸਾਧਨਾਂ ਜਾਂ ਹਾਲਾਤਾਂ ਨਾਲ ਸੰਬੰਧਿਤ ਹੁੰਦੀਆਂ ਹਨ। ਸਮਾਜਿਕ ਵਿਗਿਆਨ ਦੀ ਸ਼ਾਖਾ ਜੋ ਰਾਜਨੀਤੀ ਅਤੇ ਸਰਕਾਰ ਦਾ ਅਧਿਐਨ ਕਰਦੀ ਹੈ ਨੂੰ ਰਾਜਨੀਤੀ ਜਾਂ ਸਿਆਸਤ ਕਿਹਾ ਜਾਂਦਾ ਹੈ। ਇਸੇ ਨੂੰ ਹੀ ਅਸੀਂ ਰਾਜਨੀਤੀ, ਰਾਜਨੀਤੀ ਸ਼ਾਸਤਰ ਜਾਂ ਸਿਆਸਤ ਵਜੋਂ ਜਾਣਦੇ ਹਾਂ। ਭਾਰਤ ਦੇ ਇਤਿਹਾਸ ਵਿੱਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੀ ਮੁੱਖ ਰਹਿ-ਨੁਮਾਈ ਹੇਠ ਭਾਰਤੀ ਸੰਵਿਧਾਨ ਤਿਆਰ ਕੀਤਾ ਗਿਆ। ਉਹਨਾਂ ਦੀ ਕੁਰਬਾਨੀ ਨੂੰ ਅੱਖੋਂ ਪਰੋਖਾ ਕਰਨਾ ਇੱਕ ਤਰ੍ਹਾਂ ਧਰਤੀ 'ਤੇ ਪਾਣੀ ਦੀ ਹੋਂਦ ਤੋਂ ਬਿਨ੍ਹਾਂ ਜੀਵਨ ਅਤੇ ਅਕਾਸ਼ ਵਿੱਚ ਹਵਾ ਤੋਂ ਬਿਨ੍ਹਾਂ ਅਸੰਭਵ ਕਲਪਨਾ ਕਰਨ ਵਾਂਗ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਭਾਰਤ ਹੀ ਨਹੀਂ ਸਗੋਂ ਦੁਨੀਆਂ ਦੀ ਬਹੁਪੱਖੀ ਸ਼ਖ-ਸੀਅਤ ਪ੍ਰਵਾਨੀ ਗਈ ਹੈ। ਇਸ ਕਰਕੇ ਅੱਜ ਜੇਕਰ ਦੁਨੀਆਂ ਵਿੱਚ ਕੋਈ ਗਿਆਨ ਦਾ ਪ੍ਰਤੀਕ (SYMBOL OF KNOWLEDGE) ਹੈ ਤਾਂ ਉਹ ਸਿਰਫ ਤੇ ਸਿਰਫ ਬਾਬਾ ਸਾਹਿਬ ਹੀ ਹਨ। ਕੋਈ ਮੰਨੇ ਭਾਵੇਂ ਨਾ ਮੰਨੇ ਪਰ ਇਹ ਗੱਲ ੨ਸੱਚੋ-ਸੱਚ" ਹੈ। ਇੱਥੇ ਇਹ ਗੱਲ ਵੀ ਪ੍ਰਵਾਨ ਕਰਨੀ ਹੀ ਪਵੇਗੀ ਕਿ ਸੋਲ਼ਾਂ ਆਨੇ ਵੀਹ ਵਿਸਵੇ ਵਾਲੀ ਕਹਾਵਤ ਵਾਂਗ ਇਹ ਮੰਨਣਾ ਪਵੇਗਾ ਕਿ ਅੱਜ ਭਾਰਤ ਦਾ ਹਰ ਵਿਅਕਤੀ ਬਾਬਾ ਸਾਹਿਬ ਦੇ ਨਾਮ ਤੋਂ ਜਾਣੂੰ ਹੋਣ ਤੋਂ ਇਨਕਾਰ ਨਹੀਂ ਕਰ ਸਕਦਾ। ਜਿਸ ਸਮਾਜ ਨਾਲ ਪਿਛਲੇ ਕਰੀਬਨ 5 ਹਜਾਰ ਸਾਲਾਂ ਤੋਂ ਘੋਰ ਅਪਮਾਨ, ਘੋਰ ਤਸੀਹੇ, ਪਸ਼ੂਆਂ ਵਰਗਾ ਵਿਵਹਾਰ ਅਤੇ ਹਰ ਅਨੈਤਿਕ ਕੰਮ ਹੁੰਦਾ ਰਿਹਾ ਹੋਵੇ, ਉਹ ਸਾਰੇ ਗੈਰ-ਮਾਨਵੀ ਵਿਵਹਾਰਾਂ ਤੇ ਖੋਹੇ ਹੋਏ ਹੱਕਾਂ ਨੂੰ ਕਾਨੂੰਨੀ ਜਾਮ੍ਹਾਂ ਦੇਣ ਵਾਲੇ ਭਾਰਤੀ ਸੰਵਿਧਾਨ ਨੂੰ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਸੰਵਿਧਾਨ 'ਚ ਦਿੱਤੀ ਵਿਵਸਥਾ ਕਾਰਨ ਹੀ ਹਰ ਪੰਜ ਸਾਲ ਬਾਅਦ ਦੇਸ਼/ਸੂਬਿਆਂ ਵਿੱਚ ਚੋਣਾਂ ਹੁੰਦੀਆਂ ਹਨ। ਕਿਉਂਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿਸ ਕਾਰਨ ੨ਵੋਟਰੈ ਹੀ ਰਾਜੇ (ਹੁਕਮਰਾਨ)/ਸ਼ਾਸਕ ਦੀ ਚੋਣ ਕਰਦਾ ਹੈ। ਇਹਨਾਂ ਚੋਣਾਂ ਨੂੰ ਕਰਵਾਉਣ ਲਈ ਬਾਬਾ ਸਾਹਿਬ ਨੇ ਹੀ ਚੋਣ ਕਮਿਸ਼ਨ ਦੀ ਸਥਾਪਨਾ ਕੀਤੀ ਸੀ ਤਾਂ ਜੋ ਭਾਰਤ ਦਾ ਹਰ ਇੱਕ ਵਰਗ, ਨਾਗਰਿਕ ਬਿਨ੍ਹਾਂ ਕਿਸੇ ਡਰ, ਭੈਅ ਤੇ ਆਪਣੀ ਮੱਤ (ਅਕਲ, ਸੂਝ/ਬੂਝ) ਨਾਲ ਆਪਣੀ ਵੋਟ ਦਾ ਇਸਤੇਮਾਲ ਕਰ ਸਕੇਗਾ। ਹੁਣ ਭਾਰਤੀ ਚੋਣ ਕਮਿਸ਼ਨ ਵਲੋਂ ਭਾਰਤ ਦੇ 5 ਸੂਬਿਆਂ ਵਿੱਚ ਚੋਣਾਂ ਕਰਵਾਈਆਂ ਜਾ ਰਹੀਆਂ ਹਨ ਅਤੇ ਸਭ ਦਾ ਨਤੀਜਾ 10 ਮਾਰਚ ਨੂੰ ਐਲਾਨਿਆਂ ਜਾਵੇਗਾ। ਗੱਲ ਜੇਕਰ ਆਪਣੇ ਪਿੱਤਰੀ ਰਾਜ ਪੰਜਾਬ ਦੀ ਕਰੀਏ ਤਾਂ 117 ਚੋਣ ਹਲਕਿਆਂ ਵਿੱਚ 14 ਫਰਵਰੀ ਨੂੰ ਚੋਣਾਂ ਹੋਣ ਜਾ ਰਹੀਆਂ ਹਨ। ਬਾਬਾ ਸਾਹਿਬ ਤੇ ਕਾਂਗਰਸੀ ਆਗੂਆਂ ਦਰਮਿਆਨ 1932 ਦੇ ਪੂਨਾ ਪੈਕੇਟ ਸਮਝੌਤੇ ਮੁਤਾਬਿਕ ਤੇ ਅੱਜ ਦੇ ਹਾਲਾਤਾਂ ਅਤੇ ਆ-ਬਾਦੀ ਦੇ ਹਿਸਾਬ ਨਾਲ 34 ਵਿਧਾਨ ਸਭਾ ਹਲਕੇ ਸਿਰਫ ਅਨੁਸੂਚਿਤ ਜਾਤੀ (ਐੱਸ.ਸੀ. ਭਾਈਚਾਰੇ ਦੀਆਂ 39 ਜਾਤਾਂ) ਲਈ ਰਾਖਵੇਂ ਹਨ। ਅੱਜ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਚੋਣ ਕਮਿਸ਼ਨ ਚੋਣਾਂ ਕਰਾਉਣ ਲਈ ਤਿਆਰ ਬਰ ਤਿਆਰ ਹੈ ਅਤੇ ਸਿਹਤ ਮਹਿਕਮਾਂ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਿਸ਼ਾ ਨਿਰਦੇਸ਼ ਲਗਾਤਾਰ ਦਿੱਤੇ ਜਾ ਰਹੇ ਹਨ। ਜਿਸ ਮੁਤ-ਾਬਿਕ ਹਰ ਸਿਆਸੀ ਪਾਰਟੀ ਨੂੰ ਆਪੋ-ਆਪਣੀ ਵਿਉਂਤਬੰਦੀ/ਕਾਰਜਸ਼ੈੱਲੀ ਇੱਕ ਦਾਇਰੇ ਵਿੱਚ ਰਹਿ ਕੇ ਬਣ-ਾਉਣੀ ਪੈ ਰਹੀ ਹੈ। ਇੱਥੇ ਵਰਣਨਯੋਗ ਹੈ ਕਿ ਚੋਣਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਪਰ ਲੋਕਾਂ ਦੀ ਸਿਹਤ ਨਾਲ ਖਿ-ਲਵਾੜ, ਖਾਸ ਕਰਕੇ ਕਰੋਨਾ ਮਹਾਂਮਾਰੀ ਅਤੇ ਕੋਰੋਨਾ ਤੋਂ ਵੀ ਭੈੜੀਆਂ ਬਿਮਾਰੀਆਂ (ਓਮੀਕ੍ਰੋਨ ਆਦਿ) ਵਾਰੇ ਹਰ ਇੱਕ ਨੂੰ ਸੁਚੇਤ ਹੋ ਕੇ ਚੋਣ ਮੈਦਾਨ ਵਿੱਚ ਵਿਚਰਨਾ ਚਾਹੀਦਾ ਹੈ।

### ਸ਼੍ਰੋਮਣੀ ਅਕਾਲੀ ਦਲ (ਬ) ਅਤੇ ਬਹੁਜਨ ਸਮਾਜ ਪਾਰਟੀ ਗੱਠਜੋੜ

ਸਾਲ 2017 ਤੋਂ ਸਾਲ 2022 ਤੱਕ ਦੇ ਕਾਰਜਕਾਲ ਦੌਰਾਨ ਜੇਕਰ ਬੰਗਾ ਹਲਕੇ ਦੇ ਵੋਟਰਾਂ ਦੀ ਗੱਲ ਕਰੀਏ ਤਾਂ ਹਲਕੇ ਦੇ ਕੁੱਲ 45 ਹਜਾਰ 256 ਵੋਟਰਾਂ ਨੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੂੰ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਭਾਰਤੀ ਜਨਤਾ ਪਾਰਟੀ ਦਾ ਸਾਂਝਾ ਵਿਧਾਇਕ ਚੁਣ ਕੇ ਵਿਧਾਨ ਸਭਾ 'ਚ ਭੇਜਿਆ ਗਿਆ। ਉਪਰੰਤ ਚੱਲੇ ਕਿਸਾਨੀ ਸੰਘਰਸ਼, ਦਿਨ-ਬ-ਦਿਨ ਬਦਲ ਰਹੇ ਸਿਆਸੀ ਹਾਲਾਤ, ਲੀਡਰਾਂ ਅਤੇ ਕੌਮੀ ਪੱਧਰ 'ਤੇ ਪੰਜਾਬ 'ਚ ਬਣ ਰਹੇ ਗੱਠਜੋੜਾਂ ਉਪਰੰਤ ਇਸ ਪਾਰਟੀ ਦਾ ਬਹੁਜਨ ਸਮਾਜ ਪਾਰਟੀ ਨਾਲ 25 ਸਾਲਾਂ ਬਾਅਦ ਮੁੜ ਗੱਠਜੋੜ ਹੋਇਆ ਹੈ। ਜਿਸ ਤਹਿਤ ਡਾ. ਸੁਖਵਿੰਦਰ ਕੁਮਾਰ ਸੁੱਖੀ ਮੁੜ ਚੋਣ ਮੈਦਾਨ ਵਿੱਚ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੰਗਾ ਰਾਖਵੇਂ ਹਲਕੇ ਵਿੱਚ ਬਹੁਜਨ ਸਮਾਜ ਪਾਰਟੀ ਦਾ 1981 ਤੋਂ ਮਜਬੂਤ ਆਧਾਰ ਰਿਹਾ ਹੈ। ਸਾਲ 2017 ਵਿੱਚ ਇਹ ਵੀ ਇੱਕ ਚਰਚਾ ਰਹੀ ਕਿ ਡਾ. ਸੁੱਖੀ ਦੀ ਚੋਣ ਵਿੱਚ ਦਲਿਤ (ਐੱਸ.ਸੀ.) ਵੋਟਰਾਂ ਦਾ ਵੱਧ ਭੁਗਤਾਨ ਕਾਰਨ, ਜਿੱਤ ਦੇ ਨਿਸ਼ਾਨ ਝੂਲੇ ਸਨ। ਹੁਣ ਤੱਕ ਡਾ. ਸੁੱਖੀ ਦੇ ਹੱਕ ਵਿੱਚ ਸ. ਸੁਖਵੀਰ ਸਿੰਘ ਬਾਦਲ ਇੱਕ ਸਫ਼ਲ ਚੋਣ ਰੈਲੀ ਨੂੰ ਸੰਬੋਧਨ ਕਰਕੇ ਗਏ ਹਨ ਤੇ ਪਿੱਠ ਥਪਥਪਾ ਕੇ ਗਏ ਹਨ ਕਿ ਜੇਕਰ ਪੰਜਾਬ ਵਿੱਚ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਡਾ. ਸੁੱਖੀ ਦੇ ਅਣਗੌਲ਼ੇ ਹਲਕੇ ਨੂੰ ਵੱਡੀ ਜੁੰਮੇਵਾਰੀ ਦਿੱਤੀ ਜਾਵੇਗੀ। ਸਭ ਤੋਂ ਪਹਿਲਾਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ 14 ਜੂਨ 2021 ਨੂੰ ਹੋਇਆ ਸੀ। ਜਿਸ ਦਾ ਲਾਭ ਜਿੱਥੇ ਦੋਵਾਂ ਪਾਰਟੀਆਂ ਦੇ ਆਗੂਆਂ ਨੂੰ ਹੋਇਆ, ਉੱਥੇ ਬੰਗਾ ਹਲਕੇ ਵਿੱਚ ਡਾ. ਸੁੱਖੀ ਨੇ ਹਲਕੇ ਦੇ ਸਾਰੇ ਪਿੰਡ/ਵਾਰਡ/ਘਰ-ਘਰ ਦਾ ਦੌਰਾ ਵੀ ਮੁਕ-ਮਲ ਕਰ ਲਿਆ ਹੈ। ਡਾ. ਸੁੱਖੀ ਅਤੇ ਉਹਨਾਂ ਦੀ ਟੀਮ ਪੂਰੇ ਉਤਸ਼ਾਹ ਵਿੱਚ ਹੈ। ਬੰਗਾ ਹਲਕੇ ਨੂੰ ਮਜਬੂਤ, ਨਵੇਂ ਰਾਹਾਂ 'ਤੇ ਤੋਰ ਕੇ ਸਮੇਂ ਦੇ ਹਾਣੀ ਬਣਾਉਣ ਲਈ ਕੇਸਰੀ ਅਤੇ ਨੀਲੇ ਝੰਡੇ ਦੇ ਸੁਮੇਲ ਨੂੰ ਲੈ ਕੇ ਚੜ੍ਹਦੀ ਕਲਾ ਵਿੱਚ ਹਨ।

### ਆਮ ਆਦਮੀ ਪਾਰਟੀ

ਦਿੱਲੀ ਵਿੱਚ ਲੋਕਪਾਲ ਤੇ ਜਨਤਕ ਮੁੱਦਿਆਂ ਵਿੱਚੋਂ ਅੰਨਾ ਹਜਾਰੇ ਦੇ ਅੰਦੋਲਨ ਉਪਰੰਤ ਆਮ ਆਦਮੀ ਪਾਰਟੀ ਹੋਂਦ ਵਿੱਚ ਆਈ। ਸਾਲ 2017 ਵਿੱਚ ਪੰਜਾਬ ਭਰ ਵਿੱਚ ਅਤੇ ਕੁੱਝ ਸਰਵਿਆਂ ਵਿੱਚ ਪਾਰਟੀ ਸਰਕਾਰ ਬਣਾਉਂਦੀ ਬਣਾਉਂਦੀ ਪੱਛੜ ਗਈ। ਜਿਸ ਵਾਰੇ ਅਜੇ ਤੱਕ ਮੰਥਨ ਜਾਰੀ ਹੈ। ਪਾਰਟੀ ਵਿੱਚ ਬੁਰੀ ਤਰ੍ਹਾਂ ਟੁੱਟ-ਭੱਜ ਹੋਈ, ਪਰ ਇਸ ਦੇ ਬਾਵਜੂਦ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਪਾਰਟੀ ਪੰਜਾਬ ਦੀ ਇੱਕ ਪ੍ਰਮੁੱਖ ਸਿਆਸੀ ਧਿਰ ਹੈ। ਪੰਜਾਬ ਦੀ ਧਰਤੀ 'ਤੇ ਆ-ਪਣੀਆਂ ਗਰੰਟੀਆਂ ਰਾਹੀਂ ਪੰਜਾਬ ਦੇ ਲੋਕਾਂ ਨੂੰ, ਦਿੱਲੀ ਮਾਡਲ ਵਾਂਗ ਪੰਜਾਬ ਨੂੰ ਮੁੜ ਪੈਰਾਂ 'ਤੇ ਅਤੇ ਹਰ ਪੱਖੋਂ ਮਜਬੂਤ ਕਰਨਾ ਚਾਹੁੰਦੇ ਹਨ। ਵਿਧਾਨ ਸਭਾ ਹਲਕਾ ਬੰਗਾ ਤੋਂ ਸਭ ਤੋਂ ਘੱਟ ਉਮਰ ਦੇ ਨੌਜਵਾਨ ਆਗੂ ਸ਼੍ਰੀ ਕੁਲਜੀਤ ਸਿੰਘ ਸਰਹਾਲ ਨੂੰ ਪਾਰਟੀ ਵਲੋਂ ਉਮੀਦਵਾਰ ਐਲਾਨਿਆ ਗਿਆ ਹੈ। ਪਿਛਲੀਆਂ ਚੋਣਾਂ ਸਮੇਂ ਬੀਬੀ ਹਰਜੀਤ ਕੌਰ ਲੋਹਟੀਆ ਨੂੰ ਉਮੀਦਵਾਰ ਬਣਾਇਆ ਗਿਆ ਸੀ, ਪਰ ਨਵੀਂ ਉਮੀਦਵਾਰ, ਨਵੀਂ ਪਾਰਟੀ ਦੇ ਬਾਵਜੂਦ ਉਹ ਕੁੱਝ ਹਜਾਰ ਵੋਟਾਂ ਨਾਲ ਡਾ. ਸੁਖਵਿੰਦਰ ਕੁਮਾਰ ਸੁੱਖੀ ਤੋਂ ਪੱਛੜ ਗਏ ਸਨ। ਮੌਜੂਦਾ ਸਮੇਂ ਦੌਰਾਨ ਸ਼੍ਰੀ ਕੁਲਜੀਤ ਸਿੰਘ ਸਰਹਾਲ ਦਾ ਸਿਆਸੀ ਪਿਛੋਕੜ ਵੀ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਬਣਾਈ 'ਰਿਪਬਲਿਕਨ ਪਾਰਟੀ ਆਫ ਇੰਡੀਆ' ਨਾਲ ਜੁੜਦਾ ਹੈ। ਉਹਨਾਂ ਦੇ ਪਿਤਾ ਸਵ: ਬਲਵੰਤ ਸਿੰਘ ਸਰਹਾਲ ਇਸ ਪਾਰਟੀ ਅਤੇ ਇਸ ਇਲਾਕੇ ਦੇ ਸਿਰਕੱਢ ਆਗੂ ਸਨ। ਸਵ: ਬਲਵੰਤ ਸਿੰਘ ਸਰਹਾਲ ਸਾਲ 1985 ਵਿੱਚ ਸੁਰਜੀਤ ਸਿੰਘ ਬਰਨਾਲ਼ਾ ਦੀ ਵਜਾਰਤ ਵਿੱਚ ਵਿਧਾਇਕ ਚੁਣੇ ਗਏ ਸਨ ਅਤੇ ਸਮਾਲ ਸਕੇਲ ਇੰਡਸਟਰੀ ਦੇ ਚੇਅਰਮੈਨ ਬਣਾਏ ਗਏ ਸਨ। ਕੁਲਜੀਤ ਸਰਹਾਲ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਮੁੱਖ ਜੁੰਮੇਵਾਰ ਅਹੁੱਦਿਆਂ 'ਤੇ ਆਪਣੀਆਂ ਸੇਵਾਵਾਂ ਦੇ ਰਹੇ ਸਨ। ਉਹ ਮੌਜੂਦਾ ਬਲਾਕ ਸੰਮਤੀ ਔੜ ਦੇ ਚੇਅਰਮੈਨ ਵੀ ਹਨ। ਉਹ ਸਕੂਲਾਂ, ਕਾਲਜਾਂ ਦੀਆਂ ਅਨੇਕਾਂ ਕਮੇਟੀਆਂ ਦੇ ਜੁੰਮੇਵਾਰ ਮੈਂਬਰ ਅਤੇ ਅਹੁੱਦੇਦਾਰ ਹਨ। ਸ਼੍ਰੀ ਕੁਲਜੀਤ ਨੂੰ ਪਾਰਟੀ ਛੱਡਣ ਵਾਰੇ ਜਦੋਂ ਉਹਨਾਂ ਤੋਂ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਆਮ ਪਾਰਟੀ ਹੀ ਪੰਜਾਬ ਦੀ ਇੱਕੋ-ਇੱਕ ਆਸ ਦੀ ਕਿਰਨ ਹੈ। ਉਹ ਪੂਰੇ ਉਤਸ਼ਾਹ ਵਿੱਚ ਹਨ ਤੇ ਨਵੀਂ ਸਿਆਸੀ ਪਾਰੀ ਪਹਿਲੀ ਵਾਰੀ ਖੇਡ ਰਹੇ ਹਨ। ਪਾਰਟੀ ਵਿੱਚ ਨਰਾਜ਼ਗੀਆਂ ਵੀ ਹਨ। ਦੂਜੇ ਪਾਸੇ ਨੌਜਵਾਨ ਪੀੜ੍ਹੀ ਨਵੇਂ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੀ ਨਜ਼ਰ ਆਉਂਦੀ ਹੈ। ਉਹ ਆਪਣਾ ਭਵਿੱਖ ਸੁਰੱਖਿਅਤ ਅਤੇ ਉਹਨਾਂ ਲਈ ਦੁਨੀਆਂ ਇੱਕ ਗਲੋਬਲ ਪਿੰਡ ਹੈ।

### ਇੰਡੀਅਨ ਨੈਸ਼ਨਲ ਕਾਂਗਰਸ

ਇੰਡੀਅਨ ਨੈਸ਼ਨਲ ਕਾਂਗਰਸ ਭਾਰਤ ਦੀ ਸਭ ਤੋਂ ਪੁਰਾਣੀ ਤੇ ਆਜ਼ਾਦੀ ਤੋਂ ਪਹਿਲਾਂ 1885 ਈ: 'ਚ ਸਥਾਪਿਤ ਹੋਈ ਸੀ। ਬੰਗਾ ਹਲਕਾ ਕਿਸੇ ਵੇਲੇ ਕਾਂਗਰਸ ਪਾਰਟੀ ਦਾ ਗੜ੍ਹ ਰਿਹਾ ਹੈ। ਇੱਕ ਸਮੇਂ ਬੰਗਾ ਹਲਕਾ ਜਨਰਲ ਹਲਕਾ ਸੀ, ਜਿੱਥੋਂ ਸ. ਦਿਲਬਾਗ ਸਿੰਘ ਨਵਾਂਸ਼ਹਿਰ ਵਿਧਾਇਕ ਵੀ ਚੁਣੇ ਗਏ ਸਨ। ਉਪਰੰਤ ਚੌਧਰੀ ਜਗਤ ਰਾਮ ਸੂੰਢ (ਮਰਹੂਮ) ਦੀ ਗੱਲ ਕਰੀਏ ਤਾਂ ਉਹ ਜਿੱਥੇ ਵਜੀਰ ਰਹਿ ਚੁੱਕੇ ਹਨ। ਉੱਥੇ ਉਹਨਾਂ ਦੇ ਪੁੱਤਰ, ਸਾਬਕਾ ਪਾਸਪੋਰਟ ਅਫ਼ਸਰ ਅਤੇ ਸ. ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਦੇ ਓ.ਐੱਸ.ਡੀ. ਵੀ ਰਹੇ ਹਨ। ਉਸ ਉਪਰੰਤ ਸ਼੍ਰੀ ਤਰਲੋਚਨ ਸਿੰਘ ਸੂੰਢ ਨੇ ਬੰਗਾ ਦੀ ਸਿਆਸਤ ਵਿੱਚ ਸ਼ਿਰਕਤ ਕੀਤੀ ਅਤੇ 2 ਵਾਰ ਕਾਂਗਰਸ ਪਾਰਟੀ ਦੀ ਟਿਕਟ 'ਤੇ ਵਿਧਾਇਕ ਚੁਣੇ ਗਏ। ਇੱਥੇ ਇਹ ਲਿਖਣਾ ਸ਼ਾਇਦ ਗੈਰ-ਵਾਜ਼ਿਬ ਨਹੀਂ ਹੋਵੇਗਾ ਕਿ ਕਿਸੇ ਵੇਲੇ ਬੰਗਾ ਹਲਕੇ ਤੋਂ ਕਾਂਗਰਸ ਦੀ ਟਿਕਟ ਟਕਸਾਲੀ, ਬਜ਼ੁਰਗ ਤੇ ਬੰਗਾ ਸ਼ਹਿਰ ਦੇ ਨਿਵਾਸੀ ਸ਼੍ਰੀ ਡੋਗਰ ਰਾਮ ਮੁਨੀਮ, ਇਸੇ ਤਰ੍ਹਾਂ ਸ. ਪਾਖਰ ਸਿੰਘ ਨਿਮਾਣਾ (ਚੌਧਰੀ ਜਗਤ ਰਾਮ ਸੂੰਢ ਦੇ ਔਖੇ ਸਮੇਂ ਦੇ ਸਭ ਤੋਂ ਨੇੜਲੇ ਸਾਥੀ) ਅਤੇ ਸਾਲ 2017 ਵਿੱਚ ਜਦੋਂ ਸ਼੍ਰੀ ਸਤਨਾਮ ਸਿੰਘ ਕੈਂਥ ਜੀ ਨੂੰ ਕਾਂਗਰਸ ਨੇ ਟਿਕਟ ਦੇ ਕੇ ਨਿਵਾਜਿਆ ਸੀ ਤਾਂ ਉਕਤ ਆਗੂਆਂ ਦੇ ਖਿਲਾਫ ਚੌਧਰੀ ਤਰਲੋਚਨ ਸਿੰਘ ਸੂੰਢ ਨੇ ਆਪਣਾ ਵਿਰੋਧ ਜਤਾਇਆ, ਜਿਸ ਕਾਰਨ ਕਾਂਗਰਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਜਿਸ ਦਾ ਨਤੀਜਾ ਅੱਜ ਬੰਗਾ ਹਲਕੇ ਦੇ ਕਰੀਬ 12 ਉਮੀਦਵਾਰ ਟਿਕਟ ਦੇ ਦਾਅਵੇਦਾਰ ਹਨ। ਦੂਜੇ ਪਾਸੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਦੇ ਸਭ ਤੋਂ ਕਰੀਬੀ ਪ੍ਰਿੰਸੀਪਲ ਸੈਕਟਰੀ ਜਿਹੜੇ ਬੰਗਾ ਹਲਕੇ ਤੋਂ ਚੋਣ ਲੜਨ ਦੇ ਮੁੱਖ ਦਾਅਵੇਦਾਰ ਮੰਨੇ ਜਾਂਦੇ ਸਨ। ਸਮਝਿਆ ਜਾ ਰਿਹਾ ਹੈ, ਜਦੋਂ ਉਹਨਾਂ ਨੇ ਬੰਗਾ ਸਿਆਸੀ ਹਲਕੇ ਦੇ ਧਰਾਤਲ ਨੂੰ ਜਾਣਿਆਂ ਤਾਂ ਉਹ ਚੋਣ ਮੈਦਾਨ ਵਿੱਚੋਂ ਪਿੱਛੇ ਹਟ ਗਏ। ਬੰਗਾ ਹਲਕੇ ਦੇ ਜੁਝਾਰੂ ਅਤੇ ਕੱਟੜ ਵਰਕਰ ਬੇਸਬਰੀ ਨਾਲ ਕਾਂਗਰਸੀ ਉਮੀਦਵਾਰ ਦੇ ਐਲਾਨ ਦੀ ਉਡੀਕ ਕਰ ਰਹੇ ਹਨ। ਸਾਲ 2017 ਤੋਂ ਸਾਲ 2022 ਤੱਕ ਕੈਪਟਨ ਅਮਰਿੰਦਰ ਸਿੰਘ ਅਤੇ ਸ. ਚਰਨਜੀਤ ਸਿੰਘ ਚੰਨੀ ਦੁਆਰਾ ਕੀਤੇ ਗਏ ਐਲਾਨਾਂ ਅਤੇ ਕੰਮਾਂ ਦਾ ਲੇਖਾ-ਜੋਖਾ ਵੀ ਇਹਨਾਂ ਵਿਧਾਨ ਸਭਾ ਚੋਣਾਂ ਦੌਰਾਨ ਇੱਕ ਮੁੱਦਾ ਰਹੇਗਾ। ਪੰਜਾਬ ਦੇ 13 ਹਜਾਰ ਤੋਂ ਵੱਧ ਪਿੰਡਾਂ ਦੇ ਸਰਪੰਚਾਂ ਨਾਲ ਸ਼ਹਿਰਾਂ ਦੇ ਮੁਕਾਬਲੇ ਪਿਛਲੇ 60 ਮਹੀਨਿਆਂ ਤੋਂ ਦਿੱਤਾ ਜਾਣਾ ਵਾਲਾ ਨਿਗੁਣਾ ਜਿਹਾ 12 ਸੌ ਰੁਪਏ ਪ੍ਰਤੀ ਮਹੀਨਾ ਭੱਤਾ ਨਾ ਅਕਾਲੀ ਸਰਕਾਰ ਨੇ ਦਿੱਤਾ ਅਤੇ ਨਾ ਮੌਜੂਦਾ ਕਾਂਗਰਸ ਸਰਕਾਰ ਨੇ ਦਿੱਤਾ। ਪਿੰਡਾਂ ਵਿੱਚ ਚੁਣੇ ਹੋਏ ਸਰਪੰਚ ਇਹਨਾਂ ਲੀਡਰਾਂ ਦਾ ਕਿੰਝ ਸਵਾਗਤ ਕਰਨਗੇ, ਜਿਹੜੇ ਵਿਧਾਇਕ/ਅਫ਼ਸਰ/ਪੈਨਸ਼ਨ ਹੋਲਡਰ ਹਰ ਮਹੀਨੇ ਬੈਂਕਾਂ 'ਚ ਜਾ ਕੇ ਏ.ਟੀ.ਐਮ. ਰਾਹੀਂ ਪੈਸੇ ਕਢਾ ਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਦੇ ਹਨ। ਦੂਜੇ ਪਾਸੇ ਕਿਸੇ ਵੀ ਪਾਰਟੀ ਦਾ ਕੋਈ ਵੀ ਆਗੂ ਅੱਜ ਤੱਕ ਸਰਪੰਚਾਂ ਨੂੰ ਟਿੱਚ ਕਰਕੇ ਨਹੀਂ ਜਾਣਿਆਂ।

### ਪੰਜਾਬ ਵਿੱਚ ਨਵੀਂਆਂ ਰਾਜਨੀਤਿਕ ਧਿਰਾਂ ਅਤੇ ਦਬਾਓ ਸਮੂਹ

ਰਾਜਨੀਤੀ ਸੰਭਾਵਨਾ ਦੀ ਖੇਡ ਹੈ, ਕਦੇ ਕਿਸੇ ਨੇ ਸੋਚਿਆ ਸੀ ਕਿ ਇੱਕ ਦਿਨ ਦੇਸ਼ ਦੇ ਅਟਲ ਬਿਹਾਰੀ ਵਾਜਪਾਈ ਨੂੰ 5 ਵੋਟਾਂ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਛੱਡਣੀ ਪਈ ਸੀ। ਭਾਰਤ ਦੇਸ਼ ਖਾਸ ਕਰਕੇ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ 3 ਖੇਤੀਬਾੜੀ ਕਾਨੂੰਨੀ ਖਿਲਾਫ ਉੱਠੀ ਸੰਸਾਰ ਪੱਧਰੀ ਰੋਸ ਦੀ ਲਹਿਰ ਕਾਰਨ ਸਭ ਸਿਆਸੀ ਪਾਰਟੀਆਂ ਦੇ ਏਜੰਡੇ, ਸਮੀਕਰਨ ਹਵਾ-ਹਵਾਈ ਹੋ ਗਏ। ਇਸ ਸਭ ਕੁੱਝ ਦੇ ਬਾਵਜੂਦ ਜਿੱਥੇ ਲੱਖਾਂ ਪੰਜਾਬੀਆਂ ਨੇ ਸਭ ਧਰਮਾਂ, ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਇੱਕ ਜ਼ਹਾਦ ਵਾਂਗ ਲੈ ਕੇ ਆਪਣੀ ਸ਼ਮੂਲੀਅਤ ਕਰਨੀ ਆਪਣਾ ਨੈਤਿਕ ਫ਼ਰਜ ਸਮਝਿਆ, ਉੱਥੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮਦਿਨ ਮੌਕੇ 'ਤੇ ਇਹ 3 ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਹੀ ਪਿਆ। ਜਿਸ ਨੂੰ ਪੰਜਾਬ ਹੀ ਨਹੀਂ ਸਗੋਂ ਕਿਸਾਨੀ ਅੰ-ਦੋਲਨ ਨਾਲ ਜੁੜੇ ਹਰ ਵਰਗ ਨੇ ਆਪਣੀ ਜਿੱਤ ਸਮ-ਝਆ। ਜਿਸ ਉਪਰੰਤ ਸੰਯੁਕਤ ਕਿਸਾਨ ਮੋਰਚਾ ਨੇ ਆਖਿਰ ਰਾਜਨੀਤੀ ਜਿਸ ਨੂੰ ਅਣਗੌਲ਼ੇ ਕੀਤਾ ਜਾਂਦਾ ਰਿਹਾ ਸੀ,



ਸੰਤੋਖ ਸਿੰਘ ਜੱਸੀ
91-70876–19800

ਸੰਯੁਕਤ ਕਿਸਾਨ ਮੋਰਚਾ ਦੇ 10 ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨਣੀ ਹੀ ਪਈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਜਿੰਨਾ ਕਿਸਾਨੀ ਅੰਦੋਲਨ ਵਿੱਚ ਮਜਦੂਰ, ਦਲਿਤ ਵਰਗ ਅਤੇ ਸਦੀਆਂ ਤੋਂ ਹਾਸ਼ੀਏ 'ਤੇ ਕੀਤੇ ਲੋਕਾਂ ਨੇ ਕਦਮ-ਕਦਮ 'ਤੇ ਆਪਣਾ ਭਰਪੂਰ ਸਹਿਯੋਗ ਦਿੱਤਾ। ਪਰ ਦੁੱਖ ਤੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮਜਦੂਰ ਵਰਗ ਦੇ ਹਿੱਸੇ ਦੀ ਜਮੀਨ, ਉਹਨਾਂ ਦੀ 5 ਸੌ ਰੁਪਏ ਪ੍ਰਤੀਦਿਨ ਦਿਹਾੜੀ, ਉਹਨਾਂ ਦਾ ਮਾਨ-ਸਨਮਾਨ, ਉਹਨਾਂ ਦੇ ਸੀਰੀਪੁਣੇ ਦਾ ਖਾਤਮਾ, ਉਹਨਾਂ ਦਾ ਬਾਕੀ ਨਾਗਰਿਕਾਂ ਬਰਾਬਰ ਕਿੱਥੇ ਹੈ। ਮਜਦੂਰ ਇਹ ਸਮਝਦੇ ਹਨ ਕਿ ਕਿਸਾਨੀ ਸੰਘਰਸ਼ ਨੇ ਉਹਨਾਂ ਨੂੰ ਸਿਰਫ ਵਰਤਿਆ ਹੈ। ਜੋ ਹਜਾਰਾਂ ਸਾਲਾਂ ਤੋਂ ਪਹਿਲਾਂ ਵੀ ਵਰਤਿਆ ਜਾ ਰਿਹਾ ਸੀ। ਅੱਜ ਮੁੱਖ-ਮੰਤਰੀ ਦੇ ਦਾਅਵੇਦਾਰ ਕਿਹੜੇ ਮਜਦੂਰ ਦੇ ਪੁੱਤ ਹਨ। ਕਿਸੇ ਵੀ ਸਿਆਸੀ ਪਾਰਟੀ ਕੋਲ ਕੋਈ ਜਵਾਬ ਹੈ ? ਬੰਗਾ ਵਿਧਾਨ ਸਭਾ ਹਲਕੇ ਤੋਂ ਚੌਧਰੀ ਮੋਹਣ ਲਾਲ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਚੁੱਕੇ ਹਨ। ਦੂਜੇ ਪਾਸੇ ਉਹਨਾਂ ਦੇ ਪਿਤਾ ਚੌਧਰੀ ਸਵਰਨਾ ਰਾਮ ਲੰਮੇ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਸਿਰਮੌਰ ਆਗੂ ਹਨ। ਉਹਨਾਂ ਦੀਆਂ ਸੇਵਾਵਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਵਿਧਾਨ ਸਭਾ ਹਲਕਾ ਬੰਗਾ ਦੇ ਇੰਚਾਰਜ ਰਹੇ ਸਤਵੀਰ ਸਿੰਘ ਪੱਲੀ ਝਿੱਕੀ ਜਿਹਨਾਂ ਨੇ ਕਰੀਬ ਸਾਢੇ 4 ਸਾਲ ਕਾਂਗਰਸ ਪਾਰਟੀ ਦੀ ਨੁਮਾਇੰਦਗੀ ਕੀਤੀ ਅਤੇ ਲੋਕਾਂ ਦੇ ਕੰਮਕਾਰ ਅਤੇ ਗਰੰਟਾਂ ਦਿ-ਵਾਉਣ ਵਿੱਚ ਸਿਰਤੋੜ ਯਤਨ ਕੀਤੇ। ਉਹਨਾਂ ਦਾ ਬੰਗਾ ਹਲਕੇ ਵਿੱਚ ਆਪਣਾ ਹੀ ਇੱਕ ਅਸਰ ਰਸੂਖ ਹੈ, ਦੂਜੇ ਪਾਸੇ ਕੰਨਸੋਆਂ ਇਹ ਵੀ ਹਨ ਕਿ ਉਹ ਨਵਾਂਸ਼ਹਿਰ ਹਲਕੇ ਤੋਂ ਚੋਣ ਲੜ ਕੇ ਅੰਗਦ ਸਿੰਘ ਸੈਣੀ ਨੂੰ ਮਾਤ ਵੀ ਦੇ ਸਕਦੇ ਹਨ। ਬੰਗਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਪੁਰਾਣੇ ਸਮਰਥਕ, ਸੰਘਰਸ਼ਸ਼ੀਲ ਆਗੂ ਅਤੇ ਹਮੇਸ਼ਾਂ ਲੋਕਾਂ ਦੇ ਮਸਲਿਆਂ ਨੂੰ ਉਭਾਰਨ ਵਾਲੇ ਅਤੇ ਉਹਨਾਂ ਨਾਲ ਖੜ੍ਹਨ ਵਾਲੇ ਸ. ਮੱਖਣ ਸਿੰਘ ਤਾਹਰਪੁਰੀ ਵੀ ਚੋਣ ਮੈਦਾਨ 'ਚ ਹਨ। ਜੇਕਰ ਉਪਰੋਕਤ ਹਾਲਾਤਾਂ, ਉਮੀਦਵਾਰਾਂ ਦੇ ਚਿਹਰੇ ਸਿਆਸੀ ਪਿਛੋਕੜ ਲੋਕਾਂ ਨਾਲ ਤਾਲਮੇ਼ਲ, ਲੋਕਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕਰਨ ਵਾਲੀ ਕਿਹੜੀ ਪਾਰਟੀ ਦਾ ਕਿਹੜਾ ਆਗੂ ਹੋ ਸਕਦਾ ਹੈ ? ਇਹ ਕਹਿਣਾ ਤਾਂ ਅਜੇ ਦੂਰ ਦੀ ਗੱਲ ਹੈ ! ਪਰ ਜੋ ਮੌਜੂਦਾਂ ਹਾਲਾਤ ਲੱਗ ਰਹੇ ਹਨ। ਮੁਕਾਬਲਾ ਬਹੁਤ ਸਖਤ ਹੋਣ ਦੀਆਂ ਭਰਪੂਰ ਸੰਭਾਵਨਾਵਾਂ ਹਨ। ਆਉਣ ਵਾਲੇ ਦਿਨਾਂ ਵਿੱਚ ਜਿੱਥੇ ਸਿਆਸੀ ਪਾਰਟੀਆਂ ਚੋਣ ਸਰਗਰਮੀਆਂ ਦੀਆਂ ਚਰਮਸੀਮਾਂ ਨੂੰ ਛੂਹਣਗੀਆਂ ਉੱਥੇ ੨ਗਲੀ-ਗਲੀ ਵਣਜਾਰਾ ਫਿਰਦਾ ਵੰਗਾਂ ਚੜ੍ਹਾ ਲਓ ਕੱਚ ਦੀਐਂ ਵਾਂਗ ਤੁਹਾਨੂੰ ਹਰ ਲੀਡਰ ਤੁਹਾਡੇ ਹਰ ਗਲੀ-ਮੁਹੱਲੇ ਵਿੱਚ ਮਿਲਣਗੇ। ਆਧੁਨਿਕ ਤਕਨੀਕਾਂ ਜਿਵੇਂ ਫੇਸਬੁੱਕ, ਵੱਟਸਅੱਪ, ਇੰਸਟਾਗ੍ਰਾਮ, ਸ਼ੇਅਰਚੈਟ, ਟਵੀਟਰ, ਯੂ-ਟਿਊਬ ਆਦਿ 'ਤੇ ਸਭ ਲੀਡਰ ਅਤੇ ਉਹਨਾਂ ਦੇ ਸਮਰਥਕ ਨਜਰ ਆਉਣਗੇ। ਉੱਥੇ ਲੱਗਦਾ ਹੈ ਕਿ ਚੋਣ ਨਤੀਜਿਆਂ ਦਾ ਫੈਸਲਾ ਆਖਰੀ ਸਮੇਂ ਪੁਆਇੰਟਾਂ, ਪਲੰ-ਟੀਆਂ ਵਰਗਾ ਹੋਣ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਕਾਰਨ ਹਰ ਵੋਟਰ ਨੂੰ ਆਪਣੀ ਵੋਟ ਦਾ ਇਸਤੇਮਾਲ ਬਿਨ੍ਹਾਂ ਕਿਸੇ ਡਰ-ਭੈਅ, ਬਿਨ੍ਹਾਂ ਲਾਲਚ, ਦਬਾਓ ਤੇ ਬੇਖੌਫ਼ ਹੋ ਕੇ ਕਰਨਾ ਚਾਹੀਦਾ ਹੈ। ਪੰਜਾਬ ਦੀ ਨਵੀਂ ਬਣਨ ਜਾ ਰਹੀ ਸਰਕਾਰ ਵਿੱਚ ਤੁਹਾਡੇ ਸੁਪਨਿਆਂ, ਖ਼ੁਆਬਾਂ ਅਤੇ ਤੁਹਾਡੇ ਬੱਚਿਆਂ ਦਾ ਵਰਤਮਾਨ, ਭਵਿੱਖ ਅਤੇ ਆਉਣ ਵਾਲੀਆਂ ਨਸਲਾਂ, ਵਾਤਾਵਰਣ ਅਤੇ ਹਰ ਭਾਈਚਾਰੇ ਦੀ ਆਪਸੀ ਸਾਂਝ ਕਾਇਮ ਕਰਨ ਵਾਲਾ, ਸਰਵਪੱਖੀ ਵਿਕਾਸ ਕਰਨ ਵਾਲਾ ਨੇਤਾ, ਧੜ੍ਹੇ ਰਹਿਤ ਤੇ ਮਾਨਵਤਾ-ਇਨਸਾਨੀਅਤ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਹਲਕੇ ਨੂੰ ਸਮਰਪਿਤ ਹੋਵੇ। ਅਜਿਹੇ ਆਗੂ ਨੂੰ ਤਰਾਸ਼ਣਾ ਹਰ ਵੋਟਰ ਦੀ ਲੋਕਤੰਤਰੀ ਦੇਸ਼ ਵਿੱਚ ਇੱਕ ਖ਼ੂਬ-ਸੂਰਤੀ ਮੰਨੀ ਜਾਂਦੀ ਹੈ। ਦੇਖੋ ਅਤੇ ਉਡੀਕ ਕਰੋ 10 ਮਾਰਚ ਦੀ। ਚੋਣਾਂ ਤੋਂ ਪਹਿਲਾਂ ਹਰ ਵੋਟਰ ਇੱਕ ਸੂਝਵਾਨ ਨਾਗਰਿਕ ਹੈ ਅਤੇ ਇੱਕ ਰਾਜੇ ਦੀ ਵੋਟ, ਇੱਕ ਸਾਧਾਰਨ ਮਜਦੂਰ ਦੀ ਵੋਟ ਦੇ ਬਰਾਬਰ ਹੈ। ਉੱਠੋ ਜਾਗੋ ਤੇ ਸੁਚੇਤ ਹੋਵੋ ਤੇ ਆਪਣੇ ਸਹੀ ਉਮੀਦਵਾਰ ਦੀ ਚੋਣ ਕਰੋ ਅਤੇ ਆਪਣਾ ਤੇ ਆਪਣੇ ਹਲਕੇ ਦਾ ਵਿਕਾਸ ਕਰੋ। ਲੋਕਤੰਤਰ ਜ਼ਿੰਦਾਬਾਦ, ਜੈ ਸੰਵਿਧਾਨ, ਜੈ ਭਾਰਤ।




NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

# ਪੰਜਾਬ ਵਿਚ ਚੋਣਾਂ ਦੀ ਤਾਰੀਖ ਬਦਲਣ ਦਾ ਫੈਸਲਾ ਸ਼ਲਾਘਾਯੋਗ



**ਜਲੰਧਰ–** ਚੋਣ ਕਮਿਸ਼ਨ ਭਾਰਤ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 14 ਫਰਵਰੀ ਦੀ ਥਾਂ 20 ਫਰਵਰੀ ਨੂੰ ਕਰਵਾਏ ਜਾਣ ਦਾ ਫੈਸਲਾ ਸ਼ਲਾਘਾਯੋਗ ਹੈ ਅਤੇ ਅੰਬੇਡਕਰਾਇਟ ਲੀਗਲ ਫੋਰਮ ਪੰਜਾਬ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਚੋਣ ਕਮਿਸ਼ਨ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ 2 ਹਫਤਿਆਂ ਤੋਂ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਵਸ 16 ਫਰਵਰੀ ਨੂੰ ਮਨਾਉਣ ਲਈ ਸੰਗਤਾਂ 12 ਫਰਵਰੀ 2022 ਨੂੰ ਬਨਾਰਸ (ਯੂ. ਪੀ.) ਨੂੰ ਜਾਣਾ ਸ਼ੁਰੂ ਕਰ ਦਿੰਦੀਆਂ ਹਨ, ਜਿਸ ਕਰਕੇ 14 ਫਰਵਰੀ ਨੂੰ ਵੋਟ ਨਹੀਂ ਪਾਈ ਜਾ ਸਕਦੀ ਅਤੇ ਲੱਖਾਂ ਸ਼ਰਧਾਲੂ ਵੋਟ ਪਾਉਣ ਦੇ ਹੱਕ ਤੋਂ ਵਾਂਝੇ ਰਹਿ ਜਾਣਗੇ। ਇਸ ਲਈ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦਿਆਂ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਚੋਣਾਂ 14 ਫਰਵਰੀ ਦੀ ਥਾਂ 20 ਫਰਵਰੀ ਨੂੰ ਕਰਵਾਈਆਂ ਜਾਣ। ਚੋਣ ਕਮਿਸ਼ਨ ਵੱਲੋਂ ਮੰਗ ਮੰਨੇ ਜਾਣ ਤੇ ਅੰਬੇਡਕਰਾਇਟ ਲੀਗਲ ਫੋਰਮ ਵੱਲੋਂ ਖੁਸ਼ੀ ਪ੍ਰਗਟ ਕੀਤੀ ਅਤੇ ਧੰਨਵਾਦ ਕੀਤਾ। ਪੀ. ਏ. ਪੀ. ਚੌਂਕ ਜਲੰਧਰ ਵਿਖੇ ਲਗਾਏ ਗਏ ਧਰਨੇ ਵਿਚ ਅੰਬੇਡਕਰਾਇਟ ਲੀਗਲ ਫੋਰਮ ਦੇ ਮੈਂਬਰ ਐਡਵੋਕੇਟ ਹਰਭਜਨ ਸਾਂਪਲਾ, ਪ੍ਰਿਤਪਾਲ ਸਿੰਘ, ਰਾਜ ਕੁਮਾਰ ਬੈਂਸ, ਮੁਹਿੰਮਦਰਪਾਲ ਤੇ ਹੋਰ ਹਾਜ਼ਰ ਸਨ।

# ਸੰਤ ਸਮਾਜ ਵੱਲੋਂ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਦੀ ਤਾਰੀਖ ਬਦਲਣ ਦਾ ਸਵਾਗਤ

**ਸ੍ਰੀ ਚਰਨ ਛੋਹ ਗੰਗਾ–** ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ (ਅੰਮ੍ਰਿਤ ਕੁੰਡ) ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਸਿੰਘ ਹੀਰਾ ਅਤੇ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਦੇ ਪ੍ਰਧਾਨ ਸੰਤ ਸਰਵਣ ਦਾਸ ਜੀ ਦੀ ਅਗਵਾਈ ਵਿਚ ਇਕ ਵਿਸ਼ੇਸ਼ ਮੀਟਿੰਗ ਰੱਖੀ ਗਈ, ਜਿਸ ਵਿਚ ਭਾਰਤ ਦੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਗਈ ਸੀ ਕਿ ਹਰ ਸਾਲ ਸਤਿਗੁਰੂ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਪੂਰੇ ਵਿਸ਼ਵ ਭਰ ਵਿਚ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਜੋ ਕਿ ਇਸ ਸਾਲ 16 ਫਰਵਰੀ ਨੂੰ ਆ ਰਿਹਾ ਹੈ ਅਤੇ ਜਿਸ ਸਬੰਧੀ ਸਮਾਗਮ ਪਹਿਲਾਂ ਹੀ ਸ਼ੁਰੂ ਹੋ ਜਾਣਗੇ। ਸਮਾਗਮਾਂ ਦੇ ਦਿਨਾਂ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਕ ਅਸਥਾਨਾਂ ਤੇ ਸੰਗਤਾਂ ਵੱਡੀ ਗਿਣਤੀ ਨਤਮਸਤਕ ਹੋ ਕੇ ਜੀਵਨ ਸਫਲਾ ਕਰਦੀਆਂ ਹਨ। ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਦੀ ਮਿਤੀ 14 ਫਰਵਰੀ 2022 ਨੂੰ ਕਰਵਾਉਣ ਦੇ ਐਲਾਨ ਕੀਤੇ ਗਏ ਸੀ, ਜਿਸ ਕਾਰਨ ਸੰਗਤਾਂ ਵਿਚ ਹਲਚਲ ਮਚ ਗਈ ਹੈ, ਜਿਸ ਤੇ ਵਿਚਾਰ ਕਰਦਿਆਂ ਕਮਿਸ਼ਨ ਨੇ ਹੁਣ ਵੋਟਾਂ ਦੀ ਤਾਰੀਖ 20 ਫਰਵਰੀ ਕਰ ਦਿੱਤੀ ਹੈ, ਜਿਸ ਦਾ ਸੰਤ ਸਮਾਜ ਵੱਲੋਂ ਸਵਾਗਤ ਕੀਤਾ ਗਿਆ ਹੈ। **(ਆਦਿ ਧਰਮ ਪ੍ਰੌਤਿਕਾ)**




# ਭਾਜਪਾ ਤੇ ਕਾਂਗਰਸ ਨੂੰ ਦਲਿਤ ਪਛੜੇ ਵਰਗਾਂ ਦੇ ਮੁੱਦਿਆ ਉੱਤੇ ਲਿਆਉਣਾ ਬਸਪਾ ਦੀ ਤਾਕਤ- ਜਸਵੀਰ ਸਿੰਘ ਗੜ੍ਹੀ

## ਤਾਰੀਖ਼ ਅੱਗੇ ਕਰਨ ਦੇ ਫੈਂਸਲੇ ਦਾ ਸਵਾਗਤ ਤੇ ਧੰਨਵਾਦ

**ਜਲੰਧਰ–** ਪੰਜਾਬ ਬਸਪਾ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਦਲਿਤ ਵਿਰੋਧੀ ਭਾਜਪਾ ਅਤੇ ਕਾਂਗਰਸ ਨੂੰ ਦਲਿਤ-ਪਿਛੜੇ ਵਰਗਾਂ ਦੇ ਮੁੱਦਿਆਂ ਨੂੰ ਲੈਕੇ ਕੇਂਦਰ ਸਰਕਾਰ ਨੂੰ ਪੱਤਰ ਤੇ ਪੱਤਰ ਲਿਖ ਰਹੀ ਹੈ ਅਤੇ ਪੰਜਾਬ ਵਿੱਚ ਦਲਿਤ ਚਿਹਰੇ ਅਤੇ ਦਲਿਤ ਮੁੱਦਿਆਂ ਦੀ ਰਾਜਨੀਤੀ ਕਰ ਰਹੀ ਹੈ। ਇਹ ਬਹੁਜਨ ਸਮਾਜ ਪਾਰਟੀ ਦੀ ਪੰਜਾਬ 'ਚ ਲਗਾਤਾਰ ਵੱਧ ਰਹੀ ਤਾਕਤ ਦੇ ਚਲਦੇ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਕਾਂਗਰਸ ਵਲੋਂ ਦਲਿਤ ਮੁੱਖਮੰਤਰੀ ਦੇ ਨਾਮ ਦੀ ਘੋਸ਼ਣਾ ਕਰਨਾ ਅਤੇ ਦਲਿਤ ਸਮਾਜ ਨਾਲ ਜੁੜੇ ਮੁੱਦਿਆਂ ਨੂੰ ਵਾਰ-ਵਾਰ ਚੁੱਕਣਾ ਅਤੇ ਪੰਜਾਬ ਦੀ ਰਾਜਨੀਤੀ ਨੂੰ ਦਲਿਤਾਂ ਅਤੇ ਪਿਛੜੇ ਵਰਗ ਦੇ ਆਲੇ-ਦੁਆਲੇ ਘੁਮਾਉਣਾ ਇਹ ਦਸਦਾ ਹੈ ਕਿ ਬਹੁਜਨ ਸਮਾਜ ਪਾਰਟੀ ਦੀ ਸਮੁਚੀ ਟੀਮ ਸ਼ਾਨਦਾਰ ਕੰਮ ਕਰ ਰਹੀ ਹੈ।

ਮੌਜੂਦਾ ਹਾਲਾਤ ਉੱਤੇ ਬੋਲਦੇ ਹੋਏ ਸ ਗੜ੍ਹੀ ਨੇ ਕਿਹਾ ਕਿ ਚੋਣ ਕਮਿਸ਼ਨ ਵਲੋਂ ਪੰਜਾਬ ਵਿੱਚ ਵਿਧਾਨਸਭਾ ਚੋਣਾਂ ਦੀਆਂ ਤਾਰੀਖਾਂ ਦਾ ਸੋਧਿਆ ਐਲਾਨ ਕੀਤਾ ਜਿਸ ਵਿੱਚ ਪੰਜਾਬ 'ਚ ਨਿਰਧਾਰਤ 14ਫਰਵਰੀ ਮਤਦਾਨ ਦੀ ਮਿਤੀ 20ਫਰਵਰੀ ਨੂੰ ਕੀਤਾ ਹੈ, ਉਸ ਲਈ ਸਮੂਹ ਬਹੁਜਨ ਸਮਾਜ ਪਾਰਟੀ, ਰਵਿਦਾਸੀਆ ਕੌਮ ਜਿੱਥੇ ਸਵਾਗਤ ਕਰਦੀ ਹੈ, ਉਥੇ ਹੀ ਚੋਣ ਕਮਿਸ਼ਨ ਦਾ ਧੰਨਵਾਦ ਕਰਦੀ ਹੈ। ਸ। ਗੜ੍ਹੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਵ 16 ਫਰਵਰੀ ਨੂੰ ਹਨ ਜਿਸ ਤਹਿਤ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਗੁਰੂ ਰਵਿਦਾਸ ਨਾਮਲੇਵਾ ਸੰਗਤ ਬਨਾਰਸ ਉੱਤਰਪ੍ਰਦੇਸ਼ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਨਮਸਥਲੀ ਤੇ ਨਤਮਸਤਕ ਹੋਣ ਲਈ ਜਾਣ ਦੀ ਸੰਭਾਵਨਾ ਹੈ। ਅਜਿਹੇ ਵਿੱਚ 14 ਫਰਵਰੀ ਨੂੰ ਹੋਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਆਪਣੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਣ ਤੋਂ ਵਾਂਝੇ ਰਹਿ ਜਾਣਗੇ ਅਤੇ ਇਸ ਲੋਕਤੰਤਰ ਦੇ ਇਸ ਮਹਾਪਰਵ ਦਾ ਆਨੰਦ ਵੀ ਨਹੀਂ ਲੈ ਸਕਣਗੇ। ਗੜ੍ਹੀ ਨੇ ਕਿਹਾ ਕਿ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾਂ ਵਿੱਚ ਪੰਜਾਬ ਵਿਧਾਨਸਭਾ ਚੋਣਾਂ ਦੀਆਂ ਤਾਰੀਖਾਂ ਨੂੰ ਅੱਗੇ ਵਧਾਉਣ ਨੂੰ ਲੈ ਕੇ ਬਸਪਾ ਵਲੋਂ ਸਭ ਤੋਂ ਪਹਿਲਾਂ ਫਗਵਾੜਾ



ਐਸਡੀਐਮ ਦੇ ਜਰੀਏ ਚੋਣ ਕਮਿਸ਼ਨ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ਸੀ ਜਿਸ ਵਿੱਚ ਪੰਜਾਬ ਦੀ ਚੋਣ ਦੀਆਂ ਤਾਰੀਖਾਂ ਨੂੰ ਅੱਗੇ ਵਧਾਉਣ ਦੀ ਮੰਗ ਕੀਤੀ ਗਈ ਸੀ।ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਵਲੋਂ 5 ਦਿਨਾਂ ਬਾਅਦ ਜਦਕਿ ਭਾਜਪਾ ਵਲੋਂ 8 ਦਿਨਾਂ ਬਾਅਦ ਪ੍ਰੈਸ ਕਾਨਫਰੰਸ ਕਰ ਚੋਣ ਕਮਿਸ਼ਨ ਨੂੰ ਪੰਜਾਬ ਦੇ ਵਿਧਾਨਸਭਾ ਚੋਣਾਂ ਨੂੰ ਅੱਗੇ ਵਧਾਉਣ ਲਈ ਪੱਤਰ ਲਿਖਣਾ ਪਿਆ ਜੋਕਿ ਬਹੁਜਨ ਸਮਾਜ ਦੀ ਇਕ ਨੈਤਿਕ ਜਿੱਤ ਹੈ। ਸ। ਗੜ੍ਹੀ ਨੇ ਕਿਹਾ ਕਿ ਦਿੱਲੀ ਦੇ ਤੁਗਲਕਾਬਾਦ ਵਿੱਚ 700 ਕਨਾਲ ਵਿੱਚ ਬਣਾਇਆ ਪ੍ਰਾਚੀਨ ਸ਼੍ਰੀ ਗੁਰੂ ਰਵਿਦਾਸ ਜੀ ਮੰਦਿਰ ਬਾਬਰੀ ਮਸਜਿਦ ਦੀ ਤਰ੍ਹਾ ਕੇਂਦਰ ਦੀ ਭਾਜਪਾ ਸਰਕਾਰ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਆੜ ਵਿੱਚ ਬੁਲਡੋਜਰ ਚਲਾਕੇ ਡੇਗ ਦਿੱਤਾ। ਉਹਨਾਂ ਨੇ ਕਿਹਾ ਕਿ ਕੋਰਟਾਂ ਵਿਚ ਹੋਏ ਸਮਝੌਤੇ ਤਹਿਤ 8 ਮਰਲੇ ਦੀ ਜਗ੍ਹਾ ਰਵਿਦਾਸੀਆ ਕੌਮ ਨੂੰ ਪੂਜਾ ਕਰਨ ਲਈ ਮਿਲੀ ਸੀ। ਉਸ ਉੱਤੇ ਵੀ ਕੇਂਦਰ ਦੀ ਭਾਜਪਾ ਸਰਕਾਰ ਅਤੇ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ 4 ਕਰੋੜ 34 ਲੱਖ ਰੁਪਏ 30 ਸਾਲਾਂ ਦੀ ਲੀਜ ਲਈ ਦੇਣ ਲਈ ਪੱਤਰ ਜਾਰੀ ਕੀਤਾ ਜਿਸਦੀ ਆਖਰੀ ਤਾਰੀਖ ਦਸੰਬਰ ਮਹੀਨੇ ਵਿੱਚ ਗੁਜ਼ਰ ਚੁਕੀ ਹੈ। ਸ। ਗੜ੍ਹੀ ਨੇ ਕਿਹਾ ਕਿ ਜੇਕਰ ਕੇਂਦਰ ਦੀ ਭਾਜਪਾ ਸਰਕਾਰ ਦਲਿਤ ਹਿਤੈਸ਼ੀ ਸੀ ਤਾਂ ਜਦੋਂ ਦਿੱਲੀ ਦੇ ਤੁਗਲਕਾਬਾਦ ਵਿੱਚ ਬਣੇ ਪ੍ਰਾਚੀਨ ਮੰਦਿਰ ਨੂੰ ਗਿਰਾਇਆ ਜਾ ਰਿਹਾ ਸੀ ਤਾਂ ਉਸਨੂੰ ਰੋਕਿਆ ਕਿਉਂ ਨਹੀਂ ਗਿਆ। ਓਦੋਂ ਭਾਜਪਾ ਪਾਰਟੀ ਕਿਉਂ ਸੁੱਤੀ ਰਹੀ। ਭਾਜਪਾ ਦੇ ਨੇਤਾਵਾਂ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਨੇ ਮੰਦਿਰ ਨੂੰ ਗਿਰਾਏ ਜਾਣ ਤੋਂ ਰੋਕਣ ਲਈ ਪੱਤਰ ਕਿਓਂ ਨਹੀਂ ਲਿਖੇ। ਸ। ਗੜ੍ਹੀ ਨੇ ਕਿਹਾ ਕਿ ਉਸ ਸਮੇਂ ਵੀ ਬਹੁਜਨ ਸਮਾਜ ਪਾਰਟੀ ਦੇ ਨੇਤਾ, ਵਰਕਰਾਂ ਅਤੇ ਸਮਰਥਕਾਂ ਨੇ ਸੰਤ ਸਮਾਜ ਤੇ ਸੰਗਤ ਦੇ ਅਸ਼ੀਰਵਾਦ ਦੇ ਨਾਲ ਸੜਕਾਂ ਤੇ ਉਤਰਕੇ ਤੁਗਲਕਾਬਾਦ ਸੰਘਰਸ਼ ਨੂੰ ਲੜਿਆ ਗਿਆ। ਗੜ੍ਹੀ ਨੇ ਕਿਹਾ ਕਿ ਦਿੱਲੀ ਵਿੱਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਗਿਰਾਉਣ ਵਾਲੀ ਭਾਜਪਾ ਸਰਕਾਰ ਅੱਜ ਦਲਿਤ ਅਤੇ ਪਿਛੜੇ ਵਰਗ ਦੀ ਰਾਜਨੀਤੀ ਕਰ ਕੌਮ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਭਾਰਤੀ ਮੂਲ ਦੀ ਅਮਰੀਕੀ ਗਾਇਕਾ ਰਵੀਨਾ ਅਰੋੜਾ ਨੇ ਬਾਲੀਵੁਡ ਦੇ ਰੰਗ ਵਿਚ ਰੰਗੀ 'ਮਿਊਜ਼ਕ ਵੀਡੀਓ' ਕੀਤੀ ਜਾਰੀ



**ਸੈਕਰਾਮੈਂਟੋ 18 ਜਨਵਰੀ (ਹੁਸਨ ਲੜੋਆ ਬੰਗਾ)–** ਨਿਊਯਾਰਕ ਵਿਚ ਰਹਿੰਦੀ ਭਾਰਤੀ ਮੂਲ ਦੀ ਆਰ ਐਂਡ ਬੀ ਗਾਇਕਾ ਰਵੀਨਾ ਅਰੋੜਾ ਜਿਸ ਨੇ 2019 ਵਿਚ ਆਪਣੀ ਪਹਿਲੀ ਐਲਬਮ 'ਲੂਸਿਡ' ਨਾਲ ਸੰਗੀਤ ਸਨਅਤ ਦਾ ਧਿਆਨ ਖਿਚਿਆ ਸੀ, ਨੇ ਬਾਲੀਵੁੱਡ ਦੇ ਰੰਗ ਵਿਚ ਰੰਗੀ ਮਿਊਜ਼ਿਕ ਵੀਡੀਓ ਜਾਰੀ ਕੀਤੀ ਹੈ। ਕੁਈਨਜ ਵਿਚ ਜੰਮੀ - ਪਲੀ ਰਵੀਨਾ ਨੇ ਟਵਿਟਰ ਨਾਲ ਆਪਣਾ ਤਜ਼ਰਬਾ ਸਾਂਝਾਂ ਕਰਦਿਆਂ ਕਿਹਾ ਕਿ ਮੈ ਇਹ 'ਰਸ਼' ਗਾਣਾ ਕੁਝ ਸਾਲ ਪਹਿਲਾਂ ਲਿਖਿਆ ਸੀ ਤੇ ਮੈ ਇਸ ਸੰਗੀਤ ਵੀਡੀਓ ਵਿਚ ਬਾਲੀਵੁੱਡ ਦੀ ਰਾਜਕੁਮਾਰੀ ਹੋਣ ਵਰਗਾ ਅਹਿਸਾਸ ਕੀਤਾ ਹੈ। ਵੀ ਮੈਗਜ਼ੀਨ ਅਨੁਸਾਰ 'ਰਸ਼' ਰਵੀਨਾ ਦਾ ਦਿੱਲ ਦੀਆਂ ਗਹਿਰਾਈਆਂ ਨੂੰ ਛੂਹ ਲੈਣ ਵਾਲਾ ਗੀਤ ਹੈ , ਇਹ ਇਕ ਸ਼ਾਨਦਾਰ ਪੇਸ਼ਕਾਰੀ ਹੈ। ਅਰੋੜਾ ਦੀ 'ਲੂਸਿਡ' ਨੂੰ ਪਬਲਿਕ ਰੇਡੀਓ ਬਰਾਡਕਾਸਟਿੰਗ ਕਾਰਪੋਰੇਸ਼ਨ ਐਨ ਪੀ ਆਰ ਦੇ ਸੰਗੀਤ ਸਟਾਫ ਨੇ 2019 ਦੀ ਸਭ ਤੋਂ ਵਧੀਆ ਐਲਬਮਾਂ ਵਿਚੋਂ ਇਕ ਕਰਾਰ ਦਿੱਤਾ ਸੀ।

# ਰੇਲ ਗੱਡੀ ਅੱਗੇ ਧੱਕਾ ਦੇ ਕੇ ਮਾਰੀ ਗਈ ਏਸ਼ੀਅਨ ਔਰਤ ਦੇ ਮਾਮਲੇ ਵਿਚ ਇਕ ਗ੍ਰਿਫਤਾਰ, ਹੱਤਿਆ ਦਾ ਮਾਮਲਾ ਦਰਜ


**ਸੈਕਰਾਮੈਂਟੋ 18 ਜਨਵਰੀ (ਹੁਸਨ ਲੜੋਆ ਬੰਗਾ)–** ਨਿਊਯਾਰਕ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਸ਼ਨਿਚਰਵਾਰ ਦੀ ਸਵੇਰ ਨੂੰ ਟਾਈਮ ਸਕੁਐਰ ਸਬ ਵੇਅ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਅੱਗੇ ਧੱਕਾ ਦੇ ਕੇ ਮਾਰੀ ਗਈ ਔਰਤ ਏਸ਼ੀਅਨ ਮੂਲ ਦੀ ਸੀ ਤੇ ਇਸ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਸੈਕੰਡ ਡਿਗਰੀ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਗ੍ਰਿਫਤਾਰ ਵਿਅਕਤੀ ਦੀ ਪਛਾਣ 61 ਸਾਲਾ ਸਿਮਨ ਮਾਰਟੀਅਲ ਵਜੋਂ ਹੋਈ ਹੈ ਜਦ ਕਿ ਮ੍ਰਿਤਕ



ਔਰਤ ਦੀ ਪਛਾਣ 40 ਸਾਲਾ ਮਿਚੈਲ ਅਲੀਸਾ ਗੋ ਵਜੋਂ ਹੋਈ ਹੈ। ਪੁਲਿਸ ਅਨੁਸਾਰ ਘਟਨਾ ਤੋਂ ਇਕ ਘੰਟੇ ਦੇ ਵੀ ਘੱਟ ਸਮੇ ਬਾਅਦ ਕਥਿੱਤ ਦੋਸ਼ੀ ਮਾਰਟੀਅਲ ਨੇ ਆਪਣੇ ਆਪ ਨੂੰ ਪੁਲਿਸ ਅੱਗੇ ਪੇਸ਼ ਕਰ ਦਿੱਤਾ ਸੀ ਜਿਸ 'ਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਨਿਊਯਾਰਕ ਪੁਲਿਸ ਵਿਭਾਗ ਦੇ ਸਾਰਜੈਂਟ ਅਨਵਰ ਇਸ਼ਮਾਈਲ ਨੇ ਕਿਹਾ ਹੈ ਕਿ ਇਹ ਅਚਨਚੇਤ ਬਿਨਾਂ ਸੋਚੇ ਸਮਝੇ ਵਾਪਰੀ ਘਟਨਾ ਹੈ। ਪੁਲਿਸ ਦੇ ਕਮਿਸ਼ਨਰ ਕੀਚਾਂਤ ਸੀਵੈਲ ਨੇ ਕਿਹਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਡੂੰਘਾਈ ਨਾਲ ਜਾਂਚ ਹੋ ਰਹੀ ਹੈ।

# ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਜਨਮ ਦਿਨ ਵੁਲਵਰਹੈਂਪਟਨ (ਯੂ. ਕੇ.) ਵਿਚ ਮਨਾਇਆ ਗਿਆ





ਬੀਤੀ 16 ਜਨਵਰੀ 2022 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਵੁਲਵਰਹੈਂਪਟਨ (ਯੂ. ਕੇ.) ਵਿਖੇ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੱਲੋਂ ਗਦਰੀ ਬਾਬਾ, ਫਰੀਡਮ ਫਾਈਟਰ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ 136ਵਾਂ ਜਨਮ ਦਿਨ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ।

ਪ੍ਰੋਗਰਾਮ ਦੇ ਸ਼ੁਰੂ ਵਿਚ ਸ੍ਰੀ ਨਿਰਮਲ ਦਾਸ ਮਹੇ ਸਾਗਰਪੁਰੀਆ ਚੇਅਰਮੈਨ ਨੇ ਆਪਣੇ ਭਾਸ਼ਣ ਵਿਚ ਬਾਬੂ ਜੀ ਦੇ ਜਨਮ ਦਿਨ ਦੀ ਸਾਰਿਆਂ ਨੂੰ ਵਧਾਈ ਦੇ ਉਪਰੰਤ ਉਹਨਾਂ ਬਾਬੂ ਜੀ ਦੇ ਸਾਰੇ ਜੀਵਨ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ। ਸ੍ਰੀ ਮਹੇ ਜੀ ਨੇ ਆਪਣੇ ਭਾਸ਼ਣ ਵਿਚ ਇਹ ਵੀ ਲੋਕਾਂ ਨੂੰ ਦੱਸਿਆ ਕਿ ਬਾਬੂ ਜੀ ਨੇ ਉਹਨਾਂ ਸਮਾਜ ਦੇ ਲਤਾੜੇ ਹੋਏ ਲੋਕਾਂ ਨੂੰ ਜੀਣ ਦੇ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਨਾਲ ਆਪਣੀਆਂ ਮੁਲਾਕਾਤਾਂ ਬਾਰੇ ਵੀ ਦੱਸਿਆ।


ਇਸ ਤੋਂ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ ਵੁਲਵਰਹੈਂਪਟਨ ਦੀ ਸਭਾ ਦੇ ਪ੍ਰਧਾਨ ਹਰੀਪਾਲ ਰੰਧਾਵਾ ਨੇ ਬਾਬੂ ਜੀ ਦੇ ਜਨਮ ਦਿਨ ਦੀਆਂ ਸਭ ਨੂੰ ਵਧਾਈਆਂ ਦਿੱਤੀਆਂ। ਰੰਧਾਵਾ ਜੀ ਨੇ ਬਾਬੂ ਜੀ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਇਆ। ਰੰਧਾਵਾ ਨੇ ਇਹ ਵੀ ਦੱਸਿਆ ਕਿ ਮੈਂ ਆਪਣੀ ਵਿੱਦਿਆ ਪ੍ਰਾਪਤ ਕਰ ਸਕਿਆ, ਇਹ ਸਾਰੀ ਬਾਬੂ ਜੀ ਦੀ ਦੇਣ ਹੈ। ਬਾਬੂ ਜੀ ਨੇ ਆਦਿ ਧਰਮ ਮੰਡਲ ਬਣਾ ਕੇ ਸਾਨੂੰ ਆਪਣਾ ਧਰਮ ਆਦਿ ਧਰਮ ਦਿੱਤਾ, ਜਿਸ ਦਾ ਸਾਰਾ ਸਮਾਜ ਰਿਣੀ ਰਹੇਗਾ। ਉਹਨਾਂ ਤੋਂ ਬਾਅਦ ਸ੍ਰੀ ਹਰਬੰਸ ਸਿੰਘ ਹੀਰਾ ਜੀ ਨੇ ਬਾਬੂ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦੇਣ ਉਪਰੰਤ ਉਹਨਾਂ ਬਾਬੂ ਜੀ ਦੇ ਜੀਵਨ ਅਤੇ ਆਦਿ ਧਰਮ ਤੇ ਬਹੁਤ ਵਿਸਥਾਰ ਵਿਚ ਚਾਨਣਾ ਪਾਇਆ।

ਸ੍ਰੀ ਹੀਰਾ ਜੀ ਨੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਉਹਨਾਂ 1973 ਵਿਚ ਯੂ. ਕੇ. ਵਿਚ ਸਾਥੀਆਂ ਨਾਲ ਰਲ ਕੇ ਆਦਿ ਧਰਮ ਬ੍ਰਦਰਹੁੱਡ ਬਣਾਈ ਸੀ। ਉਸ ਦਿਨ ਅੱਜ ਤੱਕ ਉਹ ਬਾਬੂ ਜੀ ਦੇ ਮਿਸ਼ਨ ਨੂੰ ਜਾਰੀ ਰੱਖ ਰਹੇ ਹਨ ਅਤੇ ਇੰਗਲੈਂਡ ਵਿਚ ਆਦਿ ਧਰਮ ਤੇ ਬਾਬੂ ਜੀ ਜਿਉਂਦਾ ਰੱਖਿਆ ਹੈ। ਬਾਬੂ ਜੀ ਦੇ ਨਾਲ ਉਹਨਾਂ ਦੀ ਇੰਗਲੈਂਡ ਫੇਰੀ ਦੌਰਾਨ ਸਾਰੀਆਂ ਯਾਦਾਂ ਨੂੰ ਤਾਜ਼ਾਂ ਕੀਤਾ।


ਬਾਬੂ ਜੀ ਨੂੰ ਯਾਦ ਕਰਕੇ ਭਾਵੁਕ ਹੋਏ ਉਹਨਾਂ ਨਾਲ ਗੁਜ਼ਾਰੇ ਦਿਨ ਯਾਦ ਕੀਤੇ। ਇਸ ਤੋਂ ਉਪਰੰਤ ਗੁਰੂ ਘਰ ਦੇ ਜਨਰਲ ਸਕੱਤਰ ਬਲਦੇਵ ਰਾਜ ਮਹੇ ਜੀ ਨੇ ਆਏ ਹੋਏ ਲੋਕਾਂ ਨੂੰ ਬਾਬੂ ਜੀ ਦੇ ਜੀਵਨ ਪ੍ਰਤੀ ਜਾਣੂ ਕਰਵਾਇਆ ਤੇ ਬਹੁਤ ਬਹੁਤ ਵਧਾਈਆਂ ਵੀ ਦਿੱਤੀਆਂ ਅਤੇ ਬਲਦੇਵ ਮਹੇ ਨੇ ਬਾਬੂ ਜੀ ਨੇ ਪਾਕਿਸਤਾਨ ਬਣਨ ਤੋਂ ਪਹਿਲਾਂ ਦੀ ਮੁਲਾਕਾਤ ਬਾਰੇ ਦੱਸਿਆ। ਅਖੀਰ ਵਿਚ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੱਲੋਂ ਆਏ ਲੋਕਾਂ ਦਾ ਧੰਨਵਾਦ ਕੀਤਾ ਗਿਆ।ਗਿਆਨੀ ਗੁਰਮੀਤ ਸਿੰਘ ਸੰਧੂ ਨੇ ਬਾਬੂ ਜੀ ਦੇ ਜੀਵਨ ਤੇ ਗੀਤਾਂ ਨਾਲ ਸਭ ਨੂੰ ਨਿਹਾਲ ਕੀਤਾ।

**– ਐਚ. ਪੀ. ਰੰਧਾਵਾ**

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ 136ਵੇਂ ਜਨਮ ਦਿਵਸ ਤੇ ਜ਼ੂਮ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ







ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ 136ਵੇਂ ਜਨਮ ਦਿਨ ਦੇ ਸਬੰਧ ਵਿਚ ਕਾਂਸ਼ੀ ਰੇਡੀਓ ਵੱਲੋਂ ਹਰਬੰਸ ਸਿੰਘ ਹੀਰਾ ਜੀ ਦੀ ਅਗਵਾਈ ਵਿਚ ਜ਼ੂਮ ਮੀਟਿੰਗ ਦਾ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਬੰਧ ਕੀਤਾ ਗਿਆ। ਇਸ ਜ਼ੂਮ ਮੀਟਿੰਗ ਵਿਚ ਗੁਰਦਿਆਲ ਚੰਦ ਸੱਲਣ ਜੀ, ਮਾਧੋਬਲਬੀਰਾ ਜੀ, ਨਿਰਮਲ ਮਹੇ ਜੀ, ਸੰਤ ਸਤਵਿੰਦਰ ਹੀਰਾ ਜੀ, ਬੀਬੀ ਜਗਦੀਸ਼ ਕੌਰ ਜੀ, ਸੋਹਨ ਸਿੰਘ ਬਰਪੱਗਾ, ਰਾਜਵੀਰ, ਰਵੀਜੋਤ ਮਹੇ, ਅਸ਼ੋਕ ਭਾਟੀਆ ਮੁਕੇਰੀਆ, ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ/, ਓ ਪੀ ਬਾਲੀ, ਪਾਮਸ ਭੱਟੀ, ਰੋਸ਼ਨ ਭਾਰਤੀ, ਰਾਜ ਕੌਲ, ਹਰੀ ਪਾਲ ਰੰਧਾਵਾ, ਪਿਆਰਾ ਲਾਲ ਬੰਗੜ, ਪ੍ਰਵੀਨ ਭਟੋਏ, ਤਰਸੇਮ ਸਹੋਤਾ, ਅਵਤਾਰ ਚੰਦ, ਮੋਹਿੰਦਰਪਾਲ ਅਤੇ ਹੋਰ ਕਈ ਆਦਿ ਧਰਮੀ ਬੁੱਧੀਜੀਵੀਆਂ ਵੱਲੋਂ ਇਸ ਜ਼ੂਮ ਮੀਟਿੰਗ ਵਿਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਗੁਰਦਿਆਲ ਚੰਦ ਸੱਲਣ, ਮਾਧੋਬਲਬੀਰਾ, ਨਿਰਮਲ ਮਹੇ ਵੱਲੋਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੁਆਰਾ ਆਦਿ ਧਰਮ ਸਮਾਜ ਦੇ ਹੱਕ-ਹਕੂਕਾ ਦੀ ਪ੍ਰਾਪਤੀ ਲਈ ਕੀਤੇ ਗਏ ਘੋਰ ਸੰਘਰਸ਼ ਬਾਰੇ ਵਿਸਥਾਰ ਨਾਲ ਸਮਾਜ ਨੂੰ ਜਾਣੂ ਕਰਵਾਇਆ ਗਿਆ।

ਇਸ ਮੌਕੇ ਪ੍ਰਵੀਨ ਭਟੋਏ ਜੀ ਅਤੇ ਮੋਹਿੰਦਰ ਪਾਲ ਵੱਲੋਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੁਆਰਾ ਸਮਾਜ ਲਈ ਕੀਤੇ ਗਏ ਘੋਰ ਸੰਘਰਸ਼ ਦੀ ਜਾਣਕਾਰੀ ਸਾਂਝੀ ਕਰਨ ਦੇ ਨਾਲ ਨਾਲ ਗੁਰੂ ਜੀ ਦੀ ਯੋਗ ਅਗਵਾਈ ਅਤੇ ਘੋਰ ਸੰਘਰਸ਼ ਨਾਲ 1932 ਵਿਚ ਲਾਹੌਰ ਵਿਖੇ ਸ੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ ਜੀ ਨੂੰ ਮੁੱਖ ਰੱਖਦੇ ਹੋਏ ਲਾਰਡ ਲੋਥੀਅਨ ਕਮੇਟੀ ਵੱਲੋਂ ਆਦਿ ਧਰਮ ਨੂੰ ਧਰਮ ਵਜੋਂ ਅਤੇ ਸ੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ ਜੀ ਨੂੰ ਆਦਿ ਧਰਮ ਦਾ ਧਾਰਮਿਕ ਗ੍ਰੰਥ ਵਜੋਂ ਮਾਨਤਾ ਮਿਲਣ ਬਾਰੇ ਸਮਾਜ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਅਵਤਾਰ ਚੰਦ ਜੀ ਵੱਲੋਂ ਵੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ। ਇਸ ਪ੍ਰੋਗਰਾਮ ਦੇ ਅੰਤ ਵਿਚ ਕਾਂਸ਼ੀ ਰੇਡੀਓ ਦੇ ਪ੍ਰੋਜ਼ਿਟਰ ਹਰਬੰਸ ਸਿੰਘ ਹੀਰਾ ਜੀ ਨੇ ਸਾਰੇ ਆਦਿ ਧਰਮੀ ਸਮਾਜ ਅਤੇ ਨੌਜਵਾਨਾਂ ਨੂੰ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਆਦਿ ਧਰਮ ਸਮਾਜ ਲਈ ਕੌਮੀਅਤ ਅਤੇ ਮਾਣ ਸਨਮਾਨ ਲਈ ਕੀਤੇ ਗਏ ਸੰਘਰਸ਼ ਤੋਂ ਪ੍ਰੇਰਨਾ ਲੈਂਦੇ ਹੋਏ ਬਾਬੂ ਜੀ ਦੇ ਆਦਿ ਧਰਮੀ ਸਮਾਜ ਨੂੰ ਦਿਖਾਏ ਰਸਤੇ ਤੇ ਚੱਲਣ ਲਈ ਪ੍ਰੇਰਿਤ ਕਰਦੇ ਹੋਏ ਇਸ ਜ਼ੂਮ ਮੀਟਿੰਗ ਨੂੰ ਸਮਾਪਤ ਕੀਤਾ ਗਿਆ।

**-ਰਿਪੋਰਟ ਅਤੇ ਤਸਵੀਰਾਂ- ਐਚ ਐਸ ਹੀਰਾ**

## ਵੋਟਾਂ ਆਈਆਂ

ਵੀਰੋ, ਆ ਗਈਆਂ ਵੋਟਾਂ ਨੇੜੇ,
ਲੀਡਰ ਮਾਰਨਗੇ ਵੇਖਿਓ ਗੇੜੇ।
ਲੱਭੇ ਨਹੀਂ ਜੋ ਪੂਰੇ ਦਸ ਸਾਲ,
ਕਰਦੇ ਫਿਰਨਗੇ ਤੁਹਾਡੀ ਭਾਲ।
ਆਪਣੀ ਨਾਕਾਮੀ ਛੁਪਾਉਣਗੇ,
ਹੋਰਾਂ ਉੱਪਰ ਦੋਸ਼ ਲਗਾਉਣਗੇ।
ਬਰੇਨ ਲੋਕਾਂ ਦਾ ਕਰਨਗੇ ਵਾਸ਼,
ਸੱਥਾਂ ਵਿੱਚ ਆ ਖੇਡਣਗੇ ਤਾਸ਼।
ਕਹਿਣਗੇ ਸਾਨੂੰ ਪਾ ਦਿਓ ਵੋਟ,
ਕਿਸੇ ਵਸਤੂ ਦੀ ਨਾ ਰਹੂੰ ਤੋਟ।
ਪੰਜਾਬ ਦੀ ਬਦਲਾਗੇ ਤਕਦੀਰ,
ਹਨੇਰੇ ਵਿੱਚ ਖੂਬ ਛੱਡਣਗੇ ਤੀਰ।
ਸਾਡੇ ਉੱਪਰ ਨਹੀਂ ਕੋਈ ਦਾਗ,
ਖਾ ਕੇ ਜਾਣਗੇ ਸਭ ਥੋਡਾ ਸਾਗ।
ਲਾਲਚ ਦੇਣਗੇ ਸਰਾਬ ਤੇ ਭੁੱਕੀ,
ਵੋਟ ਲਈ ਫਿਰਨਗੇ ਨੋਟ ਚੁੱਕੀ।
ਇਨ੍ਹਾਂ ਦੇ ਝਾਂਸੇ 'ਚ ਨਾ ਆਣਾ,
ਸੋਚ ਸਮਝ ਕੇ ਹੀ ਵੋਟ ਪਾਣਾ।
ਆਪਣੀ ਜ਼ਮੀਰ ਨਾ ਦੇਣਾ ਵੇਚ,
ਪਿੱਛੇ ਰਹਿ ਜੂ ਸਾਡਾ ਪਰਦੇਸ਼।
ਵੋਟ ਉਸਨੂੰ ਜੋ ਹੋਵੇ ਇਮਾਨਦਾਰ,
ਤਾਂਹੀ ਚੰਗੀ ਬਣੂੰ ਸੂਬਾ ਸਰਕਾਰ।
'ਚਮਨ' ਫਿਰ ਮਸਲੇ ਹੋਣਗੇ ਹੱਲ,
ਪੰਜਾਬ ਵਧੂੰਗਾ ਤਰੱਕੀ ਦੇ ਵੱਲ।

**ਚਮਨਦੀਪ ਸ਼ਰਮਾ**
91-95010 33005



# ਕੋਰੋਨਾ ਮਹਾਂਮਾਰੀ ਨੂੰ ਮੱਦੇਨਜ਼ਰ ਰੱਖਦਿਆਂ ਜਰਖੜ ਖੇਡਾਂ ਮਾਰਚ ਮਹੀਨੇ ਤੱਕ ਮੁਲਤਵੀ 18 ਜਨਵਰੀ 2022

**ਲੁਧਿਆਣਾ-** 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 24-25-26 ਜਨਵਰੀ 2022 ਨੂੰ ਹੋਣੀਆਂ ਸਨ। ਜਿਨ੍ਹਾਂ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਨਾਲ ਚੱਲ ਰਹੀਆਂ ਸਨ । ਉਹ ਕੋਰੋਨਾ ਮਹਾਂਮਾਰੀ ਦੀ ਭੇਟ ਚੜ੍ਹਦੀਆਂ ਹੋਈਆਂ ਇਕ ਵਾਰ ਫਿਰ ਮਾਰਚ ਮਹੀਨੇ ਤੱਕ ਮੁਲਤਵੀ ਹੋ ਗਈਆਂ ਹਨ ।



ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਟੂਰਨਾਮੈਂਟ ਦੇ ਮੁੱਖ ਸਪਾਂਸਰ ਕੋਕਾ ਕੋਲਾ, ਏਵਨ ਸਾਇਕਲ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਚੈਰੀਟੇਬਲ ਟਰੱਸਟ , ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਅਤੇ ਹੋਰ ਸਪਾਂਸਰਾਂ ਦੇ ਰਾਏ- ਮਸ਼ਵਰੇ ਮੁਤਾਬਿਕ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਤੱਕ ਜਰਖੜ ਖੇਡਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ । ਜਗਰੂਪ ਸਿੰਘ ਜਰਖੜ ਅਤੇ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਜੇਕਰ ਕੋਰੋਨਾ ਮਹਾਂਮਾਰੀ ਦੇ ਹਾਲਾਤ ਠੀਕ ਹੋ ਗਏ ਤਾਂ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਜਰਖੜ ਖੇਡਾਂ ਕਰਵਾਈਆਂ ਜਾਣਗੀਆਂ।

ਜਿਸ ਦੀਆਂ ਤਰੀਕਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ । ਜੇਕਰ ਮਾਰਚ ਮਹੀਨੇ ਵੀ ਖੇਡਾਂ ਨਾ ਹੋ ਸਕੀਆ ਤਾਂ ਇਸ ਸਾਲ ਦੇ ਅੰਤ ਵਿੱਚ ਜਰਖੜ ਖੇਡਾਂ ਕਰਵਾਈਆਂ ਜਾਣਗੀਆਂ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਮਈ ਮਹੀਨੇ ਜਰਖੜ ਸਟੇਡੀਅਮ ਵਿੱਚ ਕਰਵਾਇਆ ਜਾਵੇਗਾ ।

www.deshdoaba.com
www.ambedkartimes.com

# ਐਨ ਕੇ ਆਰ ਐਸ ਟਰੱਕਿੰਗ ਦੀ 17ਵੀਂ ਵਰ੍ਹੇਗੰਢ ਮੌਕੇ ਫਰਿਜਨੋ 'ਚ ਲੱਗੀਆਂ ਰੌਣਕਾਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)** ਫਰਿਜਨੋ ਸ਼ਹਿਰ ਜਿਸਨੂੰ ਟਰੱਕਿੰਗ ਦੀ ਹੱਬ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇੱਥੋ ਦੀ ˙KRS ਟਰੱਕਿੰਗ ਦੇ ਮਾਲਕ ਅਮੋਲਕ ਸਿੰਘ ਸਿੱਧੂ ਵੱਲੋਂ ਲੰਘੇ ਸ਼ਨੀਵਾਰ ਆਪਣੀ ਕੰਪਨੀ NKRS TRUCKNG ਦੀ 17ਵੀਂ ਵਰ੍ਹੇਗੰਢ ਆਪਣੇ ਗ੍ਰਹਿ ਵਿੱਖੇ ਕੰਪਨੀ ਦੇ ਅਣਥੱਕ ਡ੍ਰਾਈਵਰਾਂ ਦੇ ਨਾਲ ਇੱਕ ਸ਼ਾਨਦਾਰ ਮਹਿਫ਼ਲ ਦੇ ਰੂਪ ਵਿੱਚ ਸਭਨਾਂ ਨੂੰ ਮਾਨ ਸਨਮਾਨ ਦੇਕੇ ਮਨਾਈ ਗਈ।

ਸਮਾਗਮ ਦੀ ਸ਼ੁਰੂਆਤ ਸ। ਅਮੋਲਕ ਸਿੰਘ ਸਿੱਧੂ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਉਪਰੰਤ ਉੱਘੇ ਟਰਾਂਸਪੋਰਟਰ ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ ਅਤੇ ਕਾਰੋਬਾਰੀ ਗੁਰਨੇਕ ਸਿੰਘ ਬਾਗੜੀ, ਗੁਰਨੇਕ ਸਿੰਘ ਨਿੱਝਰ, ਆਦਿ ਨੇ ਸਮਾਗਮ ਨੂੰ ਸੰਬੋਧਨ ਕੀਤਾ ਅਤੇ ਆਪਣੇ ਤਜ਼ਰਬੇ ਵਿੱਚੋਂ ਡ੍ਰਾਈਵਰ ਵੀਰਾਂ ਨਾਲ ਸੇਫਟੀ ਟਿਪਸ ਵੀ ਸਾਂਝੀਆਂ ਕੀਤੀਆਂ। ਇਸ ਮੌਕੇ ਗਾਇਕ ਅਕਾਸ਼ਦੀਪ, ਧਰਮਵੀਰ ਥਾਂਦੀ, ਗੋਗੀ ਸੰਧੂ ਆਦਿ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖ਼ੂਬ ਰੌਣਕ ਲਾਈ। ਇਸ ਮੌਕੇ ਯੂਬਾ ਸਿਟੀ ਵਾਲੇ ਜਿੰਦਰ ਦਾ ਟਰੱਕ, ਡਰਾਈਵਰ ਵੀਰਾਂ ਲਈ ਖ਼ਾਸ ਖਿੱਚ ਦਾ ਕੇਂਦਰ ਬਣਿਆ ਰਿਹਾ।

ਇਸ ਮੌਕੇ ਅਮੋਲਕ ਸਿੰਘ ਸਿੱਧੂ ਨੇ ਸਭਨਾਂ ਨੂੰ ਸਨਮਾਨ ਚਿੰਨ ਦੇਕੇ ਨਿਵਾਜਿਆ। ਅਖੀਰ ਡਰਾਈਵਰ ਵੀਰਾ ਨੇ ਨੱਚਕੇ ਖ਼ੂਬ ਖੁਸ਼ੀ ਮਨਾਈ। ਇਹ ਇੱਕ ਤਰਾਂ ਦਾ ਪੰਜਾਬੀ ਟਰੱਕਿੰਗ ਇੰਡਸਟਰੀ ਲਈ ਵਿਲੱਖਣ ਪ੍ਰੋਗਰਾਮ ਹੋ ਨਿਬੜਿਆ, ਕਿਉਂਕੇ ਇਹ ਪਹਿਲੀ ਵਾਰ ਸੀ ਜਦੋਂ ਕਿਸੇ ਕੰਪਨੀ ਮਾਲਕ ਨੇ ਆਪਣੇ ਅਣਥੱਕ ਡ੍ਰਾਈਵਰਾਂ ਦੇ ਮਾਣ ਸਨਮਾਨ ਹਿੱਤ ਕੋਈ ਪ੍ਰੋਗਰਾਮ ਉਲੀਕਿਆ ਹੋਵੇ। ਇਸ ਮੌਕੇ IKP ਰੈਸਟੋਰੈਂਟ ਦੇ ਸੁਆਦਿਸ਼ਟ ਖਾਣੇ ਦਾ ਸਭਨੇ ਖ਼ੂਬ ਅਨੰਦ ਮਾਣਿਆ।















# ਐਨ ਕੇ ਆਰ ਐਸ ਟਰੱਕਿੰਗ ਦੀ 17ਵੀਂ ਵਰ੍ਹੇਗੰਢ ਮੌਕੇ ਫਰਿਜਨੋ 'ਚ ਲੱਗੀਆਂ ਰੌਣਕਾਂ













# ਲੰਡਨ: ਗੁਰਦੁਆਰਾ ਗਰੀਬ ਨਿਵਾਜ਼ ਨਾਨਕਸਰ ਹੇਜ ਵਿਖੇ ਪਹਿਲਾ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ

**ਲੰਡਨ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਸਤਰਾਂ ਦੇ ਧਨੀ ਸਨ ਉੱਥੇ ਉੱਚਕੋਟੀ ਦੇ ਕਲਮ ਵਾਹਕ ਵੀ ਸਨ। ਉਹਨਾਂ ਨੇ ਆਪਣੇ ਦਰਬਾਰ ਵਿੱਚ 52 ਕਵੀਆਂ ਨੂੰ ਆਪਣੀ ਹਿੱਕ ਨਾਲ ਲਾ ਕੇ ਰੱਖਿਆ ਹੋਇਆ ਸੀ। ਉਹਨਾਂ ਨੂੰ ਮਾਨਸਿਕ ਹੱਲਾਸ਼ੇਰੀ ਦੇ ਨਾਲ ਨਾਲ ਆਰਥਿਕ ਭੇਟਾ ਵੀ ਦਿੱਤੀ ਜਾਂਦੀ ਸੀ ਤਾਂ ਕਿ ਲਿਖਾਰੀ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਸਕਣ। ਜੇਕਰ ਅਸੀਂ ਲਿਖਾਰੀਆਂ ਪਾਸੋਂ ਉਸਾਰੂ ਲੇਖਣੀ ਦੀ ਉਮੀਦ ਰੱਖਣੀ ਹੈ ਤਾਂ ਉਹਨਾਂ ਦੀਆਂ ਕਿਰਤਾਂ ਦਾ ਮੁੱਲ ਵੀ ਪਾਉਣਾ ਪਵੇਗਾ। ਗੁਰਦੁਆਰਾ ਕਮੇਟੀਆਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਘਰਾਂ ਦੇ ਮੰਚਾਂ ਤੋਂ ਲਿਖਾਰੀਆਂ ਨੂੰ ਮਾਣਤਾਣ ਦੇਣ ਦੀ ਪਿਰਤ ਦੇ ਰਾਹੀ ਬਣਨ।", ਉਕਤ ਵਿਚਾਰਾਂ ਦਾ ਪ੍ਰਗਟਾਵਾ ਵਿਦਵਾਨ ਸ਼ਾਇਰ ਡਾ: ਤਾਰਾ ਸਿੰਘ ਆਲਮ ਨੇ ਗੁਰਦੁਆਰਾ ਗਰੀਬ ਨਿਵਾਜ਼ ਹੇਜ਼ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ, 40 ਮੁਕਤਿਆਂ ਤੇ ਸ਼ਹੀਦ ਸਿੰਘਾਂ, ਸਿੰਘਣੀਆਂ ਦੀ ਯਾਦ ਵਿੱਚ ਕਰਵਾਏ ਗਏ ਪਹਿਲੇ ਧਾਰਮਿਕ ਕਵੀ ਦਰਬਾਰ ਦੌਰਾਨ ਕੀਤਾ। ਸੰਤ ਬਾਬਾ ਅਮਰ ਸਿੰਘ ਬੜੂੰਦੀ ਵਾਲਿਆਂ ਦੀ ਰਹਿਨੁਮਾਈ ਹੇਠ ਹੋਏ ਇਸ ਕਵੀ ਦਰਬਾਰ ਦੀ ਸ਼ੁਰੂਆਤ ਸੁਰੀਲੇ ਫ਼ਨਕਾਰ ਭਾਈ ਅਮਰਜੀਤ ਸਿੰਘ ਜੀ ਦੇ ਬੋਲਾਂ ਨਾਲ ਹੋਈ। ਉਹਨਾਂ ਵੱਲੋਂ ਡਾ: ਤਾਰਾ ਸਿੰਘ ਆਲਮ ਜੀ ਦੀਆਂ ਇੱਕ ਤੋਂ ਬਾਅਦ ਇੱਕ ਰਚਨਾਵਾਂ ਅਤੇ ਰਣਜੀਤ ਸਿੰਘ ਰਾਣਾ ਦੇ ਲਿਖੇ ਗੀਤ ਨੂੰ ਮਿੱਠੜੇ ਬੋਲਾਂ ਦੀ ਚਾਸ਼ਣੀ ਵਿੱਚ ਡੁਬੋ ਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਉਪਰੰਤ ਧਾਰਮਿਕ ਮੈਗਜੀਨ 'ਸਾਹਿਬ' ਦੇ ਸੰਪਾਦਕ ਰਣਜੀਤ ਸਿੰਘ ਰਾਣਾ ਨੇ ਆਪਣੇ ਸੰਬੋਧਨ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਇਤਿਹਾਸਕ ਘਟਨਾਵਾਂ ਦਾ ਵਿਸਥਾਰ ਪੂਰਵਕ ਵਰਨਣ ਕਰਦਿਆਂ 40 ਮੁਕਤਿਆਂ ਤੱਕ ਦੇ ਇਤਿਹਾਸ ਨੂੰ ਸੰਗਤਾਂ ਸਾਹਮਣੇ ਬਹੁਤ ਹੀ ਸੌਖੇ ਢੰਗ ਨਾਲ ਪੇਸ਼ ਕੀਤਾ। ਇਸ ਸਮੇਂ ਪੱਤਰਕਾਰ ਤੇ ਲੇਖਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਸਕਾਟਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਪਣੇ ਵਿਚਾਰਾਂ ਤੇ ਰਚਨਾਵਾਂ ਦੀ ਸਾਂਝ ਪਾਈ। ਇਸੇ ਤਰ੍ਹਾਂ ਹੀ ਸ਼ਾਇਰ ਹਰਭੁਪਿੰਦਰ ਸਿੰਘ ਬੱਬਲ ਮਟੌਰ ਨੇ ਆਪਣੀਆਂ ਧਾਰਮਿਕ ਰਚਨਾਵਾਂ ਰਾਹੀਂ ਪੁਖਤਾ ਹਾਜ਼ਰੀ ਭਰੀ। ਗੁਰਦੁਆਰਾ ਗਰੀਬ ਨਿਵਾਜ਼ ਨਾਨਕਸਰ ਵਿਖੇ ਨਵੀਂ ਪਿਰਤ ਦਾ ਆਗਾਜ਼ ਕਰਦਿਆਂ ਹੋਏ ਇਸ ਕਵੀ ਦਰਬਾਰ ਦੌਰਾਨ ਗੁਰਦੁਆਰਾ ਕਮੇਟੀ ਤਰਫੋਂ ਕਵੀਜਨਾਂ, ਬੁਲਾਰਿਆਂ, ਸਹਿਯੋਗੀਆਂ ਨੂੰ ਸਿਰੋਪਾਓ ਭੇਂਟ ਕੀਤੇ ਗਏ। ਪ੍ਰਬੰਧਕ ਕਮੇਟੀ ਵੱਲੋਂ ਕਵੀਜਨਾਂ ਨੂੰ ਮਾਇਕ ਭੇਟਾ ਨਾਲ ਵੀ ਵਿਸ਼ੇਸ਼ ਤੌਰ 'ਤੇ ਨਿਵਾਜਿਆ ਗਿਆ। ਇਸ ਸਨਮਾਨ ਉਪਰੰਤ ਮੁੱਖ ਪ੍ਰਬੰਧਕ ਵਜੋਂ ਬੋਲਦਿਆਂ ਭਾਈ ਗਜੇਂਦਰ ਸਿੰਘ ਖਾਲਸਾ ਨੇ ਕਿਹਾ ਕਿ ਗੁਰੂ ਘਰਾਂ ਵਿੱਚੋਂ ਲਿਖਾਰੀਆਂ ਨੂੰ ਮਾਣ ਸਨਮਾਨ ਦੇਣਾ ਦਸਮ ਪਾਤਸ਼ਾਹ ਦੀ ਸੋਚ 'ਤੇ ਅਸਲ ਪਹਿਰਾ ਦੇਣਾ ਹੈ। ਨਾਲ ਹੀ ਉਹਨਾਂ ਹੋਰਨਾਂ ਗੁਰਦੁਆਰਾ ਸਾਹਿਬਾਨਾਂ ਨੂੰ ਵੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਧਾਰਮਿਕ ਕਵੀ ਦਰਬਾਰਾਂ ਦਾ ਪ੍ਰਬੰਧ ਕਰਨ ਦੇ ਰਾਹ ਤੁਰਨ ਤਾਂ ਕਿ ਪ੍ਰਪੱਕ ਲਿਖਾਰੀਆਂ ਦੇ ਨਾਲ ਨਾਲ ਨਵੇਂ ਉੱਭਰਦੇ ਕਲਮਕਾਰਾਂ ਨੂੰ ਵੀ ਉਤਸ਼ਾਹਿਤ ਕੀਤਾ ਜਾ ਸਕੇ। ਇਸ ਸਮੇਂ ਜਸਵੀਰ ਸਿੰਘ ਮਠਾੜੂ, ਤਰਸੇਮ ਸਿੰਘ ਧਨੋਆ, ਹਰਜੀਤ ਸਿੰਘ ਸਨੀ ਸਿੱਧੂ, ਅਮਨਜੋਤ ਸਿੰਘ, ਅਮਰਜੀਤ ਕੌਰ ਆਲਮ, ਇੰਦਰਜੀਤ ਸਿੰਘ ਸੱਗੂ, ਬਿੰਦੀ ਸੱਗੂ, ਅੰਮ੍ਰਿਤਪਾਲ ਸਿੰਘ ਸੱਗੂ, ਇੰਦਰਜੀਤ ਸਿੰਘ ਮਠਾੜੂ, ਹਰਵਿੰਦਰ ਸਿੰਘ ਗਰੇਵਾਲ, ਹਰਬੰਸ ਸਿੰਘ ਘੜਿਆਲ, ਮੋਹਨ ਸਿੰਘ ਸੱਗੂ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।





# ਜਥੇਦਾਰ ਦਾਦੂਵਾਲ ਦੀ ਕੇਜਰੀਵਾਲ ਸਰਕਾਰ ਨੂੰ ਚਿਤਾਵਨੀ

**ਅੰਮ੍ਰਿਤਸਰ** –ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਮੀਡੀਆ ਨੂੰ ਇਕ ਪ੍ਰੈਸ ਨੋਟ ਜਾਰੀ ਕਰ ਕੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੂੰ ਨੇਕ ਸਲਾਹ ਦਿੰਦਿਆਂ ਕਿਹਾ ਕਿ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿੱਚ ਕੇਜਰੀਵਾਲ ਸਰਕਾਰ ਰੁਕਾਵਟ ਨਾ ਬਣੇ। ਪਿਛਲੇ ਸਮੇਂ ਦੇ ਅੰਦਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਚੰਗੇ ਕਦਮ ਉਠਾਏ ਹਨ ਜਿਨ੍ਹਾਂ ਵਿਚ ਕੁਝ ਸਿੰਘਾਂ ਦੀਆਂ ਪੈਰੋਲ ਤੇ ਪੱਕੀਆਂ ਰਿਹਾਈਆਂ ਹੋਈਆਂ ਹਨ ਜਿਵੇਂ ਭਾਈ ਦਇਆ ਸਿੰਘ ਲਾਹੌਰੀਆ ਹਰਨੇਕ ਸਿੰਘ ਭੱਪ ਤੇ ਕਈ ਹੋਰ ਸਿੰਘ ਜਿਹੜੇ ਅੱਜ ਆਪਣੇ ਘਰ ਪਰਿਵਾਰਾਂ 'ਚ ਆ ਕੇ ਸ਼ਾਂਤਮਈ ਜੀਵਨ ਬਤੀਤ ਕਰ ਰਹੇ ਹਨ। ਪ੍ਰੋ। ਦਵਿੰਦਰਪਾਲ ਸਿੰਘ ਭੁੱਲਰ ਨੇ ਲੰਬਾ ਸਮਾਂ ਭਾਰਤ ਦੀਆਂ ਜੇਲ੍ਹਾਂ 'ਚ ਸੰਤਾਪ ਹੰਢਾਇਆ ਹੈ। ਇਸ ਦੌਰਾਨ ਪ੍ਰੋ। ਦਵਿੰਦਰਪਾਲ ਸਿੰਘ ਭੁੱਲਰ ਦਾ ਪਰਿਵਾਰ ਬਿਖਰ ਗਿਆ। ਬਹੁਤ ਵੱਡਾ ਸੰਤਾਪ ਪਰਿਵਾਰ ਨੂੰ ਝੱਲਣਾ ਪਿਆ। ਪ੍ਰੋ



ਭੁੱਲਰ ਦੇ ਸਤਿਕਾਰਯੋਗ ਪਿਤਾ ਨੂੰ ਅਗਵਾ ਕਰ ਕੇ ਕਿੱਥੇ ਸ਼ਹੀਦ ਕਰ ਦਿੱਤਾ। ਪਤਾ ਵੀ ਨਾ ਲੱਗਾ ਤੇ ਮਾਤਾ ਜੀ ਵੀ ਇਸ ਸੰਤਾਪ ਦੇ ਵਿੱਚ ਪਿਛਲੇ ਸਮੇਂ ਅਕਾਲ ਚਲਾਣਾ ਕਰ ਗਏ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਸੰਸਾਰ ਵਿਚ ਵੱਸਦੇ ਸਿੱਖਾਂ ਅਤੇ ਅਮਨ ਪਸੰਦ ਲੋਕਾਂ ਵੱਲੋਂ ਲੰਬੇ ਚਿਰਾਂ ਤੋਂ ਕੋਸ਼ਿਸ਼ਾਂ ਜਾਰੀ ਹਨ ਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਵੀ ਜਲਦ ਉਨ੍ਹਾਂ ਸਿੱਖਾਂ ਦੀ ਰਿਹਾਈ ਦਾ ਫੈਸਲਾ ਲੈ ਸਕਦੀ ਹੈ। ਅਜਿਹੀ ਆਸ ਕੀਤੀ ਜਾ ਰਹੀ ਹੈ। ਅਜਿਹੇ ਸਮੇਂ ਜਦੋਂ 2022 ਪੰਜਾਬ ਵਿਧਾਨ ਸਭਾ ਇਲੈਕਸ਼ਨ ਹੋ ਰਹੀ ਹੈ ਤਾਂ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਪ੍ਰੋ। ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ 'ਚ ਕੇਜਰੀਵਾਲ ਸਰਕਾਰ ਨੂੰ ਕੋਈ ਰੁਕਾਵਟ ਨਹੀਂ ਖੜ੍ਹੀ ਕਰਨੀ ਚਾਹੀਦੀ ਸਗੋਂ ਰਿਹਾਈ ਦੀ ਫਾਈਲ 'ਤੇ ਦਸਤਖ਼ਤ ਕਰ ਕੇ ਮਨੁੱਖੀ ਅਧਿਕਾਰਾਂ ਦੀ ਕਦਰ ਕਰਦੇ ਹੋਏ ਅਮਨ ਪਸੰਦ ਲੋਕਾਂ ਤੇ ਸਿੱਖ ਜਗਤ ਦਾ ਵਿਸਵਾਸ਼ ਜਿੱਤਣਾ


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਡਾ. ਅੰਬੇਡਕਰ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ (ਤਰਤੀਬਵਾਰ)

14 ਅਪ੍ਰੈਲ 1891 : ਪਿਤਾ ਸੂਬੇਦਾਰ ਰਾਮ ਜੀ ਮਾਲੋਜੀ ਸਕਪਾਲ ਅਤੇ ਮਾਤਾ ਭੀਮਾਬਾਈ ਦੇ ਘਰ ਮਹੂ (ਮਿਲਟਰੀ ਹੈੱਡ ਕੁਆਰਟਰ ਆਫ ਵਾਰ) ਮੱਧ ਪ੍ਰਦੇਸ਼ ਵਿੱਚ ਜਨਮ।

7 ਨਵੰਬਰ 1900 : ਸਤਾਰਾ ਦੇ ਸਰਕਾਰੀ ਸਕੂਲ ਵਿੱਚ ਪ੍ਰਵੇਸ਼।

ਅਪ੍ਰੈਲ 1906 : ਭਿੱਕੂ ਵਲੰਗਕਰ ਦੀ ਪੁੱਤਰੀ, ਰਮਾਬਾਈ ਨਾਲ ਸ਼ਾਦੀ।

ਜਨਵਰੀ 1907 : ਮੈਟ੍ਰਿਕ ਪਾਸ ਕੀਤੀ। ਅਛੂਤ ਸਮਾਜ ਵਿੱਚ ਦਸਵੀਂ ਪਾਸ ਕਰਨ ਵਾਲੇ ਪਹਿਲੇ ਵਿਦਿਆਰਥੀ ਸਨ। ਉਨ੍ਹਾਂ ਦਾ ਸਨਮਾਨ ਕਰਨ ਲਈ ਰਾਓ ਬਹਾਦਰ ਸੀ.ਕੇ. ਬੋਲੇ ਦੀ ਪ੍ਰਧਾਨਗੀ ਹੇਠ ਇੱਕ ਸਭਾ ਦਾ ਪ੍ਰਬੰਧ ਕੀਤਾ ਗਿਆ। ਸਭਾ ਵਿੱਚ ਸ਼੍ਰੀ ਕ੍ਰਿਸ਼ਣਾ ਜੀ ਕੈਲੂਸਕਰ ਦੁਆਰਾ ਲਿਖੀ ਗਈ ਕਿਤਾਬ 'ਭਗਵਾਨ ਬੁੱਧ ਦਾ ਚਰਿੱਤਰ' ਉਨ੍ਹਾਂ ਨੂੰ ਭੇਟ ਕੀਤੀ ਗਈ।

3 ਜਨਵਰੀ 1908 : ਐਲਫਿੰਸਟਨ ਹਾਈ ਸਕੂਲ ਬੰਬਈ ਵਿੱਚ ਦਾਖਲਾ।

1908 : ਮਹਾਂਰਾਜਾ ਸਿਆਜੀਰਾਓ ਗਾਇਕਵਾੜ ਨਾਲ ਭੀਮ ਰਾਓ ਦੀ ਪਹਿਲੀ ਮੁਲਾਕਾਤ।

ਜਨਵਰੀ 1913 : ਭੀਮਰਾਓ ਨੇ ਬੀ.ਏ ਦਾ ਇਮਤਿਹਾਨ ਪਾਸ ਕੀਤਾ।

2 ਫਰਵਰੀ 1913 : ਪਿਤਾ ਸੂਬੇਦਾਰ ਰਾਮਜੀ ਸਕਪਾਲ ਦਾ ਦੇਹਾਂਤ।

20 ਜੁਲਾਈ 1913 : ਨਿਊਯਾਰਕ , ਕੋਲੰਬੀਆ ਯੂਨੀਵਰਸਿਟੀ ਵਿੱਚ ਦਾਖਲਾ।

15 ਮਈ 1915 : ਰੋਜ਼ਾਨਾ 18 ਘੰਟੇ ਪੜ੍ਹਾਈ ਕਰਦੇ ਹੋਏ ਐਡਮਨਿਸਟ੍ਰੇਸ਼ਨ ਐਂਡ ਫਾਈਨਾਂਸ ਔਫ ਈਸਟ ਇੰਡੀਆ ਕੰਪਨੀ' ਵਿਸ਼ੇ ਉੱਤੇ ਐਮ. ਏ ਦੀ ਡਿਗਰੀ ਲਈ ਖੋਜ ਪੱਤਰ ਪ੍ਰਸਤੁਤ ਕੀਤਾ।

2 ਜੂਨ 1915 : ਐਮ.ਏ. ਦੀ ਪ੍ਰੀਖਿਆ ਪਾਸ ਕੀਤੀ।

9 ਮਈ 1916 : ਕਾਸਟਸ ਇਨ ਇੰਡੀਆ-ਦੇਅਰ ਮੈਕੇਨਿਜ਼ਮ ਜੇਨਿਸਿਸ ਐਂਡ ਡੀਵੈਲਪਮੈਂਟ ਨਾਂ ਦਾ ਸ਼ੋਧ - ਪ੍ਰਬੰਧ ਕੋਲੰਬੀਆਂ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਏ ਗੋਲਡਨਵੇਅਰ ਦੁਆਰਾ ਆਯੋਜਤ ਸਭਾ ਵਿੱਚ, ਮਾਨਵ ਵੰਸ਼ ਸ਼ਾਸਤ੍ਰ ਦੇ ਵਿਦਿਆਰਥੀਆਂ ਅੱਗੇ ਪੜ੍ਹਿਆ। ਇਹ ਲੇਖ ਡਾ. ਅੰਬੇਡਕਰ ਦੀਆਂ ਰਚਨਾਵਾਂ ਵਿੱਚ ਸਭ ਤੋਂ ਪਹਿਲਾਂ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋਇਆ।

ਜੂਨ 1916 : ਪੀ.ਐੱਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਲਈ ਦੀ ਨੈਸ਼ਨਲ ਡਿਵੀਡੈਂਡ ਔਫ ਇੰਡੀਆ- ਏ ਹਿਸਟੌਰੀਕਲ ਐਂਡ ਐਨਾਲੈਟੀਕਲਸਟੱਡੀ' ਨਾਂ ਦਾ ਖੋਜ ਪੱਤਰ ਯੂਨੀਵਰਸਿਟੀ ਨੂੰ ਸੌਂਪਿਆਂ।

11 ਨਵੰਬਰ 1916 : ਬੈਰਿਸਟਰ ਦੀ ਪੜ੍ਹਾਈ ਲਈ, ਗ੍ਰੇਜ਼ ਇਨ ਲੰਡਨ, ਇਸ ਸੰਸਥਾ ਵਿੱਚ ਦਾਖਲਾ ਲਿਆ।

10 ਨਵੰਬਰ 1918 : ਅਰਥ ਸ਼ਾਸਤਰ ਦੇ ਪ੍ਰੋਫੈਸਰ ਵਜੋਂ, ਸਿਡਨਹਮ ਕਾਲਜ ਆਫ ਕਾਮਰਸ ਬੰਬਈ ਵਿੱਚ ਪੜ੍ਹਾਇਆ।

1918 : 'ਸਮਾਲ ਹੋਲਡਿੰਗਸ ਇਨ ਇੰਡੀਆ ਐਂਡ ਦੇਅਰ ਰੈਮੇਡੀਜ਼' ਇਹ ਸ਼ੋਧ ਪੱਤਰ, ਜਰਨਲ ਔਫ ਦੀ ਇੰਡੀਅਨ ਅਕੈਡਮੀ ਸੁਸਾਇਟੀ, ਵੌਲੀਅਮ

1 ਕ੍ਰਮਵਾਰ 2,3 ਸੰਨ 1918 ਵਿੱਚ ਪ੍ਰਕਾਸ਼ਤ ਕੀਤਾ।

27 ਜਨਵਰੀ 1919 : ਵੋਟ- ਅਧਿਕਾਰ ਨਾਲ ਸਬੰਧਤ ਸਾਊਥਬਰੋ ਸੰਮਤੀ ਦੇ ਸਾਹਮਣੇ ਅਛੂਤਾਂ ਵਲੋਂ ਗਵਾਹੀ ਦਿੱਤੀ ਅਤੇ ਨੁਮਾਇੰਦਗੀ ਦੇਣ ਲਈ ਮੰਗ ਪੱਤਰ ਦਿਤਾ।

31 ਜਨਵਰੀ 1920 : ਮੂਕਨਾਇਕ ਸਪਤਾਹਿਕ ਸ਼ੁਰੂ ਕੀਤਾ।

20-21 ਮਾਰਚ 1920: ਕੋਹਲਾਪੁਰ ਰਾਜ ਦੇ ਮਨਗਾਂਵ ਵਿੱਚ, ਦੱਖਣੀ ਮਹਾਂਰਾਸ਼ਟਰ ਦੇ ਬਹਿਸ਼ਕ੍ਰਿਤ ਵਰਗ ਦੀ ਸਭਾ ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਆਯੋਜਤ ਕੀਤੀ ਗਈ। ਛਤਰ-ਪਤੀ ਸ਼ਾਹੈ ਜੀ ਮਹਾਂਰਾਕ ਨੇ ਸਭਾ ਵਿੱਚ ਕਿਹਾ, '' ਡਾ. ਅੰਬੇਡਕਰ ਨਿਸ਼ਚਿਤ ਹੀ ਤੁਹਾਡਾ ਕਲਿਆਣ ਕਰਨਗੇ। ਏਨਾ ਹੀ ਨਹੀਂ, ਇੱਕ ਸਮਾਂ ਆਵੇਗਾ ਜਦੋਂ ਉਹ ਪੂਰੇ ਭਾਰਤ ਦੇ ਨੇਤਾ ਬਣਨਗੇ''। ਡਾ. ਅੰਬੇਡਕਰ ਦੀ ਇਹੀ ਪਹਿਲੀ ਸਰਵਜਨਕ ਸਭਾ ਸੀ।

30 ਮਈ, 1 ਜੂਨ 1920: ਭਾਰਤੀ ਬਹਿਸ਼ਕ੍ਰਿਤ ਭਾਰਤ ਦਾ ਨਾਗਪੁਰ ਵਿੱਚ, ਛਤਰਪਤੀ ਸ਼ਾਹੂ ਜੀ ਮਹਾਂਰਾਜ ਦੀ ਪ੍ਰਧਾਨਗੀ ਹੇਠ ਆਯੋਜਨ।

20 ਜੂਨ 1921 :'ਪ੍ਰੋਵੰਸ਼ਿਅਲ ਡੀਸੈਂਟਰੇਲਾਈਜੇਸ਼ਨ ਔਫ ਇੰਪੀਰੀਅਲ ਫਾਇਨੈਂਸ ਇਨ ਬ੍ਰਿਟਿਸ਼ ਇੰਡੀਆ' ਇਸ ਵਿਸ਼ੇ ਤੇ ਖੋਜ ਪੱਤਰ ਵਿੱਚ ਲੰਡਨ ਯੂਨੀਵਰਸਿਟੀ ਨੇ ਐਮ. ਐਸ. ਸੀ .ਦੀ ਡਿਗਰੀ ਪ੍ਰਦਾਨ ਕੀਤੀ।

20 ਜੂਨ 1922 : ਲੰਡਨ ਦੀ ਗ੍ਰੇਜ਼ ਇਨ ਸੰਸਥਾ ਨੇ ਅੰਬੇਡਕਰ ਨੂੰ ''ਬੈਰਿਸਟਰ'' ਦੀ ਪਦਵੀ ਪ੍ਰਦਾਨ ਕੀਤੀ।

5 ਜੁਲਾਈ 1923 : ਬੰਬਈ ਹਾਈ ਕੋਰਟ ਵਿੱਚ ਵਕਾਲਤ ਸ਼ੁਰੂ ਕੀਤੀ।

ਨਵੰਬਰ 1923 : 'ਦੀ ਪ੍ਰੋਬਲਿਮ ਔਫ ਰੁੱਪੀ' ਇਸ ਖੋਜ ਪ੍ਰਬੰਧ ਤੇ ਲੰਡਨ ਯੂਨੀਵਰਸਿਟੀ ਨੇ, ਡੀ. ਐਸ. ਸੀ. ਦੀ ਡਿਗਰੀ ਪ੍ਰਦਾਨ ਕੀਤੀ।

20 ਜੁਲਾਈ 1924 : 'ਬਹਿਸ਼ਕ੍ਰਿਤ ਹਿਤਕਾਰਨੀ ਸਭਾ' ਦਾ ਗਠਨ।''ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਸੰਗਠਿਤ ਹੋਵੋ'' ਸੰਸਥਾ ਦਾ ਇਹ ਨਿਸ਼ਾਨਾ ਰੱਖਿਆ।

1 ਜਨਵਰੀ 1927 : ਭੀਮਾ ਕੋਰੇਗਾਂਵ ਪੂਨਾ ਨੇੜੇ, ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਸਭਾ ਦਾ ਆਯੋਜਨ।

19-20ਮਾਰਚ 1927: ਮਹਾੜ ਚਵਦਾਰ ਤਲਾਬ ਸੱਤਿਆਗ੍ਰਹਿ। ਡਾ. ਅੰਬੇਡਕਰ ਨੇ ਇਸ ਤਲਾਬ ਤੋਂ ਪਾਣੀ ਪੀਤਾ।ਅਨੇਕ ਪੈਰੋਕਾਰਾਂ ਨੇ ਵੀ ਜਲ ਗ੍ਰਹਿਣ ਕੀਤਾ ਇਸ ਪ੍ਰਕਾਰ, ਸਮਾਨਤਾ ਸਥਾਪਤ ਕਰਨ ਦਾ ਸੰਘਰਸ਼ ਸ਼ੁਰੂ ਹੋਇਆ।

ਮਾਰਚ 1927 : ਮਹਾੜ ਸੱਤਿਆਗ੍ਰਹਿ ਦੌਰਾਨ, ਸਮਤਾ ਸੈਨਿਕ ਦਲ ਦੀ ਸਥਾਪਨਾ, ਇਸ ਨੂੰ ਰਾਸ਼ਟਰੀ ਸਰੂਪ 20 ਜੁਲਾਈ




1942 ਨੂੰ ਨਾਗਪੁਰ ਵਿੱਚ ਦਿੱਤਾ।

3 ਅਪ੍ਰੈਲ 1927 : ਪੰਦਰਵਾੜਾ ਅਖ਼ਬਾਰ 'ਬਹਿਸ਼ਕ੍ਰਿਤ ਭਾਰਤ' ਸ਼ੁਰੂ ਕੀਤਾ।

4 ਸਤੰਬਰ 1927 : 'ਸਮਾਜ ਸਮਤਾ ਸੰਘ' ਦੀ ਸਥਾਪਨਾ।

ਸਤੰਬਰ 1927 : ਪ੍ਰਸਿੱਧ ਚਿੱਤਰਕਾਰ ਸੀ.ਬੀ. ਖੇਰਮੋੜੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਡਾ.ਅੰਬੇਡਕਰ ਅਤੇ ਰਮਾਬਾਈ ਨੂੰ ਬਾਬਾ ਸਾਹਿਬ ਅਤੇ ਆਈ ਸਾਹੇਬ ਸਨਮਾਨਜਨਕ ਸ਼ਬਦ ਵਰਤੇ ਜਾਣ ਬਾਰੇ ਸੂਚਨਾ ਦਿੱਤੀ।

5 ਅਕਤੂਬਰ 1927 : ਬੰਬਈ ਯੂਨੀਵਰਸਿਟੀ ਦੀ ਸੈਨਟ ਵਿੱਚ, ਕ੍ਰੀਮੀਨਲ ਟ੍ਰਾਈਬਜ਼ ਅਤੇ ਅਛੂਤਾਂ ਦੀ ਨੁਮਾਇੰਦਗੀ ਦੀ ਮੰਗ ਕੀਤੀ।

25-26 ਦਸੰਬਰ1927: ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਮਹਾੜ ਸੱਤਿਆਗ੍ਰਹਿ ਸਭਾ ਦਾ ਆਯੋਜਨ। 25 ਦਸੰਬਰ ਨੂੰ ਸ਼ਾਮ ਸਾਢੇ ਸੱਤ ਵਜੇ ਅਛੂਤ ਸਾਧੂ ਅਤੇ ਬਾਬਾ ਸਾਹਬ ਸਹਸਤ੍ਰਬੁੱਧੇ ਦੇ ਹੱਥੋਂ, ਮਨੂੰ ਸਿਮ੍ਰਤੀ ਨੂੰ ਜਲਾਇਆ।

29 ਮਈ 1928 : 'ਬਹਿਸ਼ਕ੍ਰਿਤ ਹਿਤਕਾਰਣੀ ਸਭਾ' ਵਲੋਂ ਸਾਈਮਨ ਕਮਿਸ਼ਨ ਨੂੰ ਮੰਗ ਪੱਤਰ ਭੇਜਿਆ ਗਿਆ ਜਿਸ ਵਿੱਚ ਦਲਿਤ ਵਰਗਾਂ ਲਈ ਬਾਲਗ ਵੋਟ ਅਧਿਕਾਰ, ਰਾਖਵੀਆਂ ਸੀਟਾਂ, ਸਿੱਖਿਆ ਅਤੇ ਰੁਜ਼ਗਾਰ ਦੀ ਮੰਗ ਕੀਤੀ ਗਈ।

10 ਅਗਸਤ 1928 : ਮੋਤੀ ਲਾਲ ਨਹਿਰੂ ਰਿਪੋਰਟ ਜਿਸ ਨੂੰ ਭਾਰਤ ਦਾ 'ਸਵਰਾਜ ਸੰਵਿਧਾਨ' ਕਿਹਾ ਜਾਂਦਾ ਹੈ, ਪ੍ਰਕਾਸ਼ਤ ਹੋਈ। ਇਸ ਵਿੱਚ ਦਲਿਤ ਵਰਗਾਂ ਲਈ ਵਿਧਾਨ ਮੰਡਲ ਵਿੱਚ ਵਿਸ਼ੇਸ਼ ਪ੍ਰਤੀਨਿੱਧਤਾ ਦਾ ਪ੍ਰਬੰਧ, ਅਵਿਵਹਾਰਕ ਅਤੇ ਹਾਨੀਕਾਰਕ ਮੰਨਦੇ ਹੋਏ, ਨਹੀ ਕੀਤਾ ਗਿਆ। ਗਾਂਧੀ ਜੀ ਨੇ ਵੀ ਇਸੇ ਭੂਮਿਕਾ ਨੂੰ ਦੂਜੀ ਗੋਲਮੇਜ ਕਾਨਫਰੰਸ ਵਿੱਚ ਰੱਖਿਆ।

23 ਅਕਤੂਬਰ1928: ਡਾ. ਅੰਬੇਡਕਰ ਨੇ ਪੂਨਾ ਵਿੱਚ ਸਾਈਮਨ ਕਮਿਸ਼ਨ ਸਾਹਮਣੇ ਗਵਾਹੀ ਦਿੱਤੀ ਅਤੇ ਬਾਲਗ ਵੋਟ ਅਧਿਕਾਰ ਅਤੇ ਰਾਖਵੇਂਕਰਣ ਦੀ ਮੰਗ ਰੱਖੀ। ਉਹਨਾਂ ਨੇ ਅਨਪੜ੍ਹ, ਆਦਿਵਾਸੀ, ਇਸਤਰੀ ਪੁਰਖ ਲਈ ਵੋਟ-ਅਧਿਕਾਰ ਦੀ ਮੰਗ ਕੀਤੀ ਇਸ ਅਧਾਰ ਤੇ ਕਿ, ਹਰ ਵਿਅਕਤੀ ਕੋਲ ਇਹ ਸਮਝਣ ਦੀ ਬੁੱਧੀ ਹੁੰਦੀ ਹੈ ਕਿ ਉਸ ਨੂੰ ਕੀ ਚਾਹੀਦਾ ਹੈ। ਇਸ ਲਈ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ ਨਹੀਂ।ਉਹ, ਮਰਦ ਅਤੇ ਔਰਤ ਲਈ ਬਾਲਗ ਮੱਤ ਅਧਿਕਾਰ ਦੀ ਮੰਗ ਕਰਨ ਵਾਲੇ ਪਹਿਲੇ ਵਿਅਕਤੀ ਸਨ।

2 ਮਾਰਚ 1930 : ਨਾਸਿਕ ਵਿੱਚ, ਕਾਲਾ ਰਾਮ ਮੰਦਰ ਸੱਤਿਆਗ੍ਰਹਿ ਸ਼ੁਰੂ ਕੀਤਾ। ਉਦੇਸ਼ ਸਪਸ਼ਟ ਕਰਦੇ ਹੋਏ ਕਹਿੰਦੇ ਹਨ, ''ਮੰਦਰ ਵਿੱਚ ਪ੍ਰਵੇਸ਼ ਕਰਨ ਨਾਲ, ਸਾਡੀ ਅਸਲ ਸਮੱਸਿਆ ਹੱਲ ਨਹੀਂ ਹੋਵੇਗੀ। ਇਸ ਨਾਲ ਸਾਡੇ ਜੀਵਨ ਵਿੱਚ ਕੋਈ ਬਦਲਾਅ ਆਉਣ ਵਾਲਾ ਨਹੀਂ ਹੈ।ਇਹ ਤਾਂ ਅਖੌਤੀ ਉੱਚ ਹਿੰਦੂ ਮਾਨਸਿਕਤਾ ਜਾਂਚਣ ਲਈ ਹੈ।''

8-9-ਅਗਸਤ 1930: ਭਾਰਤੀ ਡੀਪਰੈੱਸਡ ਕਲਾਸਿਜ਼ ਸਭਾ, ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ, ਕਾਮਠੀ ਨਾਗਪੁਰ ਵਿਖੇ ਜੁੜੀ। ਵਿਧਾਨ ਮੰਡਲ ਅਤੇ ਨੌਕਰੀਆਂ ਵਿੱਚ ਰਾਖਵੇਂਕਰਣ ਦੀ ਮੰਗ ਕੀਤੀ ਗਈ।

20 ਨਵੰਬਰ 1930 : ਗੋਲਮੇਜ਼ ਕਾਨਫਰੰਸ ਵਿੱਚ, ਆਪਣੇ ਪਹਿਲੇ ਭਾਸ਼ਣ ਵਿੱਚ ਡਾ. ਅੰਬੇਡਕਰ ਨੇ, ਅਛੂਤਾਂ ਦੀ ਮੰਦੀ ਹਾਲਤ ਨੂੰ ਦੁਨੀਆਂ ਸਾਹਮਣੇ ਰੱਖਿਆ।

14 ਅਗਸਤ 1931 : ਮਣੀ ਭਵਨ ਮਲਬਾਰ ਹਿੱਲ ਬੰਬਈ ਵਿੱਚ ਦੋ ਵਜੇ, ਡਾ. ਅੰਬੇਡਕਰ ਜੀ ਪਹਿਲੀ ਵਾਰ ਐਮ. ਕੇ. ਗਾਂਧੀ ਨੂੰ ਮਿਲੇ।

17 ਅਗਸਤ 1932 : ਬ੍ਰਿਟਿਸ਼ ਪ੍ਰਧਾਨ ਮੰਤਰੀ ਰਾਮਸੇ ਮੈਕਡਾਲਡ ਨੇ, ਕਮਿਊਨਲ ਐਵਾਰਡ ਦਾ ਐਲਾਨ ਕੀਤਾ।

18 ਅਗਸਤ 1932 : ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਗਾਂਧੀ ਜੀ ਨੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

24 ਸਤੰਬਰ 1932 : ਗਾਂਧੀ ਜੀ ਦਾ ਦੂਤ, ਡਾ. ਅੰਬੇਡਕਰ ਨੂੰ ਮਿਲਿਆ। ਕਾਂਗਰਸ ਦੇ ਨੇਤਾਵਾਂ ਨੇ ਗਾਂਧੀ ਨੂੰ ਮਿਲਣ ਲਈ (UntochAbles Are the children oz ghetto) ਕਿਤਾਬ ਲਿਖੀ।

10 ਅਕਤੂਬਰ1946 : 'ਹੂ ਵਰ ਦੀ ਸ਼ੂਦਰਾਜ਼' ਗ੍ਰੰਥ ਦੀ ਪ੍ਰਸਤਾਵਨਾ ਲਿਖੀ।

4 ਨਵੰਬਰ 1946 : ਇੰਗਲੈਂਡ ਵਿੱਚ ਵਿੰਸਟਨ ਚਰਚਲ ਨਾਲ ਮੁਲਾਕਾਤ ਸਮੇਂ, ਅਛੂਤਾਂ ਦੇ ਅਧਿਕਾਰਾਂ ਦੀ ਸੁਰੱਖਿਆ ਦੀ ਗੱਲ ਕੀਤੀ।

5 ਨਵੰਬਰ 1946 : ਇੰਗਲੈਂਡ ਵਿੱਚ ਰਹਿੰਦੇ ਹੋਏ, ਪੂਨਾ-ਪੈਕਟ ਰੱਦ ਕਰਕੇ ਉਸ ਦੀ ਥਾਂ ਰਾਮਸੇ ਮੈਕਡਾਨਲਡ ਦੁਆਰਾ ਪਹਿਲਾਂ ਜਾਰੀ ਕਮਿਊਨਲ ਐਵਾਰਡ ਲਾਗੂ ਕੀਤੇ ਜਾਣ ਦੀ ਮੰਗ ਕੀਤੀ।

24 ਮਾਰਚ 1947 : 'ਸਟੇਟਸ ਐਂਡ ਮਾਈਨੌਰਟੀਜ਼' ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਦੇ ਹੋਏ, ਸੰਵਿਧਾਨ-ਸਭਾ ਕੋਲ ਪੇਸ਼ ਕੀਤਾ।

29 ਅਪ੍ਰੈਲ 1947 : ਛੂਆਛਾਤ ਨਾਲ ਸਬੰਧਤ ਸੰਵਿਧਾਨ ਦੀ ਧਾਰਾ 17 ਨੂੰ ਪਾਸ ਕੀਤਾ ਗਿਆ।

3 ਅਗਸਤ 1947 : ਨਹਿਰੂ ਮੰਤਰੀ ਮੰਡਲ ਵਿੱਚ ਕਾਨੂੰਨ ਮੰਤਰੀ ਬਣੇ।

29 ਅਗਸਤ 1947 : ਸੰਵਿਧਾਨ ਖਰੜਾ ਕਮੇਟੀ ਦੇ ਚੇਅਰਮੈਨ ਬਣਾਏ ਗਏ।

21 ਫਰਵਰੀ 1948 : ਸੰਵਿਧਾਨ ਦਾ ਖਰੜਾ, ਸੰਵਿਧਾਨ ਸਭਾ ਦੇ ਪ੍ਰਧਾਨ, ਡਾ: ਰਜਿੰਦਰ ਪ੍ਰਸਾਦ ਨੂੰ ਪ੍ਰਸਤੁਤ ਕੀਤਾ।

15 ਅਪ੍ਰੈਲ 1948 : ਸ਼ਾਰਦਾ ਕਬੀਰ ਨਾਲ ਦੂਜੀ ਸ਼ਾਦੀ ਕੀਤੀ।

25 ਅਪ੍ਰੈਲ 1948 : ਸ਼ਡੂਲਡ ਕਾਸਟਸ ਫੈਡਰੇਸ਼ਨ ਨੇ ਲਖਨਊ ਅਧਿਵੇਸ਼ਨ ਵਿੱਚ ਅਨੁਸੂਚਿਤ ਜਾਤਾਂ ਅਤੇ ਪੱਛੜੇ ਵਰਗ ਨੂੰ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਲਈ ਸੰਗਠਿਤ ਹੋਣ ਦਾ ਉਪਦੇਸ਼ ਦਿੱਤਾ।

4 ਨਵੰਬਰ 1948 : 315 ਆਰਟੀਕਲ ਅਤੇ 8 ਸ਼ਡਿਊਲ ਦਾ ਸੰਵਿਧਾਨ-ਖਰੜਾ, ਸੰਵਿਧਾਨ ਸਭਾ ਨੂੰ ਪ੍ਰਸਤੁਤ ਕੀਤਾ।

25 ਨਵੰਬਰ 1949 : ਸੰਵਿਧਾਨ ਸਭਾ ਵਿੱਚ ਇਤਿਹਾਸਕ ਭਾਸ਼ਣ।

25 ਮਈ 1950 : ਬੁੱਧਿਸਟ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਸ਼੍ਰੀ ਲੰਕਾ ਗਏ।

6 ਜੂਨ 1950 : ਯੰਗ ਮੈਨ ਬੁੱਧਿਸਟ ਐਸੋਸੀਏਸ਼ਨ ਕੋਲੰਬੋ ਦੁਆਰਾ ਆਯੋਜਤ ਕਾਨਫਰੰਸ ਵਿੱਚ'ਭਾਰਤ ਵਿੱਚ ਬੁੱਧ ਧਰਮ ਦਾ ਅਰੰਭ ਅਤੇ ਪਤਨ' ਵਿਸ਼ੇ ਤੇ ਭਾਸ਼ਣ ਦਿੱਤਾ।



ਸੰਤੋਖ ਸਿੰਘ ਜੱਸੀ
91-70876-19800

19 ਜੂਨ 1950 : ਔਰੰਗਾਬਾਦ ਵਿੱਚ, ਮਿਲਿੰਦ ਕਾਲਜ ਸ਼ੁਰੂ ਕੀਤਾ।

5 ਫਰਵਰੀ 1951 : ਕਾਨੂੰਨ ਮੰਤਰੀ ਰਹਿੰਦਿਆਂ, ਸੰਸਦ ਵਿੱਚ ਹਿੰਦੂ ਕੋਡ ਬਿੱਲ ਪੇਸ਼ ਕੀਤਾ।

27 ਸਤੰਬਰ 1951 : ਹਿੰਦੂ ਕੋਡ ਬਿੱਲ ਨੂੰ ਸਵੀਕਾਰ ਨਾ ਕਰਨ ਅਤੇ ਬੈਕਵਰਡ ਕਮਿਸ਼ਨ ਦੀ ਸਥਾ-ਪਨਾ ਨਾ ਕਰਨ ਤੇ ਮੰਤਰੀ ਪਦ ਤੋਂ ਤਿਆਗ ਪੱਤਰ ਦੇ ਦਿੱਤਾ।

5 ਜਨਵਰੀ 1952 : ਸੰਸਦੀ ਚੋਣ ਵਿੱਚ ਬੰਬਈ ਤੋਂ ਕਾਂਗਰਸ ਦੇ ਉਮੀਦਵਾਰ ਕਾਜਰੋਲਕਰ ਤੋਂ 14374 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਏ।

6 ਜੂਨ 1952 : ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਨੇ 'ਡਾਕਟਰ ਆਫ ਲਾਅ' ਦੀ ਉਪਾਧੀ ਪ੍ਰਦਾਨ ਕੀਤੀ। ਭਾਰਤੀ ਸੰਵਿਧਾਨ ਦੇ ਸ਼ਿਲਪਕਾਰ, ਮਹਾਨ ਸਮਾਜ ਸੁਧਾਰਕ ਅਤੇ ਮਨੁੱਖੀ ਹੱਕਾਂ ਲਈ ਸੰਘਰਸ਼ ਕਰਨ ਵਾਲੇ ਯੋਧੇ, ਇਹਨਾਂ ਸ਼ਬਦਾਂ ਨਾਲ ਉਹਨਾਂ ਦਾ ਮਾਣ ਕੀਤਾ ਗਿਆ।

12 ਜਨਵਰੀ 1953 : ਉਸਮਾਨੀਆਂ ਯੂਨੀਵਰਸਿਟੀ ਹੈਦਰਾਬਾਦ ਨੇ ਡੀ. ਲਿਟ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ।

2-5 ਮਈ 1954 : ਭੰਡਾਰਾ ਵਿੱਚ ਕਾਂਗਰਸ ਦੇ ਬੋਰਕਰ ਤੋਂ ਉਪ ਚੋਣਾਂ ਵਿੱਚ 8381 ਵੋਟਾਂ ਨਾਲ ਹਾਰੇ।

16 ਮਈ 1954 : ਬੁੱਧ ਜੈਅੰਤੀ ਪ੍ਰੋਗ੍ਰਾਮ ਲਈ ਰੰਗੂਨ ਪਹੁੰਚੇ।

4 ਦਸੰਬਰ 1954 : ਅੰਤਰਰਾਸ਼ਟਰੀ ਬੋਧ ਕਾਨਫਰੰਸ ਵਿੱਚ 'ਬੁੱਧਿਸਟ ਮੂਵਮੈਂਟ ਇਨ ਇੰਡੀਆ ਏ ਬਲਿਊਪ੍ਰਿੰਟ' ਇਸ ਵਿਸ਼ੇ 'ਤੇ ਭਾਸ਼ਣ ਦਿੱਤਾ।

8 ਮਈ 1955 :'ਭਾਰਤੀ ਬੌਧ ਮਹਾਂਸਭਾ' ਦੀ ਸਥਾਪਨਾ ਕੀਤੀ।

29 ਦਸੰਬਰ 1955 :'ਥੌਟਸ ਆਨ ਲਿੰਗੁਇਸਟਿਕ ਸਟੇਟਸ' ਇਸ ਗ੍ਰੰਥ ਨੂੰ ਪ੍ਰਕਾਸ਼ਿਤ ਕੀਤਾ।

24 ਫਰਵਰੀ 1956 :'ਬੁੱਧ ਪੂਜਾ ਪਾਠ' ਇਸ ਖਾਲੀ ਗਾਥਾ ਅਤੇ ਉਸ ਦੀ ਵਿਆਖਿਆਂ ਦਾ ਪ੍ਰਕਾਸ਼ਨ ਕੀਤਾ।

15 ਮਾਰਚ 1956 : 'ਦੀ ਬੁੱਧਾ ਐਂਡ ਹਿਜ਼ ਧੱਮਾਂ' ਇਸ ਗ੍ਰੰਥ ਦੀ ਪ੍ਰਸਤਾਵਨਾ ਲਿਖੀ।

30 ਸਤੰਬਰ 1956 : 'ਸ਼ਡਿਊਲਡ ਕਾਸਟਸ ਫੈਡਰੇਸ਼ਨ' ਨੂੰ ਭੰਗ ਕਰਕੇ 'ਰੀਪਬਲੀਕਨ ਪਾਰਟੀ ਆਫ ਇੰਡੀਆ' ਨਾਂ ਦਾ ਰਾਜਨੀਤਕ ਦਲ ਸਥਾਪਤ ਕਰਨ ਦਾ ਫੈਸਲਾ ਕੀਤਾ।

14 ਅਕਤੂਬਰ 1956 : ਨਾਗਪੁਰ ਵਿੱਚ ਪੰਜ ਲੱਖ ਲੋਕਾਂ ਨਾਲ ਬੁੱਧ ਧਰਮ ਦੀ ਦੀਕਸ਼ਾ ਲਈ।

16 ਅਕਤੂਬਰ 1956 : ਚੰਦਰਪੁਰ ( ਮਹਾਰਾਸ਼ਟਰ) ਵਿੱਚ ਤਿੰਨ ਲੱਖ ਲੋਕਾਂ ਨੂੰ ਬੁੱਧ ਧਰਮ ਦੀ ਦੀਕਸ਼ਾ ਦਿੱਤੀ।

20 ਨਵੰਬਰ 1956 : ਵਿਸ਼ਵ ਬੋਧ ਕਾਨਫਰੰਸ ਨੇਪਾਲ ਵਿੱਚ 'ਬੁੱਧ ਜਾਂ ਕਾਰਲ ਮਾਰਕਸ' ਇਸ ਵਿਸ਼ੇ 'ਤੇ ਭਾਸ਼ਣ ਦਿੱਤਾ।

21 ਨਵੰਬਰ 1956: ਲੁੰਬਣੀ ਦੀ ਯਾਤਰਾ ਕੀਤੀ।

22 ਨਵੰਬਰ 1956: ਬਾਅਦ ਦੁਪਹਿਰ, ਬੌਧ-ਗਯਾ ਲਈ ਰਵਾਨਾ ਹੋਏ।

23 ਨਵੰਬਰ 1956 : ਬੌਧ ਗਯਾ ਵਿੱਚ, ਬੁੱਧ ਵਿਹਾਰ ਅਤੇ ਬੋਧੀ ਬ੍ਰਿਛ ਦੇਖਣ ਉਪਰੰਤ ਬੁੱਧਵੰਦਨਾ ਕੀਤੀ।

25 ਨਵੰਬਰ 1956 : ਮੂਲਗੰਧ ਕੁਟੀ ਵਿਹਾਰ ਸਾਰਨਾਥ ਵਿੱਚ ਉਪਦੇਸ਼ ਦਿੱਤਾ।

30 ਨਵੰਬਰ 1956 : ਕੁਸ਼ੀਨਗਰ ਵਿੱਚ ਭੰਤੇ ਚੰਦਰਮਣੀ ਨਾਲ ਮੁਲਾਕਾਤ ਕੀਤੀ।

2 ਦਸੰਬਰ 1956 : ਅਸ਼ੋਕ ਵਿਹਾਰ ਮਹਿਰੌਲੀ ਦਿੱਲੀ ਵਿੱਚ ਦਲਾਈ ਲਾਮਾਂ ਦੇ ਸਨਮਾਨ ਵਿੱਚ ਆਯੋਜਤ ਸਭਾ ਵਿੱਚ ਹਾਜ਼ਰ ਰਹੇ। ਦਲਾਈਲਾਮਾਂ ਨੇ ਬਾਬਾ ਸਾਹਿਬ ਨੂੰ 'ਬੋਧੀ ਸੱਤਵ' ਕਹਿੰਦੇ ਹੋਏ ਸੰਬੋਧਨ ਕੀਤਾ।

6 ਦਸੰਬਰ 1956 : ਉਹਨਾਂ ਦੇ ਨਿਵਾਸ 26 ਅਲੀਪੁਰ ਰੋਡ ਦਿੱਲੀ ਵਿਖੇ ਪਰਿਨਿਰਵਾਣ।

7 ਦਸੰਬਰ 1956 : ਦਾਦਰ ਬੰਬਈ ਚੈਤਯਾ ਭੂਮੀ ਵਿੱਚ ਅੰਤਿਮ ਸੰਸਕਾਰ।

*****

## ਭਗਵੰਤ ਮਾਨ ਨੂੰ ਮਜਬੂਰੀ 'ਚ ਐਲਾਨਿਆ ਮੁੱਖ ਮੰਤਰੀ ਦਾ ਚਿਹਰਾ- ਸੁਖਬੀਰ ਬਾਦਲ

**ਚੰਡੀਗੜ੍ਹ** – ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਕੋਈ ਵੀ ਆਗੂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਨ ਲਈ ਰਾਜ਼ੀ ਨਾ ਹੋਇਆ ਤਾਂ 'ਆਪ' ਭਗਵੰਤ ਮਾਨ ਨੂੰ ਉਮੀਦਵਾਰ ਐਲਾਨ ਕੇ ਮੈਦਾਨ ਛੱਡ ਕੇ ਭੱਜ ਗਈ ਹੈ। ਸੁਖਬੀਰ ਨੇ ਕਿਹਾ ਕਿ ਮਾਨ ਵੱਲੋਂ ਕੀਤੀਆਂ ਗਲਤੀਆਂ ਅਤੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਇਹ ਪ੍ਰੋਗਰਾਮ ਰੱਖਿਆ ਗਿਆ ਤੇ ਉਨ੍ਹਾਂ ਨੂੰ ਮੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਉਣ ਦਾ ਐਲਾਨ ਕੀਤਾ ਗਿਆ। ਹਾਲਾਂਕਿ ਹਰ ਕੋਈ ਜਾਣਦਾ ਹੈ ਕਿ ਮਾਨ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਤੇ ਉਹ ਬਹੁਤ ਗ਼ੈਰ-ਜ਼ਿੰਮੇਵਾਰ ਹਨ।ਉਨ੍ਹਾਂ ਕਿਹਾ ਕਿ ਹੁਣ ਜਦੋਂ 'ਆਪ' ਕੋਲ ਸਾਰੇ ਬਦਲ ਖ਼ਤਮ ਹੋ ਗਏ ਤਾਂ ਉਸ ਨੇ ਪੰਜਾਬ ਵਿਚ ਪਾਰਟੀ ਦੀ ਅਗਵਾਈ ਕਰਨ ਵਾਸਤੇ ਭਗਵੰਤ ਮਾਨ ਨੂੰ ਚੁਣਿਆ ਤੇ ਇਹ ਪਾਰਟੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬੀਆਂ ਨੂੰ ਦੱਸੇ ਕਿ ਉਹ ਕੇਜਰੀਵਾਲ 'ਤੇ ਵਿਸ਼ਵਾਸ ਕਿਉਂ ਕਰਨ ਜਿਸ ਨੇ ਇਕ ਸਾਲ ਤੋਂ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਯੋਗ ਉਮੀਦਵਾਰ ਮੰਨਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਇਕ ਮਜ਼ਬੂਤ ਤੇ ਫ਼ੈਸਲਾ ਲੈਣ ਵਾਲੀ ਲੀਡਰਸ਼ਿਪ ਦੀ ਜ਼ਰੂਰਤ ਹੈ ਅਤੇ ਭਗਵੰਤ ਮਾਨ ਇਸ ਦੇ ਲਾਇਕ ਨਹੀਂ ਹੈ।

## ਪੰਜਾਬ 'ਚ ਹਾਲੇ ਠੰਢ ਤੋਂ ਨਹੀਂ ਮਿਲੇਗੀ ਰਾਹਤ, 22-23 ਜਨਵਰੀ ਨੂੰ ਬਾਰਿਸ਼ ਦੀ ਸੰਭਾਵਨਾ

**ਲੁਧਿਆਣਾ** – ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਸੋਮਵਾਰ ਨੂੰ ਵੀ ਬੱਦਲ ਛਾਏ ਰਹੇ। ਸਵੇਰ ਦੇ ਸਮੇਂ ਧੁੰਦ ਛਾਈ ਰਹੀ। ਇਸ ਨਾਲ ਸਾਰਾ ਦਿਨ ਕੜਾਕੇ ਦੀ ਠੰਢ ਰਹੀ। ਫਿਰੋਜ਼ਪੁਰ 'ਚ ਘਟੋ-ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਤੇ ਵੱਧ ਤੋਂ ਵੱਧ ਤਾਪਮਾਨ 13 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਫ਼ਰੀਦਕੋਟ ਤੇ ਕਪੂਰਥਲਾ 'ਚ ਵੀ ਘੱਟੋ ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਰਿਹਾ ਪਰ ਵੱਧ ਤੋਂ ਵੱਧ ਤਾਪਮਾਨ 18 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੋਗਾ 'ਚ ਘਟੋ-ਘੱਟ ਤਾਪਮਾਨ 6 ਡਿਗਰੀ ਤੇ ਵੱਧ ਤੋਂ ਵੱਧ ਤਾਪਮਾਨ 13 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਮੁਤਾਬਕ, ਮੰਗਲਵਾਰ ਨੂੰ ਵੀ ਇਸੇ ਤਰ੍ਹਾਂ ਹੀ ਮੌਸਮ ਰਹਿਣ ਦੀ ਸੰਭਾਵਨਾ ਹੈ। ਹਾਲੇ ਠੰਢ ਤੋਂ ਰਾਹਤ ਨਹੀਂ ਮਿਲੇਗੀ।

ਗੜਬੜ ਵਾਲੀਆਂ ਪੱਛਮੀ ਪੌਣਾਂ ਦੇ ਸਰਗਰਮ ਹੋਣ ਦੇ ਮੱਦੇਨਜ਼ਰ ਪੰਜਾਬ 'ਚ 22 ਅਤੇ 23 ਜਨਵਰੀ ਨੂੰ ਬਾਰਿਸ਼ ਹੋ ਸਕਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੌਸਮ ਵਿਭਾਗ ਦੇ ਮਾਹਿਰ ਡਾ। ਕੁਲਵਿੰਦਰ ਕੌਰ ਗਿੱਲ ਨੇ ਦੱਸਿਆ ਕਿ 23 ਜਨਵਰੀ ਤੋਂ ਬਾਅਦ ਹੀ ਮੌਸਮ ਖੁੱਲ੍ਹੇਗਾ। ਉਨ੍ਹਾਂ ਦੱਸਿਆ ਕਿ ਰਾਤ ਦਾ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਹੈ। ਬੇਸ਼ੱਕ 21 ਜਨਵਰੀ ਤੋਂ ਇਕ ਪੱਛਮੀ ਚੱਕਰਵਾਤ ਦੇ ਉੱਤਰ-ਪੱਛਮੀ ਭਾਰਤ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ ਪਰ ਆਉਣ ਵਾਲੇ 3-4 ਦਿਨ ਸੀਤ ਲਹਿਰ ਦਾ ਕਹਿਰ ਜਾਰੀ ਰਹੇਗਾ ਅਤੇ ਸਵੇਰੇ ਸ਼ਾਮ ਸੰਘਣੀ ਧੁੰਦ ਪਵੇਗੀ।

# ‘ਮੁਕਤਸਰ ਦਾ ਯੁੱਧ’ (29 ਦਸੰਬਰ 1705)

ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਮੇਂ ਸਿੱਖ ਧਰਮ ਦੀ ਹਰਮਨ ਪਿਆਰਤਾ ਨਿਰੰਤਰ ਵਧਦੀ ਵੇਖ ਕੇ ਹਿੰਦੂ ਪਹਾੜੀ ਰਾਜੇ ਅਤੇ ਮੁਗਲ ਇਸਨੂੰ ਸਾਮਰਾਜ ਲਈ ਖਤਰਾ ਸਮਝਣ ਲੱਗ ਪਏ ਸਨ। ਗੁਰੂ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਇਹ ਅਹਿਸਾਸ ਦਿਵਾਇਆ ਕਿ ਉਹ ਬਲਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੇ ਅੰਦਰਲੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਗੁਰੂ ਜੀ ਤਲਵਾਰ ਨੂੰ ਸੰਘਰਸ਼ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ। ਉਹਨਾਂ ਨੇ ਬਹੁਤ ਸਾਰੇ ਯੁੱਧ ਲੜੇ ਅਤੇ ਜਿੱਤੇ ਵੀ। ਪਰ ਕਿਸੇ ਦੇ ਇਲਾਕੇ ’ਤੇ ਕਬਜਾ ਨਹੀਂ ਕੀਤਾ। ਕਿਸੇ ਦੇ ਧਨ-ਮਾਲ ਜਾਂ ਇੱਜਤ ਲੁੱਟੇ ਜਾਣ, ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ ’ਤੇ ਵਾਰ ਨਾ ਕੀਤਾ। ਕਿਸੇ ਬੁੱਢੇ, ਬੱਚੇ ਜਾਂ ਔਰਤ ਤੇ ਵਾਰ ਨਹੀਂ ਕੀਤਾ। ਉਹਨਾਂ ਨੇ ਪਹਿਲਾਂ ਕਿਸੇ ’ਤੇ ਹਮਲਾ ਨਹੀਂ ਕੀਤਾ। ਜਿੱਤ ਲਈ ਜੂਝਣ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਕੋਈ ਵੀ ਯੁੱਧ ਜਰ, ਜੋਰੂ ਜਾਂ ਜ਼ਮੀਨ ਵਾਸਤੇ ਨਹੀਂ ਲੜਿਆ। ਉਹਨਾਂ ਹਮੇਸ਼ਾ ਨਿਮਾਣਿਆਂ, ਨਿਤਾਣਿਆਂ, ਨੀਵਿਆਂ ਅਤੇ ਲਿਤਾੜਿਆਂ ਦੇ ਹੱਕ-ਸੱਚ ਤੇ ਬਰਾਬਰੀ ਲਈ ਹੀ ਸੰਘਰਸ਼ ਕੀਤਾ ਅਤੇ ਸਰਬੰਸ ਦਾਨ ਕੀਤਾ।

ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਭਇਆ, ਏ ਜੀਵਤ ਕਈ ਹਜਾਰ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਉਹਨਾਂ ਪੰਜ ਪਿਆਰਿਆਂ, ਚਾਲੀ ਮੁਕਤਿਆਂ ਦੀ ਲਾਸਾਨੀ ਵਫਾਦਾਰੀ ਅਤੇ ਕੁਰਬਾਨੀ ਤੋਂ ਲੈ ਕੇ ਸਿੱਖਾਂ ਵਿਚ ਇੰਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ-ਖੁਸ਼ੀ ਅੱਗੇ ਆਉਣ ਲੱਗੇ, ਜਿਸ ਦੀ ਲਾਸਾਨੀ ਮਿਸਾਲ 29 ਦਸੰਬਰ 1705 ਦੇ ਮੁਕਤਸਰ ਦੇ ਯੁੱਧ ਵਿਚ ਮਿਲਦੀ ਹੈ। ਇਹ ਗੁਰੂ ਜੀ ਦੇ ਯੁੱਧ ਕਾਲ ਦਾ ਆਖਰੀ ਤੇ ਫੈਸਲਾਕੁੰਨ ਯੁੱਧ ਸੀ, ਜਿਸ ਵਿਚ ਔਰੰਗਜੇਬ ਰਾਜ ਦਾ ਅੰਤ ਹੋਇਆ।

ਗੁਰੂ ਜੀ ਜਦੋਂ ਆਨੰਦਪੁਰ ਦੇ ਧਰਮ ਯੁੱਧ ਮੋਰਚੇ ਵਿਚ ਲੰਮੇ ਸਮੇਂ ਤੋਂ ਡਟੇ ਹੋਏ ਸਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਚਾਹਿਆ ਕਿ ਗੁਰੂ ਜੀ ਆਨੰਦਪੁਰ ਛੱਡ ਜਾਣ। ਇਸ ਲਏ ਬਹਾਨੇ ਨਾਲ ਉਹਨਾਂ ਨੇ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਆਨੰਦਪੁਰ ਦਾ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਪਰ ਉਹਨਾਂ ਨੇ ਤਾਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫਤਾਰ ਕਰਕੇ ਅਧੀਨ ਕਰਨ ਦਾ ਮਨ ਬਣਾਇਆ ਹੋਇਆ ਸੀ। ਗੁਰੂ ਜੀ ਚਮਕੌਰ ਸਾਹਿਬ ਦੀ ਲੜਾਈ ਅਤੇ ਬਿਖੜਿਆਂ ਪੈਂਡਿਆਂ, ਮਾਛੀਵਾੜਾ ਕਾਂਗੜ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤੇ ਮੁਗਲ ਫੌਜਾਂ ਨੇ ਆਪਣੇ ਇਕਰਾਰ ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਕੋਲ ਸਮਰਪਿਤ ਸਿੰਘ ਸਨ ਜੋ ਜਾਨ ਦੀ ਪਰਵਾਹ ਕੀਤੇ ਬਿਨਾਂ ਕੁਰਬਾਨੀ ਲਈ ਤਿਆਰ ਸਨ। ਗੁਰੂ ਜੀ ਰਾਮੇਆਣੇ ਤੇ ਖਿਦਰਾਣੇ ਵੱਲ ਵਧਣ ਲੱਗੇ। ਤਦ ਤੱਕ ਮਾਈ ਭਾਗੋ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਖਿਦਰਾਣੇ ਦੀ ਢਾਬ ’ਤੇ ਪੁੱਜਿਆ। ਇਹ ਉਹ ਸਿੰਘ ਸਨ ਜੋ ਆਨੰਦਪੁਰ ਛੱਡਣ ਦੇ ਅਖੀਰਲੇ ਦਿਨਾਂ ਵਿਚ ਗੁਰੂ ਜੀ ਤੋਂ ਵਿੱਛੜ ਗਏ ਸਨ।

ਦੁਸ਼ਮਣ ਅਤੇ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਗੁਰੂ ਜੀ ਉਸ ਸਮੇਂ ਅਜਿਹੀ ਜਗ੍ਹਾ ਦੀ ਤਲਾਸ਼ ਵਿਚ ਸਨ, ਜਿੱਥੇ ਦੁਸ਼ਮਣਾਂ ਨੂੰ ਘੇਰਿਆ ਜਾ ਸਕੇ ਅਤੇ ਦੁਸ਼ਮਣ ਦਾ ਮੁਕਾਬਲਾ ਵਿਉਂਤਬੰਦੀ ਨਾਲ ਕੀਤਾ ਜਾ ਸਕੇ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਮੋਰਚਾ ਲਾਉਣਾ ਮੁਨਾਸਿਬ ਸਮਝਿਆ। ਜੋ ਕਿ ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਥੇ ਪਾਣੀ ਦਾ ਭੰਡਾਰ ਸੀ। ਜਦਕਿ ਦੂਰ-ਦੂਰ ਤੱਕ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਤੰਬੂ ਲਗਾ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਮੁਗਲ ਫੌਜਾਂ ਨੇ ਅੰਮ੍ਰਿਤ ਵੇਲੇ ਹਮਲਾ ਕਰ ਦਿੱਤਾ। ਸਿੰਘਾਂ ਨੇ ਰਣਨੀਤੀ ਬਣਾਈ ਕਿ ਵਾਰੀ-ਵਾਰੀ ਸਿੰਘ ਟਾਕਰੇ ਲਈ ਜਾਣਗੇ। ਉਹਨਾਂ ਦੀ ਹਿਫਾਜ਼ਤ ਲਈ ਪੰਜ ਸਿੰਘਾਂ ਨੂੰ ਨਾਲ ਨਾਲ ਭੇਜਿਆ ਜਾਣ ਲੱਗਾ। ਗੁਰੂ ਜੀ ਟਿੱਬੇ ਤੇ ਸਮੇਂ ਸਮੇਂ ਤੀਰਾਂ ਦੀ ਬੁਛਾੜ ਹੇਠਾਂ ਵੱਲ ਕਰਦੇ ਰਹੇ। ਉਹਨਾਂ ਨੇ ਇਸੇ ਤਰ੍ਹਾਂ ਹੀ ਦੁਸ਼ਮਣ ਨੂੰ ਉਲਝਾਈ ਰੱਖਿਆ। ਸਭ ਤੋਂ ਅਹਿਮ ਗੱਲ ਇਹ ਹੋ ਨਿੱਬੜੀ ਕਿ ਸਿੰਘਾਂ ਦਾ ਪਾਣੀ ’ਤੇ ਕਬਜਾ ਸੀ। ਦੁਸ਼ਮਣਾਂ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਿਲ ਹੋ ਗਿਆ। ਲੜਾਈ ਗਹਿਗੱਚ ਹੋ ਚੁੱਕੀ ਸੀ। ਇਸ ਘਮਾਸਾਨ ਯੁੱਧ ਵਿਚ ਮੁਗਲ ਫੌਜ ਦੇ ਕਮਾਂਡਰ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਢਾਬ ਦੀ ਉਚਾਈ ਤੋਂ ਤੀਰ ਛੱਡ ਰਹੇ ਸਨ। ਇਸ ਆਹਮੋ-ਸਾਹਮਣੇ ਦੀ ਟੱਕਰ ਵਿਚ ਮੁਗਲ ਫੌਜ ਨਾ ਟਿਕ ਸਕੀ। ਮੁਗਲ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਫੌਜ ਹੋਵੇਗੀ ਜੋ ਇਕ ਫੌਜੀ ਛਾਉਣੀ ਬਣਾਈ ਬੈਠੇ ਹਨ। ਪਰ ਸਿਰਫ 250 ਸਿੰਘਾਂ ਦੀ ਫੌਜ ਨੇ ਲੱਗਭੱਗ 20 ਹਜ਼ਾਰ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰ੍ਹਾਂ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ ਪਰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਮੁਗਲ ਫੌਜ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਹਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਹਨਾਂ ਵਿਚ ਲਾਗਲੇ ਪਿੰਡਾਂ ਦੇ ਕਿਸਾਨ ਅਤੇ ਕਾਰੀਗਰ ਵੀ ਸਨ।



ਮੁਗਲ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਫੌਜ ਤੋਂ ਉਸਦਾ ਟਾਕਰਾ ਕਰਨਾ ਸੰਭਵ ਨਹੀਂ ਹੈ। ਉਸਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਖਾਲਸੇ ਦੀ ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰੇ। ਉਹਨਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਆਨੰਦਪੁਰ ਤੋਂ ਵਿੱਛੜ ਗਏ ਸਨ, ਉਹ ਜਾਂ ਤਾਂ ਜ਼ਖਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ।

ਗੁਰੂ ਜੀ ਨੇ ਸੂਰਮਿਆਂ ਦੇ ਮੁਖੜੇ ਪਿਆਰ ਨਾਲ ਪੂੰਝੇ ਅਤੇ ਸ਼ਹੀਦੀਆਂ ਦਾ ਮੁੱਲ ਪਾਉਂਦੇ ਵਰ ਦਿੰਦੇ ਗਏ। ਉਸ ਸਮੇਂ ਰਾਏ ਸਿੰਘ ਦੇ ਪੁੱਤਰ ਭਾਇ ਮਹਾਂ ਸਿੰਘ ਨੂੰ ਜਾ ਡਿੱਠਾ। ਮਹਾਂ ਸਿੰਘ ਦਾ ਮੁਖੜਾ ਸਾਫ ਕਰਕੇ ਉਸਦਾ ਸੀਸ ਗੋਦ ਵਿਚ ਰੱਖ ਕੇ ਪਾਣੀ ਮੂੰਹ ਵਿਚ ਪਾਇਆ, ਸੀਨੇ ਨਾਲ ਲਾਇਆ। ਗੁਰੂ ਜੀ ਆਖਣ ਲੱਗੇ। ਭਾਈ ਮਹਾਂ ਸਿੰਘ ਤੂੰ ਸਿੱਖੀ ਸੰਗਤ ਦੀ ਲਾਜ ਰੱਖ ਲਈ ਹੈ। ਜੰਗ ਵਿਚ ਹਿੱਸਾ ਲੈ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ, ਹੋਰ ਕੀ ਮੰਗਾਂ, ਮੈਨੂੰ ਇਸ ਵਿਚ ਹੀ ਸਭ ਕੁਝ ਮਿਲ ਗਿਆ ਹੈ। ਗੁਰੂ ਜੀ ਨੇ ਫਿਰ ਕਿਹਾ, ਹੋਰ ਕੁਝ ਮੰਗ ਲੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਜੀ ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਨਾਲ ਦੇ ਜਥੇ ਦੇ ਸਾਥੀਆਂ ਨੂੰ ਮਾਫ ਕਰ ਦਿਓ।

ਜੋ ਆਨੰਦਪਰ ਆਪ ਜੀ ਦੀ ਸੇਵਾ ਵਿਚ ਨਹੀਂ ਰਹਿ ਸਕੇ ਅਤੇ ਵਿੱਛੜ ਗਏ ਸਾਂ। ਗੁਰੂ ਜੀ ਨੇ ਕਿਹਾ, ਭਾਈ ਮਹਾਂ ਸਿੰਘ ਤੂੰ ਸਭ ਦੀ ਲਾਜ ਰੱਖ ਲਈ ਹੈ ਅਤੇ ਬਖਸ਼ਾ ਲਿਆ ਹੈ। ਭਾਈ ਮਹਾਂ ਸਿੰਘ ਦੀ ਆਤਮਾ ਸ਼ਾਂਤ ਹੋ ਗਈ, ਹਿਰਸ ਵਿਚ ਅੱਥਰੂ ਨਿਕਲ ਆਏ ਤੇ ਸ਼ਹੀਦੀ ਪਾ ਗਏ। ਫਿਰ ਗੁਰੂ ਜੀ ਮਾਈ ਭਾਗੋ ਪਾਸ ਪਹੁੰਚੇ, ਜਿਹਨਾਂ ਨੇ ਭਾਈ ਮਹਾਂ ਸਿੰਘ ਨਾਲ ਜਥੇ ਦੀ ਅਗਵਾਈ ਕੀਤੀ ਸੀ। ਉਹਨਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਅੰਤਿਮ ਸਮਾਂ ਦੱਸਿਆ ਕਿ ਉਹਨਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਸੇਵਾ ਵਿਚ ਰਹਿਣ ਦਾ ਬਲ ਬਖਸ਼ਿਆ।

ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ’ਸ਼ਹੀਦ ਗੰਜ’ ਹੈ। ਇੱਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਯੁੱਧ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਇੱਥੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢ ਹੈ। ਮੁਕਤਸਰ ਦੇ ਸ਼ਹੀਦਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਹੱਕ-ਸੱਚ ਅਤੇ ਧਰਮ ਲਈ ਜੁਲਮ ਦੇ ਖਿਲਾਫ ਸੰਘਰਸ਼ਮਈ ਰਹਿਣਾ। ਇਸ ਯੁੱਧ ਦਾ ਸੁਨੇਹਾ ਹੈ ਕਿ ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ, ਜਿਸ ਤੋਂ ਸਾਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ।



## ਜਨਮ ਦਿਨ 'ਤੇ ਵਿਸ਼ੇਸ਼

# 'ਮਾਰਟਿਨ ਲੂਥਰ ਕਿੰਗ ਜੂਨੀਅਰ 'ਤੇ ਮਹਾਤਮਾ ਗਾਂਧੀ ਦਾ ਪ੍ਰਭਾਵ'

ਮਾਰਟਿਨ ਲੂਥਰ ਕਿੰਗ ਜੂਨੀਅਰ ਦਿਵਸ ਅਧਿਕਾਰਿਤ ਤੌਰ 'ਤੇ ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਨ, ਅਤੇ ਕਈ ਵਾਰ ਇਸ ਨੂੰ ਐਮ. ਐਲ. ਕੇ. ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਵਿਚ ਇਕ ਸੰਘੀ ਛੁੱਟੀ ਹੈ, ਜੋ ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਜਨਮ ਦਿਨ ਨੂੰ ਮਨਾਉਂਦੀ ਹੈ। ਹਰ ਸਾਲ ਜਨਵਰੀ ਮਹੀਨੇ ਦਾ ਤੀਜਾ ਸੋਮਵਾਰ ਹੁੰਦਾ ਹੈ। 1929 ਵਿਚ ਜਨਮੇ, ਕਿੰਗ ਦਾ ਅਸਲ ਜਨਮ ਦਿਨ 15 ਜਨਵਰੀ ਹੈ (ਜੋ 1929 ਵਿਚ ਮੰਗਲਵਾਰ ਵਾਲੇ ਦਿਨ ਹੋਇਆ ਸੀ।) ਇਹ ਛੁੱਟੀ 'ਯੂਨੀਫਾਰਮ ਸੋਮਵਾਰ ਹੋਲੀਡੇ ਐਕਟ' ਅਧੀਨ ਨਿਰਧਾਰਿਤ ਛੁੱਟੀਆਂ ਦੇ ਬਰਾਬਰ ਹੈ। ਇਸ ਛੁੱਟੀ ਲਈ ਸਭ ਤੋਂ ਪਹਿਲਾ ਸੋਮਵਾਰ 15 ਜਨਵਰੀ ਹੈ ਅਤੇ ਤਾਜ਼ਾ ਸੋਮਵਾਰ 21 ਜਨਵਰੀ ਹੈ।

ਸੰਯੁਕਤ ਰਾਜ ਅਮਰੀਕਾ ਵਿਚ 1954-1968 'ਨਾਗਰਿਕ ਅਧਿਕਾਰਾਂ ਦੀ ਲਹਿਰ' ਅਫਰੀਕੀ-ਅਮਰੀਕੀਆਂ ਅਤੇ ਉਹਨਾਂ ਦੇ ਸਮਾਨ ਵਿਚਾਰਾਂ ਵਾਲੇ ਸਹਿਯੋਗੀਆਂ ਦੁਆਰਾ ਸੰਯੁਕਤ ਰਾਜ 'ਚ ਕਾਨੂੰਨੀ ਤੇ ਨਸਲੀ ਵਿਤਕਰੇ ਵਿਰੁੱਧ, ਅਧਿਕਾਰਾਂ ਤੋਂ ਵਾਂਝੇ ਅਤੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ, ਇਕ ਦਹਾਕਿਆਂ ਲੰਮੀ ਮੁਹਿੰਮ ਤੋਂ ਪਹਿਲਾਂ ਸੀ। ਅੰਦੋਲਨ ਦੀ ਸ਼ੁਰੂਆਤ 19ਵੀਂ ਸਦੀ ਦੇ ਅੰਤ ਵਿਚ ਪੁਨਰ ਨਿਰਮਾਣ ਯੁੱਗ ਵਿਚ ਹੋਈ ਸੀ, ਹਾਲਾਂਕਿ ਇਸ ਨੇ ਕਈ ਸਾਲਾਂ ਦੀਆਂ ਸਿੱਧੀਆਂ ਕਾਰਵਾਈਆਂ ਅਤੇ ਜ਼ਮੀਨੀ ਪੱਧਰ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ 1960 ਦੇ ਦਹਾਕੇ ਦੇ ਮੱਧ ਵਿਚ, ਆਪਣਾ ਸਭ ਤੋਂ ਵੱਡਾ ਵਿਧਾਨਕ ਲਾਭ ਪ੍ਰਾਪਤ ਕੀਤਾ। ਸਮਾਜਿਕ ਅੰਦੋਲਨ ਦਾ ਪ੍ਰਮੁੱਖ ਅਹਿੰਸਕ ਵਿਰੋਧ ਅਤੇ ਸਿਵਲ-ਨਾ-ਫੁਰਮਾਨੀ ਮੁਹਿੰਮਾਂ ਨੇ ਅੰਤ ਵਿਚ ਸਾਰੇ ਅਮਰੀਕੀਆਂ ਦੇ ਮਨੁੱਖੀ ਅਧਿਕਾਰਾਂ ਲਈ ਸੰਘੀ ਕਾਨੂੰਨ ਵਿਚ ਨਵੀਂ ਸੁਰੱਖਿਆ ਪ੍ਰਾਪਤ ਕੀਤੀ। 1860 ਦੇ ਦਹਾਕੇ ਵਿਚ ਅਮਰੀਕੀ ਘਰੇਲੂ ਯੁੱਧ ਅਤੇ ਬਾਅਦ ਵਿਚ ਗੁਲਾਮੀ ਦੇ ਖਾਤਮੇ ਤੋਂ ਬਾਅਦ, ਸੰਯੁਕਤ ਰਾਜ ਦੇ ਸੰਵਿਧਾਨ ਵਿਚ ਪੁਨਰ ਨਿਰਮਾਣ ਸੋਧਾਂ ਨੇ ਸਾਰੇ ਅਫਰੀਕੀ-ਅਮਰੀਕੀਆਂ ਨੂੰ ਮੁਕਤੀ ਅਤੇ ਨਾਗਰਿਕਤਾ ਦੇ ਸੰਵਿਧਾਨਕ ਅਧਿਕਾਰ ਦਿੱਤੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ, ਹਾਲ ਹੀ ਵਿਚ ਗੁਲਾਮ ਬਣਾਇਆ ਗਿਆ ਸੀ। ਥੋੜ੍ਹੇ ਸਮੇਂ ਲਈ ਅਫਰੀਕੀ-ਅਮਰੀਕੀ ਮਰਦਾਂ ਨੇ ਵੋਟ ਦਿੱਤੀ ਅਤੇ ਰਾਜਨੀਤਿਕ ਅਹੁਦਾ ਸੰਭਾਲਿਆ, ਪਰ ਉਹਨਾਂ ਨੂੰ ਨਾਗਰਿਕ ਅਧਿਕਾਰਾਂ ਤੋਂ ਵਾਂਝੇ ਕੀਤਾ ਜਾ ਰਿਹਾ ਸੀ, ਅਕਸਰ ਅਖੌਤੀ 'ਜਿਮ ਕ੍ਰੋ ਕਾਨੂੰਨਾਂ' ਦੇ ਤਹਿਤ ਅਤੇ ਅਫਰੀਕੀ-ਅਮਰੀਕੀਆਂ ਨੂੰ ਗੋਰੇ ਸਰਬੋਤਮਵਾਦੀਆਂ ਦੁਆਰਾ ਵਿਤਕਰੇ ਅਤੇ ਨਿਰੰਤਰ ਹਿੰਸਾ ਦਾ ਸ਼ਿਕਾਰ ਹੋਣਾ ਪਿਆ।

ਮਾਰਟਿਨ ਲੂਥਰ ਕਿੰਗ ਜੂਨੀਅਰ 'ਸਿਵਲ ਰਾਈਟਸ ਮੂਵਮੈਂਟ' ਵਿਚ ਅਹਿੰਸਕ ਸਰਗਰਮੀਆਂ ਲਈ ਮੁੱਖ ਬੁਲਾਰੇ, ਤੇ ਅਗਵਾਈ ਕਰਦੇ ਨੇਤਾ ਸਨ, ਜਿਸ ਨੇ ਸੰਘੀ ਅਤੇ ਰਾਜ ਦੇ ਕਾਨੂੰਨ ਵਿਚ ਨਸਲੀ ਵਿਤਕਰੇ ਦਾ ਵਿਰੋਧ ਕੀਤਾ ਸੀ। ਕਿੰਗ ਦੇ ਸਨਮਾਨ ਵਿਚ ਸੰਘੀ ਛੁੱਟੀ ਦੀ ਮੁਹਿੰਮ 1968 ਵਿਚ, ਉਸ ਦੀ ਹੱਤਿਆ ਤੋਂ ਤੁਰੰਤ ਬਾਅਦ ਸ਼ੁਰੂ ਹੋਈ ਸੀ।


ਰਾਸ਼ਟਰਪਤੀ ਰੋਨਾਲਡ ਰੀਗਨ ਨੇ 1983 ਵਿਚ ਛੁੱਟੀ ਦੇ ਕਾਨੂੰਨ 'ਤੇ ਦਸਤਖਤ ਕੀਤੇ ਸਨ ਅਤੇ ਇਹ ਪਹਿਲੀ ਵਾਰ ਤਿੰਨ ਸਾਲ ਬਾਅਦ ਮਨਾਇਆ ਗਿਆ ਸੀ। ਪਹਿਲਾਂ-ਪਹਿਲਾਂ, ਕੁਝ ਰਾਜਾਂ ਨੇ ਛੁੱਟੀਆਂ ਨੂੰ ਇਸ ਤਰ੍ਹਾਂ ਮਨਾਉਣ ਦਾ ਵਿਰੋਧ ਕੀਤਾ, ਇਸ ਨੂੰ ਵਿਕਲਪਿਕ ਨਾਮ ਦੇਣ ਜਾਂ ਇਸ ਨੂੰ ਹੋਰ ਛੁੱਟੀਆਂ ਨਾਲ ਜੋੜਿਆ ਜਾਵੇ, ਇਹ ਅਧਿਕਾਰਿਤ ਤੌਰ 'ਤੇ 2000 ਵਿਚ ਪਹਿਲੀ ਵਾਰ ਸਾਰੇ 50 ਰਾਜਾਂ ਵਿਚ ਦੇਖਿਆ ਗਿਆ ਸੀ।

**ਮਾਰਟਿਨ ਲੂਥਰ ਕਿੰਗ ਜੂਨੀਅਰ 'ਤੇ ਮਹਾਤਮਾ ਗਾਂਧੀ ਦਾ ਪ੍ਰਭਾਵ:**

ਮਹਾਤਮਾ ਗਾਂਧੀ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ, ਜਿਸ ਵਿਚ ਸਭ ਤੋਂ ਮਸ਼ਹੂਰ ਨਾਗਰਿਕ ਅਧਿਕਾਰ ਨੇਤਾਵਾਂ ਵਿਚੋਂ ਇਕ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਆਪਣੀਆਂ ਲਿਖਤਾਂ ਅਤੇ 1959 ਵਿਚ ਭਾਰਤ ਦੇ ਦੌਰੇ ਦੁਆਰਾ, ਗਾਂਧੀ ਬਾਰੇ ਬਹੁਤ ਕੁਝ ਸਿੱਖਿਆ ਹੈ। ਉਹ ਗਾਂਧੀਵਾਦੀ ਸਿਧਾਂਤ ਤੋਂ ਬਹੁਤ ਪ੍ਰਭਾਵਿਤ ਸੀ। ਇਕ ਨਾਗਰਿਕ ਅਧਿਕਾਰ ਕਾਰਕੁੰਨ ਬਣਨ ਦੇ ਆਪਣੇ ਉਭਾਰ ਵਿਚ ਅਹਿੰਸਾ ਦਾ ਹਾਲਾਂਕਿ ਦੋਵਾਂ ਵਿਅਕਤੀਆਂ ਨੂੰ ਕਦੇ ਵੀ ਮਾਰਟਿਨ ਲੂਥਰ ਕਿੰਗ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ, ਉਹ ਉਹਨਾਂ ਸਿੱਖਿਆਵਾਂ ਨੂੰ ਪਿਆਰ ਕਰਦੇ ਸਨ ਜੋ ਮਹਾਤਮਾ ਗਾਂਧੀ ਜੀ ਭਾਰਤ ਵਿਚ ਆਪਣੇ ਲੋਕਾਂ ਲਈ ਫੈਲਾ ਰਹੇ ਸਨ।

ਮਹਾਤਮਾ ਗਾਂਧੀ ਕਾਨੂੰਨ ਦਾ ਅਧਿਐਨ ਕਰਨ ਅਤੇ ਭਾਰਤੀਆਂ ਦੇ ਨਾਗਰਿਕ ਅਧਿਕਾਰਾਂ ਦੀ ਵਕਾਲਤ ਕਰਨ ਲਈ ਦੱਖਣੀ ਅਫ਼ਰੀਕਾ ਗਏ ਸਨ। ਜਦੋਂ ਗਾਂਧੀ ਜੀ ਅਫ਼ਰੀਕਾ ਪਹੁੰਚੇ ਤਾਂ ਉਨ੍ਹਾਂ ਨੂੰ ਗੋਰੇ ਬ੍ਰਿਟਿਸ਼ ਅਧਿਕਾਰੀਆਂ ਦੇ ਹੱਥੋਂ ਭਾਰਤੀ ਪ੍ਰਵਾਸੀਆਂ ਦੇ ਵਿਤਕਰੇ ਅਤੇ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਡਰਬਨ ਦੀ ਅਦਾਲਤ ਵਿਚ ਪਹਿਲੀ ਵਾਰ ਪੇਸ਼ ਹੋਣ 'ਤੇ, ਗਾਂਧੀ ਜੀ ਨੂੰ ਆਪਣੀ ਪੱਗ ਉਤਾਰਨ ਲਈ ਕਿਹਾ ਗਿਆ। ਉਨ੍ਹਾਂ ਨੇ ਇਨਕਾਰ ਕਰ ਦਿੱਤਾ ਅਤੇ ਅਦਾਲਤ ਤੋਂ ਬਾਹਰ ਚਲੇ ਗਏ। ਨੇਟਲ ਐਡਵਰਟਾਈਜ਼ਰ ਨੇ ਪ੍ਰਿੰਟ ਵਿਚ 'ਇਕ ਅਣਚਾਹੇ ਮਹਿਮਾਨ' ਵਜੋਂ ਉਨ੍ਹਾਂ ਦਾ ਮਜ਼ਾਕ ਉਡਾਇਆ। ਫਿਰ ਉਨ੍ਹਾਂ ਨੇ ਵਿਤਕਰੇ ਨਾਲ ਲੜਨ ਲਈ 'ਨੇਟਲ ਇੰਡੀਅਨ ਕਾਂਗਰਸ' ਦਾ ਗਠਨ ਕੀਤਾ। 1906 ਵਿਚ ਗਾਂਧੀ ਜੀ ਨੇ ਆਪਣੀ ਪਹਿਲੀ ਜਨਤਕ ਸਿਵਲ-ਨਾਫੁਰਮਾਨੀ ਮੁਹਿੰਮ ਚਲਾਈ, ਜਿਸ ਨੂੰ ਉਹਨਾਂ ਨੇ 'ਸਤਿਆਗ੍ਰਹਿ' ਕਿਹਾ।

ਆਜ਼ਾਦੀ ਦੀ ਗਾਂਧੀ ਜੀ ਦੀ ਧਾਰਨਾ, ਸੱਤਿਆਗ੍ਰਹਿ ਦੀ ਤਕਨੀਕ ਸੀ, ਜਿਸ ਦਾ ਅਰਥ ਹੈ 'ਸੱਚ-ਸ਼ਕਤੀ' ਅਤੇ ਇਹ ਭਾਰਤ ਦੇ ਸੁਤੰਤਰਤਾ ਸੰਘਰਸ਼ ਵਿਚ ਇਕ ਪ੍ਰਮੁੱਖ ਤਕਨੀਕ ਬਣ ਗਈ। ਸੱਤਿਆਗ੍ਰਹਿ ਦਾ ਅਭਿਆਸ ਕਰਨ ਦਾ ਮਤਲਬ ਹੈ ਕਿ ਇਕ ਵਿਅਕਤੀ ਨੂੰ ਸਚਾਈ ਅਤੇ ਪਿਆਰ ਦਾ ਪਿੱਛਾ ਕਰਨਾ ਚਾਹੀਦਾ ਹੈ ਜਦੋਂ ਕਿ ਉਹ ਕਿਸੇ ਅਜਿਹੀ ਚੀਜ਼ ਵਿਚ ਹਿੱਸਾ ਲੈਣ ਤੋਂ ਇਨਕਾਰ ਕਰਦਾ ਹੈ, ਜਿਸ ਵਿਚ ਉਹ ਵਿਸ਼ਵਾਸ ਨਹੀਂ ਕਰਦਾ ਜਾਂ ਗਲਤ ਹੈ।ਉਸਨੇ ਭਾਰਤੀਆਂ ਨੂੰ ਬ੍ਰਿਟਿਸ਼ ਵਸਤਾਂ ਦਾ ਬਾਈਕਾਟ ਕਰਨ ਅਤੇ ਇਸ ਦੀ ਬਜਾਏ ਭਾਰਤੀ ਸਮਾਨ ਖਰੀਦਣ ਲਈ ਉਤਸ਼ਾਹਿਤ ਕੀਤਾ। ਗਾਂਧੀ ਜੀ ਨੇ ਨਿਸ਼ਕਿਰਿਆ ਵਿਰੋਧ ਦਾ ਪ੍ਰਚਾਰ ਕੀਤਾ, ਇਹ ਕਹਿੰਦੇ ਹੋਏ ਕਿ ਅੰਗਰੇਜ਼ਾਂ ਦੇ



ਵਿਰੁੱਧ ਹਿੰਸਾ ਦੀਆਂ ਕਾਰਵਾਈਆਂ ਨੇ ਸਿਰਫ਼ ਇਕ ਨਕਾਰਾਤਮਕ ਪ੍ਰਤੀਕਿਰਿਆ ਨੂੰ ਭੜਕਾਇਆ, ਜਦੋਂ ਕਿ ਪੈਸਿਵ ਵਿਰੋਧ ਨੇ ਬ੍ਰਿਟਿਸ਼ ਨੂੰ ਅਜਿਹਾ ਕੁਝ ਕਰਨ ਲਈ ਉਕਸਾਇਆ ਜਿਸ ਨੇ ਹਮੇਸ਼ਾ ਹੀ ਜ਼ਿਆਦਾ ਲੋਕਾਂ ਨੂੰ ਭਾਰਤੀ ਰਾਸ਼ਟਰੀ ਕਾਂਗਰਸ ਅੰਦੋਲਨ (ਗਾਂਧੀ ਅਤੇ ਅਸਹਿਯੋਗ) ਦੀ ਹਿਮਾਇਤ ਕਰਨ ਲਈ ਪ੍ਰੇਰਿਤ ਕੀਤਾ। ਇਸ ਸਿਧਾਂਤ ਨੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਗਾਂਧੀ ਜੀ ਦੀ ਸਰਗਰਮੀ ਨੂੰ ਅੱਗੇ ਵਧਾਇਆ, 1947 ਵਿਚ ਭਾਰਤ ਨੂੰ ਆਜ਼ਾਦੀ ਪ੍ਰਾਪਤ ਕਰਨ ਵਿਚ ਸਹਾਇਤਾ ਕੀਤੀ।

'ਕ੍ਰੋਜ਼ਰ ਥੀਓਲਾਜੀਕਲ ਸੈਮੀਨਰੀ' ਵਿਚ ਪੜ੍ਹਦਿਆਂ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਗਾਂਧੀਵਾਦੀ ਵਿਚਾਰਾਂ ਨਾਲ ਪਹਿਲੀ ਮੁਲਾਕਾਤ ਹੋਈ। ਇਕ ਇਸਾਈ ਹੋਣ ਦੇ ਨਾਤੇ, ਰਾਜਾ ਨੇ ਹਿੰਦੂ ਅਨੁਯਾਈਆਂ ਨੂੰ ਯਿਸੂ ਦੇ ਬਾਈਕਾਟ ਨਾਲ ਜੋੜਿਆ। ਕਿੰਗ ਸ਼ਾਂਤਮਈ ਸਿਵਲ ਨਾਫੁਰਮਾਨੀ ਤੋਂ ਬਹੁਤ ਜਾਣੂ ਸੀ ਅਤੇ ਉਸ ਨੂੰ ਗਾਂਧੀ ਜੀ ਦੇ ਇਹ ਵਿਚਾਰ ਬਹੁਤ ਪਸੰਦ ਸਨ ਕਿ ਦੱਬੇ-ਕੁਚਲੇ ਲੋਕ ਇਨਸਾਫ ਦੀ ਲੜਾਈ ਵਿਚ ਸੱਚ ਜਾਂ ਪਿਆਰ ਨੂੰ ਹਥਿਆਰ ਵਜੋਂ ਵਰਤ ਸਕਦੇ ਹਨ। ਕਿੰਗ ਇਕ ਅਮਰੀਕੀ ਬੈਪਟਿਸਟ ਮੰਤਰੀ ਅਤੇ ਅਫਰੀਕਨ-ਅਮਰੀਕਨ ਸਿਵਲ ਰਾਈਟਸ ਅੰਦੋਲਨ ਵਿਚ ਆਗੂ ਬਣ ਗਿਆ। ਡਾ. ਮਾਰਟਿਨ ਲੂਥਰ ਕਿੰਗ ਨੇ ਸੰਯੁਕਤ ਰਾਜ ਅਮਰੀਕਾ ਵਿਚ ਅਫਰੀਕਨ-ਅਮਰੀਕਨਾਂ ਲਈ ਨਾਗਰਿਕ ਆਜ਼ਾਦੀ ਲਈ ਲੜਾਈ ਲੜੀ।

ਉਸ ਦੇ ਹਥਿਆਰ, ਗਾਂਧੀ ਜੀ ਵਾਂਗ, ਰੱਬ ਵਿਚ ਵਿਸ਼ਵਾਸ ਅਤੇ ਅਹਿੰਸਾ ਸੀ। ਉਸ ਨੇ ਦੱਖਣ ਵਿਚ ਬੱਸ ਪ੍ਰਣਾਲੀ ਦਾ ਬਾਈਕਾਟ ਕਰਨ ਦੀ ਯੋਜਨਾ ਬਣਾਈ ਸੀ। ਜਦੋਂ ਰੋਜ਼ਾ ਪਾਰਕਸ ਨੂੰ ਇਕ ਬੱਸ ਤੋਂ ਲੱਤ ਮਾਰ ਦਿੱਤੀ ਸੀ ਅਤੇ ਇਕ ਗੋਰੇ ਵਿਅਕਤੀ ਲਈ ਬੱਸ ਦੇ ਪਿਛਲੇ ਪਾਸੇ ਜਾਣ ਤੋਂ ਇਨਕਾਰ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਕਿੰਗ ਨੇ ਜਨਤਕ ਬੱਸਾਂ 'ਤੇ ਅਲੱਗ-ਥਲੱਗ ਨੂੰ ਖਤਮ ਕਰਨ ਅਤੇ ਇਹ ਦਰਸਾਉਣ ਲਈ ਕਿ ਇਹ ਕਿੰਨਾ ਗੈਰ-ਸੰਵਿਧਾਨਕ ਸੀ, 13 ਮਹੀਨੇ ਦੇ ਜਨਤਕ ਵਿਰੋਧ ਦੀ ਅਗਵਾਈ ਕੀਤੀ। ਮੋਂਟਗੋਮਰੀ ਇੰਪਰੂਵਮੈਂਟ ਐਸੋਸੀਏਸ਼ਨ ਨਾਮ ਦੀ ਇਕ ਸੰਸਥਾ ਨੇ ਬਾਈਕਾਟ ਦਾ ਤਾਲਮੇਲ ਕੀਤਾ ਅਤੇ ਇਸ ਦੇ ਪ੍ਰਧਾਨ, ਮਾਰਟਿਨ ਲੂਥਰ ਕਿੰਗ ਜੂਨੀਅਰ, ਇਕ ਧਿਆਨ ਦੇਣ ਯੋਗ ਨਾਗਰਿਕ ਅਧਿਕਾਰ ਨੇਤਾ ਬਣ ਗਏ ਕਿਉਂਕਿ ਅੰਤਰ ਰਾਸ਼ਟਰੀ ਧਿਆਨ ਮੋਂਟਗੋਮਰੀ 'ਤੇ ਕੇਂਦਰਿਤ ਸੀ।

ਬੱਸ ਬਾਈਕਾਟ ਨੇ ਦਿਖਾਇਆ ਕਿ ਅਹਿੰਸਕ ਜਨਤਕ ਵਿਰੋਧ ਪ੍ਰਦਰਸ਼ਨ ਨਸਲੀ ਵਿਤਕਰੇ ਨੂੰ ਚੁਣੌਤੀ ਦੇਣ ਵਿਚ ਸਫਲ ਸਾਬਤ ਹੋਇਆ ਅਤੇ ਇਸ ਤੋਂ ਬਾਅਦ ਹੋਰ ਦੱਖਣੀ ਮੁਹਿੰਮਾਂ ਲਈ ਇਕ ਉਦਾਹਰਣ ਵਜੋਂ ਕੰਮ ਕੀਤਾ। 'ਕਿੰਗਜ਼ ਸਟ੍ਰਾਈਡ ਟੂਵਾਰਡ ਫਰੀਡਮ' ਵਿਚ, ਉਸ ਨੇ ਉਪਰੋਕਤ ਜ਼ਿਕਰ ਕੀਤਾ ਹੈ ਕਿ ਮੋਂਟਗੋਮਰੀ ਬੱਸ ਬਾਈਕਾਟ ਦਾ ਅਸਲ ਅਰਥ ਨਾਗਰਿਕ ਅਧਿਕਾਰਾਂ ਲਈ ਸੰਘਰਸ਼ ਨੂੰ ਐਨੀਮੇਟ ਕਰਨ ਲਈ ਇਕ ਵੱਧ ਰਹੇ ਸਵੈਮਾਣ ਦੀ ਜੜ ਹੋਣਾ ਸੀ, ਇਕ ਵਿਚਾਰ ਜਿਸਨੂੰ ਉਸ ਨੇ ਗਾਂਧੀ ਜੀ ਤੋਂ ਅਪਣਾਇਆ ਸੀ। ਉਸ ਨੇ ਕਿਹਾ, 'ਗਾਂਧੀ ਜੀ ਤੋਂ ਮੈਂ ਆਪਣੀ ਸੰਚਾਲਨ ਤਕਨੀਕ ਸਿੱਖੀ ਹੈ।' ਉਸ ਨੇ ਯਾਦਾਂ ਵਿਚ ਇਹ ਵੀ ਕਿਹਾ, ''ਹਾਲਾਂਕਿ ਗਾਂਧੀ ਜੀ ਨੇ ਇਕ ਅਹਿੰਸਕ ਮੁਹਿੰਮ ਨੂੰ ਅੱਗੇ ਵਧਾਉਣ ਦੇ ਸਿਆਸੀ ਅਤੇ ਰਣਨੀਤਿਕ ਕਾਰਨ ਹੋ ਸਕਦੇ ਹਨ, ਮੇਰਾ ਮੰਨਣਾ ਹੈ ਕਿ ਅੰਤਿਮ ਪ੍ਰੇਰਣਾ ਉਸਦੇ ਵਿਰਾਸਤੀ ਹਿੰਦੂ ਵਿਸ਼ਵਾਸ ਤੋਂ ਆਈ ਸੀ।'

ਉਹ 'ਦੱਖਣੀ ਕ੍ਰਿਸ਼ਚੀਅਨ ਲੀਡਰਸ਼ਿਪ ਕਾਨਫਰੰਸ' (ਐਸ. ਸੀ. ਐਲ. ਸੀ.) ਦਾ ਪ੍ਰਧਾਨ ਵੀ ਬਣਿਆ। ਐਸ. ਸੀ. ਐਲ. ਸੀ. ਦੇ ਨਾਲ ਉਸਨੇ ਅਲਬਾਨੀ ਜਾਰਜੀਆ ਵਿਚ ਅਲੱਗ-ਥਲੱਗਤਾ ਦੇ ਵਿਰੁੱਧ ਇਕ ਸੰਘਰਸ਼ ਦੀ ਅਗਵਾਈ ਕੀਤੀ। ਅਕਤੂਬਰ 1961 ਵਿਚ ਅਲਬਾਨੀ ਅੰਦੋਲਨ ਦਾ ਉਦੇਸ਼ ਸ਼ਹਿਰ ਵਿਚ ਵੱਖ-ਵੱਖ ਕਿਸਮਾਂ ਦੇ ਰੂਪਾਂ ਨੂੰ ਖਤਮ ਕਰਨਾ ਸੀ ਪਰ ਬਦਲੇ ਵਿਚ, ਯਾਤਰਾ ਦੀਆਂ ਸਹੂਲਤਾਂ ਦੇ ਵਿਛੋੜੇ 'ਤੇ ਕੇਂਦਰਿਤ ਸੀ। ਰਾਜਾ ਅਤੇ ਹੋਰ ਪ੍ਰਦਰਸ਼ਨਕਾਰੀਆਂ ਨੇ ਜੇਲ੍ਹਾਂ, ਧਰਨੇ, ਬਾਈਕਾਟ ਅਤੇ ਸੁਣਵਾਈ ਵਰਗੇ ਜਨਤਕ ਪ੍ਰਦਰਸ਼ਨਾਂ ਦੀ ਵਰਤੋਂ ਕੀਤੀ। ਦਸੰਬਰ 1961 ਤੱਕ ਅੰਦੋਲਨ ਦੇ 500 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਸੀ ਅਤੇ ਅਫਰੀਕਨ-ਅਮਰੀਕਨਾਂ ਨੇ ਕਿੰਗ ਨੂੰ ਅੜਿੱਕੇ ਵਾਲੀ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਬੁਲਾਇਆ।

ਕਿੰਗ 15 ਦਸੰਬਰ, 1961 ਨੂੰ ਅਲਬਾਨੀ ਪਹੁੰਚਿਆ, ਜਿੱਥੇ ਉਸ ਨੇ 'ਸ਼ਿਲੋਹ ਬੈਪਟਿਸਟ ਚਰਚ' ਵਿਚ ਇਕ ਭਾਸ਼ਣ ਦਿੱਤਾ। ਅਗਲੇ ਦਿਨ ਉਹ ਬਿਨਾਂ ਪਰਮਿਟ ਦੇ ਪਰੇਡ ਕਰਨ ਅਤੇ ਫੁੱਟਪਾਥ ਵਿਚ ਰੁਕਾਵਟਾਂ ਪਾਉਣ ਦੇ ਦੋਸ਼ ਵਿਚ ਸੈਂਕੜੇ ਕਾਲੇ ਨਾਗਰਿਕਾਂ ਨੂੰ ਸਲਾਖਾਂ ਪਿੱਛੇ ਸ਼ਾਮਲ ਕਰ ਲਿਆ। ਕਿੰਗ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਤੁਰੰਤ ਬਾਅਦ, ਜਿਸ ਨੇ ਰਾਸ਼ਟਰੀ ਧਿਆਨ ਖਿੱਚਿਆ ਅਤੇ ਐਸ. ਸੀ. ਐਲ. ਸੀ. ਦੇ ਮੈਂਬਰਾਂ ਸਮੇਤ ਸ਼ਹਿਰ ਦੇ ਅਧਿਕਾਰੀ ਇਸ ਗੱਲ 'ਤੇ ਸਹਿਮਤ ਹੋਏ ਸਨ ਕਿ ਜੇਕਰ ਕਿੰਗ ਅਲਬਾਨੀ ਛੱਡ ਦਿੰਦੇ ਹਨ, ਤਾਂ ਸ਼ਹਿਰ ਇਸ ਫੈਸਲੇ ਦੀ ਪਾਲਣਾ ਕਰੇਗਾ ਅਤੇ ਜੇਲ੍ਹ ਵਿਚ ਬੰਦ ਪ੍ਰਦਰਸ਼ਨਕਾਰੀਆਂ ਨੂੰ ਜ਼ਮਾਨਤ 'ਤੇ ਰਿਹਾਅ ਕਰੇਗਾ। ਜਦੋਂ ਕਿੰਗ ਨੇ ਅਲਬਾਨੀ ਛੱਡਿਆ, ਤਾਂ ਸ਼ਹਿਰ ਨੇ ਆਪਣੇ ਬੰਦੋਬਸਤ ਨੂੰ ਬਰਕਰਾਰ ਰੱਖਣ ਲਈ ਗਰਭਪਾਤ ਕਰ ਦਿੱਤਾ ਅਤੇ ਵਿਰੋਧ ਪ੍ਰਦਰਸ਼ਨ 1962 ਤੱਕ ਜਾਰੀ ਰਿਹਾ। ਕਾਲੇ ਸ਼ਕਤੀ ਦੇ ਵਕੀਲਾਂ ਦੁਆਰਾ ਕਿੰਗਜ਼ ਦੇ ਅਹਿੰਸਾ ਦੇ ਵਿਚਾਰ ਨੂੰ ਰੱਦ ਕਰਨ ਤੋਂ ਬਾਅਦ ਉਸਨੂੰ ਦੁੱਖ ਹੋਇਆ ਕਿ ਕੁਝ ਅਫਰੀਕੀ-ਅਮਰੀਕੀਆਂ ਨੇ ਪੂਰੀ ਉਮੀਦ ਗੁਆ ਦਿੱਤੀ ਹੈ ਅਤੇ ਅਹਿੰਸਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

1963 ਵਿਚ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਬਰਮਿੰਘਮ ਵਿਚ ਇਕ ਹੋਰ ਬਦਨਾਮ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ, ਜਿਸ ਵਿਚ ਕਾਰਕੁੰਨਾਂ ਨੇ ਅਮਰੀਕਾ ਦੇ ਸਭ ਤੋਂ ਨਸਲੀ ਤੌਰ 'ਤੇ ਅਲੱਗ-ਥਲੱਗ ਸ਼ਹਿਰਾਂ ਵਿਚੋਂ ਇਕ ਵਿਚ ਅਲੱਗ-ਥਲੱਗ, ਅਨੁਚਿਤ ਭਰਤੀ ਪ੍ਰਥਾਵਾਂ ਅਤੇ ਹੋਰ ਬੇਇਨਸਾਫੀਆਂ ਦਾ ਵਿਰੋਧ ਕਰਨ ਲਈ ਬਾਈਕਾਟ, ਬੈਠਕਾਂ ਅਤੇ ਮਾਰਚਾਂ ਦੀ ਵਰਤੋਂ ਕੀਤੀ। ਕਿੰਗ ਨੂੰ 12 ਅਪ੍ਰੈਲ ਨੂੰ ਉਸ ਦੀ ਸੰਗਤ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿੱਥੇ ਉਸ ਨੇ 'ਬਰਮਿੰਘਮ ਤੋਂ ਪੱਤਰ' ਵਜੋਂ ਜਾਣੇ ਜਾਂਦੇ ਦਸਤਾਵੇਜ਼ ਦੀ ਰਚਨਾ ਕੀਤੀ ਸੀ।

ਉਸ ਸਾਲ ਬਾਅਦ ਵਿਚ, ਕਿੰਗ ਨੇ ਨੌਕਰੀਆਂ ਅਤੇ ਆਜ਼ਾਦੀ ਲਈ ਵਾਸ਼ਿੰਗਟਨ ਵਿਚ ਮਾਰਚ ਦੀ ਸਥਾਪਨਾ ਲਈ ਕਈ ਨਾਗਰਿਕ ਅਧਿਕਾਰਾਂ ਅਤੇ ਧਾਰਮਿਕ ਸਮੂਹਾਂ ਨਾਲ ਕੰਮ ਕੀਤਾ, ਅਫਰੀਕੀ-ਅਮਰੀਕੀਆਂ ਨੂੰ ਲਗਾਤਾਰ ਬੇਇਨਸਾਫ਼ੀ ਦਾ ਸਾਹਮਣਾ ਕਰਨ ਲਈ ਇਕ ਸ਼ਾਂਤਮਈ ਰੈਲੀ 28 ਅਗਸਤ ਨੂੰ ਲਗਭਗ 20,000 ਤੋਂ 30,000 ਸਾਰੇ ਨਸਲੀ ਪਿਛੋਕੜ ਵਾਲੇ ਲੋਕਾਂ ਨੇ ਵਾਸ਼ਿੰਗਟਨ ਮਾਰਚ ਵਿਚ ਸ਼ਿਰਕਤ ਕੀਤੀ ਜੋ ਅਮਰੀਕੀ ਨਾਗਰਿਕ ਅਧਿਕਾਰਾਂ ਦੀ ਲਹਿਰ ਦੇ ਇਤਿਹਾਸ ਵਿਚ ਬ੍ਰੇਕਥਰੂਆਇੰਟ ਬਣ ਗਿਆ ਅਤੇ 1964 ਦੇ ਸਿਵਲ ਰਾਈਟਸ ਐਕਟ ਦੀ ਸ਼ੁਰੂਆਤ ਵਿਚ ਇਕ ਪ੍ਰਭਾਵ ਬਣ ਗਿਆ। ਇੱਥੇ ਕਿੰਗ ਨੇ ਆਪਣਾ ਮਸ਼ਹੂਰ ਭਾਸ਼ਣ 'ਆਈ ਹੈਵ ਏ ਡ੍ਰੀਮ' ਦਿੱਤਾ ਸੀ, ਜੋ ਸ਼ਾਂਤੀ ਅਤੇ ਸਮਾਨਤਾ ਲਈ ਪੁਕਾਰ ਸੀ, ਜਿਸ ਨੂੰ ਬਹੁਤ ਸਾਰੇ ਲੋਕ ਭਾਸ਼ਣ ਦੀ ਇਕ ਮਹਾਨ ਰਚਨਾ ਸਮਝਦੇ ਸੀ। ਉਸ ਨੇ ਇਕ ਭਵਿੱਖ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ, ਜਿਸ ਵਿਚ ਲਿੰਕਨ ਮੈਮੋਰੀਅਲ ਦੀਆਂ ਪੌੜੀਆਂ 'ਤੇ ਖੜ੍ਹੇ ਹੁੰਦੇ ਹੋਏ, ਸਾਰੇ ਮਨੁੱਖ ਬਰਾਬਰ ਬਣਾਏ ਗਏ ਹਨ। ਭਾਸ਼ਣ ਅਤੇ ਮਾਰਚ ਨੇ ਕਿੰਗ ਦੇ ਚਰਿੱਤਰ ਨੂੰ ਵਿਦੇਸ਼ਾਂ ਵਿਚ ਅਤੇ ਦੇਸ਼ ਵਿਚ ਪ੍ਰਦਰਸ਼ਿਤ ਕੀਤਾ। ਉਸ ਸਾਲ ਬਾਅਦ ਵਿਚ ਉਸਨੂੰ ਟਾਈਮ ਮੈਗਜ਼ੀਨ ਦੁਆਰਾ 'ਮੈਨ ਆਫ ਦਾ ਈਅਰ'' ਨਾਮ ਦਿੱਤਾ ਗਿਆ ਅਤੇ 1964 ਵਿਚ ਕਿੰਗ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲਾ ਸਭ ਤੋਂ ਘੱਟ ਉਮਰ ਦਾ ਵਿਅਕਤੀ ਬਣ ਗਿਆ।



**ਪ੍ਰੋ: ਐਚ.ਐਲ.ਕਪੂਰ**

1965 ਦੀ ਬਸੰਤ, ਕਿੰਗ ਨੇ ਸਿਲਮਾ, ਅਲਬਾਮਾ ਵਿਚ ਗੋਰੇ ਵੱਖਵਾਦੀਆਂ ਅਤੇ ਸ਼ਾਂਤੀ ਪੂਰਨ ਪ੍ਰਦਰਸ਼ਨਕਾਰੀਆਂ ਵਿਚਕਾਰ ਫੈਲੀ ਹਿੰਸਾ ਵੱਲ ਅੰਤਰ ਰਾਸ਼ਟਰੀ ਧਿਆਨ ਖਿੱਚਿਆ, ਜਿੱਥੇ ਵਿਦਿਆਰਥੀ ਅਹਿੰਸਕ ਤਾਲਮੇਲ ਕਮੇਟੀ ਨੇ ਇਕ ਵੋਟਰ ਰਜਿਸਟ੍ਰੇਸ਼ਨ ਮੁਹਿੰਮ ਦਾ ਆਯੋਜਨ ਕੀਤਾ। ਇਸ ਬੇਰਹਿਮ ਦ੍ਰਿਸ਼ ਨੂੰ ਟੈਲੀਵਿਜ਼ਨ 'ਤੇ ਕੈਪਚਰ ਕੀਤਾ ਗਿਆ ਸੀ ਅਤੇ ਬਹੁਤ ਸਾਰੇ ਅਮਰੀਕੀਆਂ ਨੂੰ ਗੁੱਸੇ ਵਿਚ ਲਿਆ ਗਿਆ ਸੀ ਅਤੇ ਦੇਸ਼ ਭਰ ਦੇ ਸਮਰਥਕਾਂ ਨੂੰ ਅਲਬਾਮਾ ਵਿਚ ਇਕੱਠੇ ਹੋਣ ਅਤੇ ਕਿੰਗ ਦੀ ਅਗਵਾਈ ਵਿਚ ਸੈਲਮਾ ਤੋਂ ਮੋਂਟਗੋਮਰੀ ਮਾਰਚ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ ਸੀ। ਇਸ ਮਾਰਚ ਦਾ ਸਮਰਥਨ ਰਾਸ਼ਟਰਪਤੀ ਲਿੰਡਨ ਬੀ. ਜੌਹਨਸਨ ਦੁਆਰਾ ਕੀਤਾ ਗਿਆ ਸੀ, ਜਿਸ ਨੇ ਸ਼ਾਂਤੀ ਬਣਾਈ ਰੱਖਣ ਲਈ ਸੰਘੀ ਫੌਜਾਂ ਭੇਜੀਆਂ ਸਨ।

ਕਿੰਗ ਨੇ ਵੀਅਤਨਾਮ ਯੁੱਧ ਅਤੇ ਸਾਰੀਆਂ ਨਸਲਾਂ ਦੇ ਅਮਰੀਕਨਾਂ ਵਿਚ ਗਰੀਬੀ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੇ ਪਲੇਟਫਾਰਮ ਦੀ ਵਰਤੋਂ ਕੀਤੀ। 1967 ਵਿਚ ਕਿੰਗ ਅਤੇ 'ਐਸ. ਸੀ. ਐਲ. ਸੀ.' ਗਰੀਬ ਲੋਕਾਂ ਦੀ ਮੁਹਿੰਮ ਵਜੋਂ ਜਾਣੇ ਜਾਂਦੇ ਇਕ ਪ੍ਰੋਗਰਾਮ ਵਿਚ ਸਵਾਰ ਹੋਏ, ਜਿਸ ਵਿਚ ਰਾਜਧਾਨੀ ਉਤੇ ਇਕ ਵਿਸ਼ਾਲ ਮਾਰਚ ਵੀ ਸ਼ਾਮਲ ਸੀ। ਉਸ ਨੇ ਅਤੇ ਐਸ. ਸੀ. ਐਲ. ਸੀ. ਨੇ 200 ਪੱਛੜੇ ਲੋਕਾਂ ਦੇ ਸਮੂਹਾਂ ਨੂੰ ਵਾਸ਼ਿੰਗਟਨ ਡੀ. ਸੀ. ਵਿਖੇ ਪੇਸ਼ ਹੋਣ ਲਈ ਸਰਕਾਰੀ ਅਧਿਕਾਰੀਆਂ ਨਾਲ ਨੌਕਰੀਆਂ, ਨਿਰਪੱਖ ਘੱਟੋ ਘੱਟ ਉਜਰਤ ਅਤੇ ਗਰੀਬ ਬਾਲਗਾਂ ਅਤੇ ਬੱਚਿਆਂ ਦੇ ਸਵੈ-ਮਾਣ ਨੂੰ ਸੁਧਾਰਨ ਲਈ ਸਿੱਖਿਆ ਦੀ ਮੰਗ ਕਰਨ ਲਈ ਮਿਲਣ ਦੀ ਯੋਜਨਾ ਬਣਾਈ। ਕੁਝ ਸੋਚਦੇ ਸਨ ਕਿ ਕਿੰਗ ਦੀ ਮੁਹਿੰਮ ਬਹੁਤ ਅਭਿਲਾਸ਼ੀ ਸੀ ਅਤੇ ਮੰਗਾਂ ਬਹੁਤ ਬੇਕਾਰ ਸਨ।

ਬਦਕਿਸਮਤੀ ਨਾਲ ਕਿੰਗ ਕਦੇ ਵੀ ਮੁਹਿੰਮ ਨੂੰ ਅੱਗੇ ਵਧਦਾ ਨਹੀਂ ਦੇਖ ਸਕਿਆ। 4 ਅਪ੍ਰੈਲ 1968 ਦੀ ਸ਼ਾਮ ਨੂੰ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਹੱਤਿਆ ਕਰ ਦਿੱਤੀ ਗਈ ਸੀ। ਉਸ ਦੀ ਮੌਤ ਦੇ ਮੱਦੇਨਜ਼ਰ, ਦੇਸ਼ ਭਰ ਦੇ ਵੱਡੇ ਸ਼ਹਿਰਾਂ ਵਿਚ ਦੰਗਿਆਂ ਦੀ ਲਹਿਰ ਫੈਲ ਗਈ ਅਤੇ ਰਾਸ਼ਟਰਪਤੀ ਜੌਹਨਸਨ ਨੇ ਰਾਸ਼ਟਰੀ ਸੋਗ ਦਿਨ ਦਾ ਐਲਾਨ ਕੀਤਾ।

ਮਹਾਤਮਾ ਗਾਂਧੀ ਅਤੇ ਕਿੰਗ ਨੇ ਆਪਣੇ ਮਾਰਚਰਾਂ ਨੂੰ ਹਮੇਸ਼ਾ ਅਪੀਲ ਕੀਤੀ ਕਿ ਉਹ ਸਾਰੇ ਲੋਕਾਂ ਲਈ ਮੁਕਤੀ ਅਤੇ ਰਚਨਾਤਮਕ ਪਿਆਰ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਨ ਅਤੇ ਕਦੀ ਵੀ ਹਿੰਸਕ ਨਾ ਹੋਣ।ਸ਼ਾਂਤਮਈ ਅੰਦੋਲਨ ਹਮੇਸ਼ਾ ਲੰਬੇ ਹੁੰਦੇ ਹਨ ਪਰ ਆਖਿਰ ਜਿੱਤ ਅੰਦੋਲਨਕਾਰੀਆਂ ਦੀ ਹੁੰਦੀ ਹੈ। ਭੰਨ-ਤੋੜ ਨਾਲ ਨੁਕਸਾਨ ਹਮੇਸ਼ਾ ਕੌਮ ਦੀ ਜਾਇਦਾਦ ਦਾ ਹੀ ਹੁੰਦਾ ਹੈ, ਅਸੀਂ ਅਜਿਹੀਆਂ ਕਾਰਵਾਈਆਂ ਦੀ ਨਿੰਦਾ ਕਰਦੇ ਹਾਂ।


ਦੋਸਤੀ ਦੇ ਉਲਟ, ਇਹ ਯੋਗ ਅਤੇ ਅਯੋਗ ਲੋਕਾਂ ਵਿਚ ਕੋਈ ਫਰਕ ਨਹੀਂ ਰੱਖਦਾ, ਪਰ ਮਾਫੀ ਦੀ ਭਾਵਨਾ ਨਾਲ ਉਹ ਹਰ ਵਿਅਕਤੀ ਨੂੰ ਪਵਿੱਤਰ ਮੰਨਣ ਦੀ ਕੋਸ਼ਿਸ਼ ਕਰਦੇ ਹਨ। ਗਾਂਧੀ ਜੀ ਅਤੇ ਰਾਜਾ ਨੇ ਅਣਜਾਣ ਦੇ ਜੀਵਨ ਪ੍ਰਤੀ ਆਪਣੀ ਵਚਨਬੱਧਤਾ, ਇਕ ਵਿਅਕਤੀ ਦੀ ਪਵਿੱਤਰਤਾ ਵਿਚ ਉਹਨਾਂ ਦੇ ਵਿਸ਼ਵਾਸ ਅਤੇ ਇਕ ਨੈਤਿਕ ਕਾਨੂੰਨ ਦੀਆਂ ਮੰਗਾਂ ਲਈ ਉਹਨਾਂ ਦੀ ਪ੍ਰਸੰਸਾ ਦਾ ਐਲਾਨ ਕੀਤਾ।

ਉਹਨਾਂ ਨੇ ਪ੍ਰਸਾਰਿਤ ਕੀਤਾ ਕਿ ਸਿਵਲ ਅਵੱਗਿਆ ਦਾ ਅਭਿਆਸ ਅਹਿੰਸਕ, ਪਿਆਰ ਭਰੇ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਨਾ ਸਿਰਫ਼ ਪ੍ਰਣਾਲੀਗਤ ਤਬਦੀਲੀਆਂ ਨੂੰ ਪ੍ਰਾਪਤ ਕਰਨ ਲਈ, ਸਗੋਂ ਵਿਰੋਧੀ ਦੇ ਦਿਮਾਗ ਅਤੇ ਦਿਲ ਨੂੰ ਬਦਲਣ ਲਈ ਵੀ ਚਿੰਤਾ ਨਾਲ ਕੀਤਾ ਜਾਣਾ ਚਾਹੀਦਾ ਹੈ। ਜਦੋਂ ਦੋਵੇਂ ਕਾਰਕੁੰਨ ਸਮਾਜਿਕ ਅਤੇ ਨਸਲੀ ਅਨਿਆ ਬਾਰੇ ਇਕੋ ਜਿਹੇ ਵਿਸ਼ਵਾਸ ਰੱਖਦੇ ਸਨ, ਉਨ੍ਹਾਂ ਵਿਚੋਂ ਹਰੇਕ ਦਾ ਅਜਿਹੇ ਮੁੱਦਿਆਂ ਵਿਰੁੱਧ ਲੜਨ ਲਈ ਆਪਣੇ ਲੋਕਾਂ ਨੂੰ ਇਕੱਠਾ ਕਰਨ ਦਾ ਆਪਣਾ ਵਿਲੱਖਣ ਤਰੀਕਾ ਸੀ।

ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਅਹਿੰਸਾ ਦੇ ਫਲਸਫੇ ਨੂੰ ਅਪਣਾਇਆ ਅਤੇ ਮਹਾਤਮਾ ਗਾਂਧੀ ਜੀ ਦੇ ਵਿਅਕਤਿਤਵ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਸਿੱਖਿਆ। ਕਿੰਗ ਦੀ ਅਹਿੰਸਕ ਮੁਹਿੰਮ ਅਤੇ ਸਿੱਖਿਆਵਾਂ ਨੇ ਕਾਰਵਾਈ ਵਿਚ ਪਿਆਰ 'ਤੇ ਜ਼ੋਰ ਦਿੱਤਾ।

# ਡਾ. ਮਾਰਟਿਨ ਲੂਥਰ ਕਿੰਗ (1929-1968)







ਮਾਰਟਿਨ ਲੂਥਰ ਦਾ ਜਨਮ 5 ਜਨਵਰੀ 1929 ਨੂੰ ਅਮਰੀਕੀ ਰਾਜ ਜਾਰਜੀਆ ਦੇ ਸ਼ਹਿਰ ਅਟਲੈਟਾ ਵਿਖੇ ਹੋਇਆ। ਪਿਤਾ ਜੋ ਪਾਦਰੀ ਸਨ, ਦਾ ਨਾਂ ਮਾਈਕਲ ਕਿੰਗ ਸੀ। ਮਾਤਾ ਅਲਬਰਟਾ ਨੇ ਪੁੱਤਰ ਦਾ ਨਾਂ ਮਾਇਕਲ ਰੱਖਿਆ। ਬਾਅਦ ਵਿਚ ਮਾਰਟਿਨ ਲੂਥਰ ਕਿੰਗ ਦੇ ਨਾਂ ਨਾਲ ਜਾਣੂ ਹੋਇਆ।

ਮਾਰਟਿਨ ਲੂਥਰ ਨੇ 1949 ਵਿਚ ਮਹਾਤਮਾ ਗਾਂਧੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਗਾਂਧੀ ਜੀ ਦੇ ਕਤਲ ਹੋਏ ਨੂੰ ਇਕ ਸਾਲ ਹੋ ਚੁੱਕਾ ਸੀ। ਛੇ ਸਾਲ ਬਾਅਦ ਰੋਜ਼ ਪਾਰਕ ਨੂੰ ਜੇਲ੍ਹ ਹੋਣ ਪਿੱਛੋਂ 381 ਦਿਨ ਲੰਮਾ ਸ਼ਾਂਤੀ ਪੂਰਵਕ ਬੱਸਾਂ ਦੇ ਬਾਈਕਾਟ ਨਾਲ ਸ਼ੁਰੂ ਹੋਈ ਐਜੀਟੇਸ਼ਨ ਦੌਰਾਨ ਕਿੰਗ ਨੂੰ ਮਸ਼ਹੂਰੀ ਮਿਲੀ। ਬਾਅਦ ਵਿਚ ਆਪਣੇ ਬਾਰੇ ਲਿਖਿਆ ਕਿ ਜੀਜਸ ਨੇ ਇਸ ਨੂੰ ਰਸਤਾ ਵਿਖਾਇਆ ਅਤੇ ਗਾਂਧੀ ਦੀ ਜ਼ਿੰਦਗੀ ਨੇ ਵਿਆਖਿਆ ਕਿ ਅਹਿੰਸਾ ਦਾ ਰਸਤਾ ਸੰਭਵ ਹੈ।



ਪ੍ਰੋ. ਜਸਵੀਰ ਸਿੰਘ ਉਭੀ 'ਅਜਨੋਹਾ'
ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ
1-646-206-9014

ਡਾ. ਕਿੰਗ ਦੀ ਹਮੇਸ਼ਾ ਭਾਰਤ ਜਾਣ ਦੀ ਇੱਛਾ 1959 ਵਿਚ ਪੂਰੀ ਹੋਈ। ਇਹ ਯਾਤਰਾ ਅਮਰੀਕਨ ਫਰੈਂਡਸ ਸੁਸਾਇਟੀ ਅਤੇ ਗਾਂਧੀ ਮੈਮੋਰੀਅਲ ਫੰਡ ਨਾਲ ਸੰਭਵ ਹੋਇਆ। ਪਤਨੀ ਕਰੈਟਾ ਅਤੇ ਬਾਉਗਰਾਮ ਲੋਰਨਸ ਰੈਡਿਕ ਨਾਲ ਗਏ। ਭਾਰਤੀ ਗੌਰਮਿੰਟ ਨੇ ਕਿੰਗ ਨੂੰ ਕਿਸੇ ਦੇਸ਼ ਦੇ ਮੁਖੀ ਵਾਂਗ ਆਦਰ-ਮਾਣ ਦਿੱਤਾ। ਹਿੰਦੋਸਤਾਨ ਵਿਚ ਬਹੁਤ ਸਾਰੇ ਗਾਂਧੀ ਦੇ ਦੋਸਤ ਅਤੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਹੋਈ। ਬੋਧੀ ਅਤ ਹਿੰਦੂ ਮੰਦਰਾਂ ਦੀ ਯਾਤਰਾ ਕੀਤੀ। ਬੰਬਈ ਵਿਖੇ ਗਾਂਧੀ ਦੀ ਰਿਹਾਇਸ਼ੀ ਜਗ੍ਹਾ ਠਹਿਰਨ ਦਾ ਅਵਸਰ ਮਿਲਿਆ। ਨਵੀਂ ਦਿੱਲੀ ਵਿਖੇ ਗਾਂਧੀ ਮਿਊਜ਼ੀਅਮ ਜੋ ਕਿ ਗਾਂਧੀ ਦੀ ਜ਼ਿੰਦਗੀ 'ਤੇ ਆਧਾਰਿਤ ਹੈ, ਦੀ ਯਾਤਰਾ ਕੀਤੀ। ਮੈਨੂੰ ਵੀ ਇਸ ਗਾਂਧੀ ਮਿਊਜ਼ੀਅਮ ਨੂੰ ਵੇਖਣ ਦਾ ਅਵਸਰ ਮਿਲਿਆ ਸੀ।

ਜਦੋਂ ਵਾਪਸ ਅਮਰੀਕਾ ਆਇਆ ਤਾਂ ਆਪਣੇ ਚਰਚ ਦੇ ਸ਼ਰਧਾਲੂਆਂ ਨਾਲ ਗਾਂਧੀ ਦੀ ਜ਼ਿੰਦਗੀ ਦਾ ਈਸਾ ਅਤੇ ਐਬਰਾਹਿਮ ਲਿੰਕਨ ਦੀ ਜ਼ਿੰਦਗੀ ਨਾਲ ਮੁਕਾਬਲਾ ਕੀਤਾ। ਸੈਲਮਾ ਤੇ ਮਿੰਟਗਮਰੀ ਤੱਕ ਦੇ ਮਾਰਚ ਨੂੰ 218 ਮੀਲ ਲੰਬੇ 1930 ਦੇ ਗਾਂਧੀ ਲੂਣ ਮਾਰਚ ਦੇ ਬਰਾਬਰ ਦੱਸਿਆ।

ਡਾ. ਕਿੰਗ ਅਮਰੀਕਾ ਵਿਚ 1955 ਦੀ ਬਰਾਬਰੀ ਦੇ ਅਧਿਕਾਰਾਂ ਦੀ ਜੰਗ ਦੌਰਾਨ ਮਸ਼ਹੂਰ ਹੋਇਆ। ਅਗਸਤ 28, 1963 ਦੇ ਵਾਸ਼ਿੰਗਟਨ ਦੇ ਮਾਰਚ ਵਿਚ ਇਸ ਨੇ ਭਾਸ਼ਣ ਦਿੱਤਾ, ਜਿਸ ਦਾ ਸਿਰਲੇਖ 'ਆਈ ਹੈਵ ਏ ਡ੍ਰੀਮ' ਸੀ।

1968 ਵਿਚ ਗੋਲੀ ਦਾ ਸ਼ਿਕਾਰ ਹੋ ਕੇ ਸਦੀਵੀ ਵਿਛੋੜਾ ਦੇ ਗਿਆ ਅਤੇ ਅਮਰੀਕਾ ਦੇ ਕਾਲੇ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਸ਼ਕਤੀ ਦਾ ਚਾਨਣ ਮੁਨਾਰਾ ਬਣ ਕੇ ਰਹਿ ਗਿਆ।

# ਸੌਦਾ ਵੇਚਣ ਵਾਲੇ (ਫਿਕਰ ਤੌਂਸਵੀ)

**ਸੰਗ੍ਰਹਿ ਕਰਤਾ- ਹਰਮੇਸ਼ ਜੱਸਲ**



ਹਰਮੇਸ਼ ਜੱਸਲ

ਈਮਾਨ ਬੇਚਦਾ ਹਾਂ, ਹੈ ਕੋਈ ਲੈਣ ਵਾਲਾ?
ਕਿਸ ਭਾਅ ਦਿੱਤਾ ਹੈ, ਓ ਛਾਬੜੀ ਵਾਲੇ!
ਕਿਹੜਾ ਈਮਾਨ, ਵੇਚਦੇ ਹੋ? ਧਾਰਮਿਕ ਈਮਾਨ, ਸਿਆਸੀ ਈਮਾਨ? ਜ਼ਰਾ ਨਮੂਨਾ ਤਾਂ ਦਿਖਾਵੋ, ਜ਼ਰਾ ਵੰਨਗੀ ਤਾਂ ਦਿਖਾਵੋ?

ਅਜ਼ੀ ਕੇਹਾ ਭਾਅ, ਕੇਹੀ ਵੰਨਗੀ? ਮੇਰੇ ਕੋਲ ਤਾਂ ਹਰ ਤਰ੍ਹਾਂ ਦਾ ਮਾਲ ਮੌਜੂਦ ਹੈ ਪਰ ਅੱਜਕਲ੍ਹ ਤਾਂ ਸਿਆਸੀ ਈਮਾਨ ਦੇ ਮਾਲ ਦੀ ਮੰਡੀ ਵਿਚ ਬਹੁਤ ਪੁੱਛਗਿੱਛ ਹੈ। ਗਾਹਕ ਹੱਥੋ-ਹੱਥੀ ਚੁੱਕ ਲੈਂਦੇ ਹਨ। ਬੋਲੋ ਕਿਹੜਾ ਈਮਾਨ ਖਰੀਦੋਗੇ? ਐਮ. ਪੀ. ਜਾਂ ਐਮ. ਐਲ. ਏ. ਦਾ? ਜ਼ਰਾ ਕੋਈ ਐਮ. ਐਲ. ਏ. ਦਿਖਾਣਾ, ਮੈਂ ਜ਼ਰਾ ਵਜ਼ਾਰਤ ਬਣਾਉਣ ਦੀ ਲਾਅਵਤ ਲੈਣਾ ਹੈ। ਪਰ ਦੇਖਣਾ ਕੋਈ ਸਾਫ-ਸੁਥਰਾ ਖਾਲਿਸ ਐਮ. ਐਲ. ਏ. ਦਿਖਾਣਾ, ਕੱਲ੍ਹ ਇਕ ਛਾਬੜੀ ਵਾਲੇ ਤੋਂ ਇਕ ਐਮ. ਐਲ. ਏ. ਖਰੀਦਿਆ ਸੀ, ਚੱਖਿਆ ਤਾਂ ਮਿਲਾਵਟੀ ਨਿਕਲਿਆ। ਮੈਂ ਚੱਖ ਕੇ ਬਾਹਰ ਕੂੜੇ ਵਿਚ ਸੁੱਟ ਦਿੱਤਾ।

ਸਸਤੇ ਭਾਅ ਲਿਆ ਹੋਵੇਗਾ। ਖਾਲਿਸ ਐਮ. ਐਲ. ਏ. ਅੱਜਕਲ੍ਹ ਮਿਲਦਾ ਕਦੋਂ ਹੈ? ਅੱਜ ਖਰੀਦੋ, ਦੁਪਹਿਰ ਤੱਕ ਇਸ ਵਿਚ ਕੀੜੇ ਪੈ ਜਾਂਦੇ ਹਨ ਅਤੇ ਚਾਰ ਦਿਨ ਪਹਿਲਾਂ ਤਾਂ ਮੇਰੇ ਨਾਲ ਵੀ ਧੋਖਾ ਹੋ ਗਿਆ। ਉਹ ਇਹ ਕਿ ਇਕ ਐਮ. ਐਲ. ਏ. ਜ਼ਰਾ ਸਸਤੇ ਭਾਅ ਵੇਚਿਆ ਯਾਨਿ ਕੇਵਲ ਡਿਪਟੀ ਵਜ਼ੀਰ ਵੱਟੇ ਪਰ ਉਹ ਫਿਰ ਲੁੜਕ ਕੇ ਮੇਰੇ ਪਾਸ ਪਰਤ ਆਇਆ। ਹੁਣ ਉਸਨੂੰ ਕੋਈ ਟਰੱਕ ਦੇ ਪਰਮਿਟ ਵੱਟੇ ਵੀ ਨਹੀਂ ਖਰੀਦਦਾ, ਮੇਰੇ ਸਟੋਰ ਵਿਚ ਪਿਆ ਪਿਆ ਸੜ ਰਿਹਾ ਹੈ।

ਕੋਈ ਹਰਜ਼ ਨਹੀਂ, ਮੈਂ ਉਸਨੂੰ ਖਰੀਦ ਲਵਾਂਗਾ। ਹੈ ਤਾਂ ਹੁਣ ਤੀਕ ਐਮ. ਐਲ. ਏ. ਨਾ? ਅਸੈਂਬਲੀ ਤੋਂ ਅਸਤੀਫਾ ਤਾਂ ਨਹੀਂ ਦਿੱਤਾ। ਗਵਰਨਰ ਕੋਲ ਜੋ ਸੂਚੀ ਹੈ, ਉਸ ਵਿਚ ਤਾਂ ਨਾਂ ਦਰਜ ਹੈ ਨਾ?

ਹਾਂ ਜੀ, ਬਕਾਇਦਾ ਮੈਂਬਰ ਅਸੈਂਬਲੀ ਹੈ। ਅਸੈਂਬਲੀ ਕੌਣ ਛੱਡਦਾ ਹੈ ਜੀ, ਅੱਜਕਲ੍ਹ ਤਾਂ ਪਾਰਟੀ ਛੱਡਣ ਦਾ ਰਿਵਾਜ਼ ਹੈ, ਅਸੈਂਬਲੀ ਛੱਡਣ ਦਾ ਨਹੀਂ।

ਤਾਂ ਫਿਰ ਠੀਕ ਹੈ, ਉਹ ਚੱਲ ਜਾਵੇਗਾ, ਮੈਂ ਤਾਂ ਭਰਤੀ ਪੂਰੀ ਕਰਨੀ ਹੈ। ਕਵਾਲਟੀ ਤੇ ਮਾਰੋ ਲੱਤ। ਮੈਂ ਗਵਰਨਰ ਸਾਹਿਬ ਨੂੰ ਕੇਵਲ ਇੰਨਾ ਹੀ ਦਿਖਾਉਣਾ ਹੈ ਕਿ ਹਜ਼ੂਰ ਲਾਟ ਸਾਹਿਬ! ਗਿਣਤੀ ਪੂਰੀ ਕਰ ਲਵੋ। ਮੇਰੇ ਕੋਲ ਕੇਵਲ ਚੌਂਹ ਈਮਾਨ ਫਰੋਸਾਂ ਦੀ ਕਮੀ ਰਹਿ ਗਈ ਹੈ। ਦੋ ਤਾਂ ਖਰੀਦ ਕੇ ਮੈਂ ਆਪਣੇ ਤਹਿਖਾਨੇ ਵਿਚ ਬੰਦ ਕਰ ਰੱਖੇ ਹਨ, ਬਾਕੀ ਦੋ ਦੀ ਕਸਰ ਹੈ।

ਉਹ ਕਸਰ ਮੈਂ ਪੂਰ ਕਰ ਦਵਾਂਗਾ। ਇਕ ਤਾਂ ਉਹ ਟਰੱਕ ਦੇ ਪਰਮਿਟ ਵਾਲਾ ਐਮ. ਐਲ. ਏ. ਵੇਚ ਦੇਵਾਂਗਾ।

ਕਿਹੜੇ ਰੂਟ ਦਾ ਪਰਮਿਟ ਲਵੇਂਗਾ? ਭਈ, ਮੇਰੇ ਕੋਲ ਜਿੰਨੇ ਵੀ ਵਧੀਆ ਅਤੇ ਕਮਾਈ ਵਾਲੇ ਰੂਟ ਸਨ, ਉਹ ਤਾਂ ਦੇ ਚੁੱਕਿਆ ਹਾਂ।

ਅਜੀਂ ਕੋਈ ਘਟੀਆ ਜਿਹਾ ਪੇਂਡੂ ਰੂਟ ਪਰਮਿਟ ਦੇ ਦੇਵੋ। ਮੁਕਾਬਲੇ ਦਾ ਜਮਾਨਾ ਹੈ। ਉਹ ਗਲਿਆ-ਸੜਿਆ ਜਿਹਾ ਫੇਚੜ ਐਮ. ਐਲ. ਏ. ਰਾਜੀ ਹੋ ਜਾਵੇਗਾ। ਹਾਂ, ਦੂਜੇ ਐਮ. ਐਲ. ਏ. ਬਾਰੇ ਜ਼ਰਾ ਉਚਾ ਭਾਅ ਕਰਨਾ ਪਵੇਗਾ, ਉਹ ਸ਼ਾਹੀ ਖਾਨਦਾਨ ਨਾਲ ਸਬੰਧ ਰੱਖਦੇ ਹੈ ਸਾਲਾ।

ਕੀ ਮੁੱਲ ਮੰਗਦਾ ਹੈ? ਨਾਂ ਕੀ ਹੈ ਉਸ ਦਾ? ਭੁਰਜੀ ਚੰਦ ਨਾਂ ਹੈ ਉਸਦਾ, ਬਹੁਤ ਪ੍ਰਸਿੱਧ ਅਤੇ ਪੱਕਾ ਈਮਾਨ ਫਰੋਸ਼ ਹੈ। ਈਮਾਨ ਵੇਚਦਾ ਹੈ, ਸਦਾ ਗਰਦਨ ਅਕੜਾ ਕੇ। ਬਹੁਤ ਫਖਰ ਨਾਲ ਕਿਹਾ ਕਰਦਾ ਹੈ, ਸਾਡਾ ਈਮਾਨ ਵਿਕ ਸਕਦਾ ਹੈ, ਧੌਣ ਨਹੀਂ ਝੁਕ ਸਕਦੀ।

ਫੂੰ! ਉਹ ਭੁਰਜੀ ਮਲ। ਮੇਰੀ ਪਿਛਲੀ ਵਜਾਰਤ ਵਿਚ ਮੇਰੀਆਂ ਤਲੀਆਂ ਚਟਦਾ ਚਟਦਾ ਫਿਰਦਾ ਸੀ। ਮੈਂ ਖਰੀਦ ਕੇ ਉਸਨੂੰ ਵਜੀਰ ਬਣਾ ਦਿੱਤਾ। ਪਰ ਇਕੋ ਹਫਤੇ ਵਿਚ ਮੇਰੀ ਵਜ਼ਾਰਤ 'ਚੋਂ ਨਿਕਲ ਕੇ ਦੁਸ਼ਮਣ ਪਾਰਟੀ ਨਾਲ ਜਾ ਮਿਲਿਆ ਅਤੇ ਮੇਰੀ ਵਜ਼ਾਰਤ ਤੁੜਵਾ ਦਿੱਤੀ ਅਤੇ ਉਥੇ ਜਾ ਕੇ ਖਜ਼ਾਨਾ ਵਜ਼ੀਰ ਬਣ ਗਿਆ। ਫੂੰ! ਇਹ ਤਾਂ ਉਹੀਓ ਭੱਦਰ ਪੁਰਸ਼ ਹੈ, ਜੋ ਹੁਣ ਇਹਨਾਂ ਦੀ ਵਜ਼ਾਰਤ ਨਾਲ ਗਦਾਰੀ ਕਰਕੇ ਇਹਨਾਂ ਦਾ ਤਖਤਾ ਉਲਟਣਾ ਚਾਹੁੰਦੇ ਹਨ। ਮੈਨੂੰ ਨਹੀਂ ਚਾਹੀਦਾ, ਇਹੋ ਜਿਹਾ ਘਟੀਆ, ਤੀਜੇ ਦਰਜੇ ਦਾ ਈਮਾਨ ਫਰੋਸ਼! ਹੋਵੇਗਾ ਸ਼ਾਹੀ ਖਾਨਦਾਨ ਵਿਚੋਂ। ਮੈਂ ਤਾਂ ਉਸਨੂੰ ਵਿਸਕੀ ਦੇ ਇਕ ਅਧੀਏ ਤੋਂ ਭੀ ਨਾ ਖਰੀਦਾਂਗਾ। ਭਈ ਛਾਬੜੀ ਵਾਲੇ ਲਾਲਾ! ਕੋਈ ਪੱਕਾ ਈਮਾਨ ਫਰੋਸ਼ ਦੱਸੋ, ਜੋ ਘੱਟੋ ਘੱਟ ਛੇ ਮਹੀਨੇ ਤਾਂ ਚੱਲ ਸਕੇ। ਅਜਿਹਾ ਬੰਦਾ ਤਾਂ ਲੱਭਣਾ ਔਖਾ ਹੈ ਜਨਾਬ! ਜਮਾਨਾ ਤਾਂ ਵੇਖੋ ਕਿੱਧਰ ਜਾ ਰਿਹਾ ਹੈ? ਅੱਜਕਲ੍ਹ ਤਾਂ ਇਹੋ ਜਿਹੇ ਡੰਗ ਟਪਾਊ ਈਮਾਨ ਫਰੋਸ਼ਾਂ ਨਾਲ ਹੀ ਸਾਰੇ ਗੁਜਾਰਾ ਚਲਾ ਰਹੇ ਹਨ। ਤਾਂ ਦੱਸੋ, ਤੋਲ ਦਿਆਂ?
ਜ਼ਰਾ ਸੋਚਣ ਦੇਵੋ।

ਹੂ-ਹੂ-ਹੂ! ਸੋਚਣ ਦਾ ਭਲਾ ਜਮਾਨਾ ਹੈ। ਇੱਥੇ ਤਾਂ ਝੱਟ ਖਰੀਦੋ ਪਟ ਵਜ਼ੀਰੀ। ਇੱਧਰ ਤੁਸੀਂ ਸੋਚਦੇ ਰਹੋਗੇ, ਉਧਰ ਕੋਈ ਦੂਜਾ ਆ ਕੇ ਖਰੀਦ ਲਵੇਗਾ ਅਤੇ ਤੁਸੀਂ ਕੁਦੱਦ ਹੀ ਰਹਿ ਜਾਵੋਗੇ।

ਦੇਖ ਭਾਈ, ਛਾਬੜੀ ਵਾਲੇ ਭਰਾ! ਤੂੰ ਆਪਣਾ ਮਾਲ ਵੇਚਣ ਖਾਤਰ ਹੀ ਇਹ ਪ੍ਰਚਾਰ ਕਰ ਰਹੇ ਹੋ ਪਰ ਇਸ ਵਾਰ ਮੈਂ ਇਹ ਧਾਰ ਲਿਆ ਹੈ ਕਿ ਬਹੁਤ ਮਜ਼ਬੂਤ ਵਜ਼ਾਰਤ ਬਣਾਵਾਂਗਾ, ਜਿਸ ਦਾ ਈਮਾਨ ਖਰੀਦਾਂਗਾ, ਉਸਨੂੰ ਪਹਿਲਾਂ ਠੋਕ ਵਜਾ ਕੇ ਦੇਖ ਲਵਾਂਗਾ, ਇਸ ਵਾਰ ਮੈਂ ਸੱਚੀ ਮੁੱਚੀ ਜਨਤਾ ਦੀ ਸੇਵਾ ਕਰਨਾ ਚਾਹੁੰਦਾ ਹਾਂ।

ਅਜ਼ੀ, ਛੱਡੋ, ਨਰਕ ਵਿਚ ਜਾਵੇ ਜਨਤਾ, ਉਹਨਾਂ ਨੂੰ ਕੌਣ ਪੁੱਛਦਾ ਹੈ। ਉਹਨਾਂ ਨੇ ਕਾਂਗਰਸ ਨੂੰ ਵੋਟ ਦਿੱਤਾ ਤਾਂ ਉਹ ਕਾਂਗਰਸੀ, ਜਨਸੰਘ ਵਿਚ ਚਲਾ ਗਿਆ। ਜਨਸੰਘ ਨੂੰ ਦਿੱਤਾ ਤਾਂ ਉਹ ਖੱਬੂ-ਕਮਿਊਨਿਸਟ ਹੋ ਗਿਆ। ਖੱਬੂ ਕਮਿਊਨਿਸਟ ਅਕਾਲੀਆਂ ਨਾਲ, ਅਕਾਲੀ ਕਾਂਗਰਸ ਨਾਲ- ਜਨਤਾ ਦੀ ਜੋ ਗਤ ਹੋਈ ਹੈ, ਉਸਨੂੰ ਹੁਣ 'ਦੁਰਗਤ' ਬਣਨ ਦਿਓ ਅਤੇ ਵਜ਼ਾਰਤ ਬਣਾ ਕੇ ਚਾਰ ਦਿਨ ਦੀ ਚਾਂਦਨੀ ਦੇਖ ਲਵੋ। ਪੰਜਵੇਂ ਦਿਨ ਅਮਾਵਸ ਦੀ ਰਾਤ ਆਵੇਗੀ ਹੀ।

ਅੱਛਾ ਬਾਬਾ! ਤੂੰ ਦਿਖਾ ਉਹ ਜ਼ਰਾ, ਐਮ. ਐਲ. ਏ.। ਮੈਂ ਉਸਨੂੰ ਡਿਪਟੀ ਵਜ਼ੀਰ ਬਣਾ ਦੇਵਾਂਗਾ।

ਨਹੀਂ ਸਾਹਿਬ! ਭਾਅ ਘੱਟ ਨਹੀਂ ਹੋ ਸਕਦਾ। ਦੂਜੇ ਗਰੁੱਪ ਵਾਲੇ ਉਸਨੂੰ ਖਜ਼ਾਨਾ ਵਜ਼ੀਰੀ ਪੇਸ਼ ਕਰ ਰਹੇ ਹਨ। ਇਸਦੇ ਨਾਲ ਹੀ ਸੈਰ ਦਾ ਵਾਪਸੀ ਟਿਕਟਾਂ ਵੀ ਦੇ ਰਹੇ ਹਨ। ਅਮਰੀਕਾ ਦੀ ਸੀ. ਆਈ. ਏ. ਵਾਲਿਆਂ ਦੀ ਦੌਲਤ ਵੀ ਤਾਂ ਉਸਦੀ ਪਿੱਠ ਉਤੇ ਹੈ।

ਊ ਹੂੰ! ਕੀ ਰੇਟ ਵਧਾ ਦਿੱਤਾ ਹੈ, ਭੁਰਜੀ ਚੰਦ ਨੇ। ਕੌਮਾਂਤਰੀ ਬਜ਼ਾਰ ਵਿਚ ਵੀ ਵਿਕਣ ਲੱਗਾ। ਨਹੀਂ ਭਾਈ! ਨਾ ਦਿਖਾਓ। ਮੈਂ ਉਸਨੂੰ ਯੂਰਪ ਦਾ ਟਿਕਟ ਤਾਂ ਇਕ ਪਾਸੇ ਆਗਰੇ ਦਾ ਟਿਕਟ ਵੀ ਨਾ ਦਿਆਂ। ਅਜਿਹੇ ਆਦਮੀ ਤਾਂ ਪੂਰੇ ਦੇਸ਼ ਨੂੰ ਦੂਜਿਆਂ ਪਾਸ ਵੇਚ ਦੇਣਗੇ।

ਲਗਦਾ ਹੈ ਤੂੰ ਮੂਰਖ ਹੈਂ, ਆਪਣੀ ਚਿੰਤਾ ਕਰ ਦੇਸ਼ ਦੀ ਚਿੰਤਾ ਭਗਵਾਨ ਕਰੂਗਾ।

ਗੈੱਟ ਆਊਟ! ਚਲਦੇ ਫਿਰਦੇ ਨਜ਼ਰ ਆਵੋ!!

ਆਲ ਰਾਈਟ! ਬਿਲਕੁਲ ਠੀਕ, ਆਪਣਾ ਸੌਦਾ ਕੋਈ ਖੋਟਾ ਥੋੜਾ ਹੈ, ਮੰਡੀ ਵਿਚ ਇਸ ਦੀ ਮੰਗ ਹੈ, ਤੁਸੀਂ ਨਹੀਂ ਖਰੀਦੋਗੇ ਤਾਂ ਕੋਈ ਹੋਰ ਖਰੀਦ ਲਵੇਗਾ। ਮੈਂ ਤਾਂ ਕੇਵਲ ਤੁਹਾਡੇ ਭਲੇ ਦੀ ਗੱਲ ਕਹਿੰਦਾ ਹਾਂ, ਤਾਂ ਫਿਰ ਜਾਵਾਂ। ਚਲੋ ਕੋਅਪਰੇਟਿਵ ਸੁਸਾਇਟੀਆਂ ਦਾ ਮਹਿਕਮਾ ਹੀ ਦੇ ਦੇਵੋ। ਮੰਜ਼ੂਰ ਹੈ!

ਹਾਂ, ਇਕ ਸ਼ਰਤ ਹੈ, ਮੇਰੇ ਕੋਲ ਵਿਕ ਕੇ ਹੋਰ ਕਿਸੇ ਕੋਲ ਨਹੀਂ ਵਿਕੇਗਾ। ਊ ਹੂੰ। ਇਹ ਸ਼ਰਤ ਤਾਂ ਡਿਕਟੇਟਰਾਨਾ ਹੈ। ਜਮਹੂਰੀਅਤ ਦੀ ਗੱਲ ਕਰੋ। ਇਸ ਨਾਲ ਪੰਜ ਐਮ. ਐਲ. ਏ. ਵੀ ਝੂੰਗੇ ਵਿਚ ਮਿਲਣਗੇ। ਮੈਂ ਹੁਣ ਚੱਲਿਆ, ਸੋਚ ਲਵੋ।

ਓ ਭਈ ਛਾਬੜੀ ਵਾਲੇ! ਅਰੇ ਓ ਝੂੰਗੇ ਦੇ ਪੰਜ ਅਸੈਂਬਲੀ ਮੈਂਬਰਾਂ ਵਾਲੇ! ਜ਼ਰਾ ਰੁਕ ਜਾ। ਕੱਲ੍ਹ ਆਵਾਂਗਾ ਜਨਾਬ! (ਉਚੀ ਆਵਾਜ਼ ਨਾਲ ਹਾਕਾਂ ਮਾਰਦੇ ਹੋਏ) ਲੈ ਲਵੋ ਭਾਈ, ਈਮਾਨ ਵੇਚਦਾ ਹਾਂ, ਹਿੰਦੂ ਦਾ ਈਮਾਨ, ਮੁਸਲਮਾਨ ਦਾ ਈਮਾਨ, ਸਿੱਖ ਦਾ ਈਮਾਨ ... ਹੈ ਕੋਈ ਲੈਣ ਵਾਲਾ?
(ਹਵਾਲਾ- ਕਿਰਤੀ (ਹਫਤਾਵਾਰ), 22 ਅਪ੍ਰੈਲ 1967



ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
22ਵਾਂ ਮਹਾਂਨ ਨਗਰ ਕੀਰਤਨ ਐਤਵਾਰ 13 ਮਾਰਚ 2022 ਨੂੰ ਸਜਾਇਆ ਜਾ ਰਿਹਾ ਹੈ।
ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਦਾ ਵੇਰਵਾ

1• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸ਼ੁੱਕਰਵਾਰ 4 ਫ਼ਰਵਰੀ 2022
ਭੋਗ: ਐਤਵਾਰ 6 ਫ਼ਰਵਰੀ 2022
ਸੇਵਾ: ਸ੍ਰੀ ਅਮਰੀਕ ਸਿੰਘ ਖਿਆੜਾ ਪਰਿਵਾਰ

2• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸ਼ੁੱਕਰਵਾਰ 11 ਫ਼ਰਵਰੀ 2022
ਭੋਗ: ਐਤਵਾਰ 13 ਫ਼ਰਵਰੀ 2022
ਸੇਵਾ: ਸਮੂਹ ਬੀਬੀਆਂ ਭੈਣਾਂ ਮਾਤਾਵਾਂ

3• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸੋਮਵਾਰ 14 ਫ਼ਰਵਰੀ 2022
ਭੋਗ: ਬੁੱਧਵਾਰ16 ਫ਼ਰਵਰੀ 2022
ਸੇਵਾ: ਸ੍ਰੀ ਭਗਵੰਤ ਜੱਸਲ, ਸ੍ਰੀ ਮੇਵਾ ਉਜਾਗਰ

4• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸ਼ੁੱਕਰਵਾਰ 18 ਫ਼ਰਵਰੀ 2022
ਭੋਗ: ਐਤਵਾਰ 20 ਫ਼ਰਵਰੀ 2022
ਸੇਵਾ: ਪੋਸਟ ਆਫ਼ਿਸ ਮੁਲਾਜ਼ਮ

5• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸ਼ੁੱਕਰਵਾਰ 25 ਫ਼ਰਵਰੀ 2022
ਭੋਗ: ਐਤਵਾਰ 27 ਫ਼ਰਵਰੀ 2022
ਸੇਵਾ: ਸ੍ਰੀ ਅਵਤਾਰ ਸਿੱਧੂ ਪਰਿਵਾਰ

6• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸ਼ੁੱਕਰਵਾਰ 4 ਮਾਰਚ 2022
ਭੋਗ: ਐਤਵਾਰ 6 ਮਾਰਚ 2022
ਸੇਵਾ: ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ

7• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸੋਮਵਾਰ 7 ਮਾਰਚ 2022
ਭੋਗ: ਬੁੱਧਵਾਰ 9 ਮਾਰਚ 2022
ਸੇਵਾ: ਸ੍ਰੀ ਚਮਨ ਲਾਲ ਮਹਿਮੀ ਪਰਿਵਾਰ

8• ਸ੍ਰੀ ਅਖੰਡ ਪਾਠ ਸਾਹਿਬ
ਆਰੰਭ: ਸ਼ੁੱਕਰਵਾਰ 11 ਮਾਰਚ 2022
ਭੋਗ: ਐਤਵਾਰ 13 ਮਾਰਚ 2022
ਸੇਵਾ: ਸਮੂਹ ਸਾਧਸੰਗਤਿ ਜੀਓ

ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ
ਦੇ 645ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 22ਵਾਂ ਮਹਾਂਨ ਨਗਰ ਕੀਰਤਨ
ਐਤਵਾਰ13 ਮਾਰਚ 2022 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਚਾਲੇ ਪਵੇਗਾ।
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ 6221 16th Street, Rio Linda, CA-95673 (USA)
ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜਨਰਲ ਸਕੱਤਰ) 916-276-2538
ਗੁਰੂਘਰ ਫ਼ੋਨ: (916) 992-1710

# ਬ੍ਰਿਟਿਸ਼ ਸ਼ਾਸ਼ਕਾਂ ਨੇ ਕੀਤੀ ਸੀ ਵੰਸ਼ਵਾਦੀ ਸ਼ਾਸ਼ਨ ਪ੍ਰਣਾਲੀ ਦੇ ਅੰਤ ਦੀ ਸੁਰੂਆਤ



ਹਰਦੀਪ ਸਿੰਘ ਚੁੰਬਰ
+91-94636-01616

ਗਵਰਨਰ ਵਲਿੰਗਟਨ ਨੇ ਇਨਸਾਫ਼ ਪਾਰਟੀ ਦੇ ਨੇਤਾ ਪੀ ਥੈਗਰੋਇਆ ਚੇਟੀ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਉਸਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਕਿਉਂਕਿ ਉਹ ਲੋਕਾਂ ਦੇ ਟੈਕਸਾਂ ਤੋਂ ਤਨਖਾਹ ਲੈਣਾ ਪਸੰਦ ਨਹੀਂ ਕਰਦਾ ਸੀ।ਭਾਰਤੀ ਇੱਤਿਹਾਸ ਦੀ ਪਹਿਲੀ ਚੋਣ ਵਿੱਚ ਜਿੱਤੇ ਇਨਸਾਫ਼ ਪਾਰਟੀ ਦੇ ਨੇਤਾ ਪੀ। ਥੈਗਰੋਇਆ ਚੇਟੀ ਭਾਰਤ ਦਾ ਪਹਿਲਾ ਸ਼ਾਇਦ ਆਖਰੀ ਅਜਿਹਾ ਨੇਤਾਜਿਸ ਨੇ 1920 ਵਿੱਚ ਮਦਰਾਸ ਪ੍ਰੈਜ਼ੀਡੈਂਸੀ ਲਈ ਪਹਿਲੀ ਵਿਧਾਨ ਪ੍ਰੀਸ਼ਦ ਚੋਣ ਨਵੰਬਰ 1920 ਵਿੱਚ ਹੋਈ ਉਸ ਨੇਲੋਕਾਂ ਦੇ ਟੈਕਸਾਂ ਤੋਂ ਤਨਖਾਹ ਲੈਣ ਤੋਂ ਇਨਕਾਰਕਰ ਦਿਤਾ ਸੀ । ਇਸੇ ਕਾਰਨ ਉਹਨਾ ਨੇ ਏ। ਸੁਬਾਰਾਯਾਲੂ ਰੇਡਿਆਰ ਨੂੰ ਭਾਰਤ ਦਾ ਚੁਣਿਆ ਹੋਇਆ ਪਹਿਲਾ ਮੁੱਖ ਮੰਤਰੀ ਬਣਵਾ ਦਿੱਤਾ ਸੀ।

ਵੰਸ਼ਵਾਦੀ ਸ਼ਾਸ਼ਨ ਪ੍ਰਣਾਲੀ ਦੇ ਅੰਤ ਦੀ ਸੁਰੂਆਤ ਬ੍ਰਿਟਿਸ਼ ਸ਼ਾਸ਼ਨ ਦੌਰਾਨ ਭਾਰਤ ਵਿੱਚ 1920 ਵਿੱਚਆਧੁਨਿਕ ਇਤਿਹਾਸ ਵਿੱਚ ਪਹਿਲੀਆਂ ਚੋਣਾਂ ਸਨ। ਭਾਰਤ ਵਿੱਚ ਮੌਰੀਆ ਗਣਰਾਜ ਦੀ ਵਿਵਸਥਾ ਖਤਮ ਹੋਣ ਦੇ ਬਾਅਦ ਬ੍ਰਿਟਿਸ਼ ਨੇ ਕੁੱਝ ਹੱਦ ਤਕ ਨਵੀਂ ਸੁਰੂਆਤ ਕੀਤੀ, ਇਸ ਨਾਲ ਭਵਿਖ ਦੇ ਲੋਕਤੰਤਰ ਦਾ ਰਾਹ ਖੁਲਿਆ। ਭਾਰਤ ਦੀ ਸੱਤਾ 1947 ਵਿਚ ਕਾਂਗਰਸ ਅਤੇ ਮੁਸ਼ਲਿਮ ਲੀਗ ਦੇ ਹਵਾਲੇ ਕਰ ਬ੍ਰਿਟਿਸ਼ਰ ਨੇ ਦੋਨਾਂ ਦੇਸ਼ਾਂ ਨੂੰ ਆਪਣਾ ਸੰਵਿਧਾਨ ਬਨਾਉਣ ਦੀ ਹਦਾਇਤ ਕੀਤੀ। ਭਾਰਤ ਨੇ ਆਪਣਾਂ ਸੰਵਿਧਾਨ ਡਾ। ਭੀਮ ਰਾਓ ਅੰਬੇਡਕਰ ਦੀ ਰਹਿਨੁਮਾਈ ਵਿੱਚ ਤਿਆਰ ਕਰਵਾ ਕੇ 26 ਜਨਵਰੀ 1950 ਨੂੰ ਲਾਗੂ ਕੀਤਾ।ਡਾ। ਭੀਮ ਰਾਓ ਅੰਬੇਡਕਰ ਨੇ ਸਮੇਂ ਦੀ ਨਯਾਕਤ ਨੂੰ ਦੇਖਦੇ ਹੋਏ ਸਮਾਜਿਕ ਕਰਾਂਤੀ ਦੀ ਉਡੀਕ ਨਹੀਂ ਕੀਤੀ, ਉਹਨਾ ਸੱਤਾ ਦਾ ਹਿੱਸਾ ਬਣਨਾ ਸਵਿਕਾਰ ਕਰਕੇ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਨ ਅਤੇ ਕਰਵਾਉਣ ਵਿੱਚ ਅਹਿਮ ਯੋਗਦਾਨ ਪਾ ਅਧੁਨਿਕ ਭਾਰਤ ਦੀ ਨੀਂਵ ਰਖੀ। ਬ੍ਰਿਟਿਸ਼ ਸ਼ਾਸ਼ਨ ਪ੍ਰਣਾਲੀ ਨੂੰ ਵਿਕਸ਼ਿਤ ਕਰਨ ਦੇ ਨਾਲ ਨਾਲ ਸੰਸਾਰ ਦੇ ਉੱਤਮ ਸੰਵਿਧਾਨਾ ਦੇ ਕੁੱਝ ਅੰਸ ਸ਼ਾਮਿਲ ਕਰਨ ਨਾਲ ਅਤੇ ਭਾਰਤੀ ਸਮਾਜਿਕ ਰੀਤਾਂ, ਧਰਮ ਨਿਰਪੱਖਤਾ ਆਦਿ ਪ੍ਰੰਪਰਾਵਾਂ ਨੂੰ ਜੋੜਕੇ ਭਾਰਤੀ ਸੰਵਿਧਾਨ ਨੂੰ ਤਿਆਰ ਕੀਤਾ। ਉਹਨਾ ਭਾਰਤ ਦੇ ਹਰ ਬਾਲਗ ਨਾਗਰਿਕ ਨੂੰ ਵੋਟ ਪਾਉਣ, ਸਰਕਾਰ ਦਾ ਹਿੱਸਾ ਬਣਨ ਦਾ ਅਧਿਕਾਰ ਦਵਾਇਆ।

ਗਵਰਨਮੈਂਟ ਆਫ ਇੰਡੀਆ ਐਕਟ, 1919 ਦੁਆਰਾ ਸਰਕਾਰ ਦੀ ਵੰਸ਼ਵਾਦ ਪ੍ਰਣਾਲੀ ਦੀ ਸਥਾਪਨਾ ਤੋਂ ਬਾਅਦ ਮਦਰਾਸ ਪ੍ਰੈਜ਼ੀਡੈਂਸੀ ਲਈ ਪਹਿਲੀ ਵਿਧਾਨ ਪ੍ਰੀਸ਼ਦ ਚੋਣ ਨਵੰਬਰ 1920 ਵਿੱਚ ਹੋਈ ਸੀ। ਇੰਡੀਅਨ ਨੈਸ਼ਨਲ ਕਾਂਗਰਸ ਨੇ ਅਸਹਿਯੋਗ ਅੰਦੋਲਨ ਵਿੱਚ ਭਾਗ ਲੈਣ ਕਾਰਨ ਚੋਣਾਂ ਦਾ ਬਾਈਕਾਟ ਕੀਤਾ ਸੀ। ਚੋਣਾਂ ਗੈਰ-ਬ੍ਰਾਹਮਣ ਅੰਦੋਲਨ ਦੇ ਸ਼ੁਰੂਆਤੀ ਦੌਰ ਦੌਰਾਨ ਹੋਈਆਂ ਅਤੇ ਚੋਣਾਂ ਦਾ ਮੁੱਖ ਮੁੱਦਾ ਬ੍ਰਾਹਮਣਵਾਦ ਵਿਰੋਧੀ ਸੀ। ਜਸਟਿਸ ਪਾਰਟੀ ਨੇ ਬਿਨਾਂ ਕਿਸੇ ਮਹੱਤਵਪੂਰਨ ਵਿਰੋਧ ਦੇ ਚੋਣ ਜਿੱਤੀ ਅਤੇ ਏ। ਸੁਬਾਰਾਯਾਲੂ ਰੇਡਿਆਰ ਰਾਸ਼ਟਰਪਤੀ ਦੇ ਪਹਿਲੇ ਮੁੱਖ ਮੰਤਰੀ ਬਣੇ।

### ਇਹਨਾਂ ਚੋਣ ਦੇ ਨਤੀਜੇ

ਮਹੱਤਵਪੂਰਨ ਵਿਰੋਧ ਦੀ ਅਣਹੋਂਦ ਵਿੱਚ, ਜਸਟਿਸ ਪਾਰਟੀ 63 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ। ਚੁਣੇ ਅਤੇ ਗੈਰ-ਚੁਣੇ ਮੈਂਬਰਾਂ ਦੀ ਪਾਰਟੀ ਅਨੁਸਾਰ ਵੰਡ:ਪਾਰਟੀ ਦੁਆਰਾ ਚੁਣੇ ਗਏ ਨਾਮਜ਼ਦ ਅਤੇ ਕਾਰਜਕਾਰੀ ਕੁੱਲਜਸਟਿਸ ਪਾਰਟੀ 63, ਇੰਡੀਅਨ ਨੈਸ਼ਨਲ ਕਾਂਗਰਸ ਨੇ ਚੋਣ ਨਹੀਂ ਲੜੀ, ਨਹੀਂ ਚੋਣ ਨਹੀਂ ਲੜੀ, ਸੁਤੰਤਰ (ਰਾਜਨੇਤਾ) 18, ਵਿਰੋਧੀ ਦਲ 17, ਨਾਮਜ਼ਦ ਅਤੇ ਸਾਬਕਾ ਅਧਿਕਾਰੀਵਜੋਂ ਅਧਿਕਾਰੀ 11, ਗੈਰ-ਅਧਿਕਾਰੀ18, ਕੁੱਲ 98 ਚੁਣੇ ਹੋਏ 29 ਨਾਮਜ਼ਦ ਅਤੇ ਸਾਬਕਾ ਅਧਿਕਾਰੀਮਿਲਾਕੇ 127 ਦੀ ਸਰਕਾਰ ਸੀ। ਜਸਟਿਸ ਪਾਰਟੀ ਨੇ 18 ਗੈਰ-ਚੁਣੇ ਮੈਂਬਰਾਂ ਦੀ ਹਮਾਇਤ ਦਾ ਦਾਅਵਾ ਕੀਤਾ ਜਿਸ ਨਾਲ ਕੌਂਸਲ ਵਿਚ ਆਪਣੀ ਗਿਣਤੀ 81 ਹੋ ਗਈ ਸੀ।

ਪਾਰਟੀ ਦੁਆਰਾ ਚੁਣੇ ਗਏ ਨਾਮਜ਼ਦ ਅਤੇ ਕਾਰ-ਜਕਾਰੀ ਕੁੱਲਚੁਣੇ ਹੋਏ ਅਤੇ ਗੈਰ-ਚੁਣੇ ਮੈਂਬਰਾਂ ਦੀ ਫਿਰਕੂ ਵੰਡ ਨੂੰ ਦਰਸਾਉਂਦੀ ਹੈ।ਬ੍ਰਾਹਮਣ ਚੁਣੇ ਗਏ 17 ਨਾਮਜ਼ਦ5ਅਤੇ ਕੁੱਲ 22 ਸਨ, ਗੈਰ-ਬ੍ਰਾਹਮਣ ਚੁਣੇ ਗਏ 57ਨਾਮਜ਼ਦ 8 ਕੁੱਲ 65 ਸਨ, ਦਲਿਤ ਕਲਾਸਾਂ ਵਿੱਚ ਕੋਈ ਵੀ ਮੈਂਬਰ ਚੋਣ ਨਹੀ ਜਿਤ ਸਕਿਆ ਉਹਨਾ ਦੇ ਨਾਮਜ਼ਦ5 ਹੀ ਹੋਏ ਸਨ, ਮੁਹੰਮਡਨ ਚੁਣੇ ਗਏ 13 ਸਨ ਨਾਮਜ਼ਦ1 ਅਤੇਕੁੱਲ 14, ਭਾਰਤੀ ਈਸਾਈ ਚੁਣੇ ਗਏ 5 ਅਤੇ ਨਾਮਜ਼ਦ1ਕੁੱਲ 6 ਸਨ, ਯੂਰਪੀਅਨ ਅਤੇ ਐਂਗਲੋ-ਇੰਡੀਅਨਜ਼ ਚੁਣੇ ਗਏ 6 ਅਤੇ ਨਾਮਜ਼ਦ 9 ਇਸ ਤਰਾਂ ਕੁੱਲ ਮੈਂਬਰ 15 ਸਨ। ਇਸ ਤਰਾਂ ਕੁੱਲ ਚੁਣੇ ਗਏ ਕੁੱਲ 127 ਵਿੱਚੋਂ 98 ਚੋਣ ਰਾਹੀਂ ਅਤੇ ਨਾਮਜ਼ਦ29 ਕੀਤੇ ਗਏ ਮੈਂਬਰ ਸਨ। ਕਾਂਗਰਸ ਦਾ ਚੋਣ ਬਾਈਕਾਟ, ਜਿਸ ਨੇ ਬਿਨਾਂ ਕਿਸੇ ਗੰਭੀਰ ਵਿਰੋਧ ਦੇ ਜਸਟਿਸ ਪਾਰਟੀ ਨੇ ਜਿੱਤ ਪ੍ਰਾਪਤ ਕੀਤੀ, ਜਸਟਿਸ ਨੇਤਾਵਾਂ ਦੀ ਜ਼ੋਰਦਾਰ ਮੁਹਿੰਮ ਅਤੇ ਗੈਰ-ਬ੍ਰਾਹਮਣਾਂ ਮੈਂਬਰਨੂੰ ਸੀਟਾਂ ਦਾ ਰਾਖਵਾਂਕਰਨ ਕਾਰਨ ਸੀ।

### ਮਦਰਾਸ ਪ੍ਰੈਜ਼ੀਡੈਂਸੀ ਵੋਟਰ ਅਤੇ ਪੋਲਿੰਗ

ਭਾਰਤ ਵਿੱਚ ਪਹਿਲੀ ਆਮ ਚੋਣ ਨਵੰਬਰ 1920 ਦੌਰਾਨ ਹੋਈ ਸੀ। ਚੋਣਾਂ ਦੇ ਸਮੇਂ, ਮਦਰਾਸ ਪ੍ਰੈਜ਼ੀਡੈਂਸੀ ਦੀ ਆਬਾਦੀ 4ਕਰੋੜ ਸੀ। ਸੰਪੱਤੀ/ਜਾਇਦਾਦ ਯੋਗਤਾਵਾਂ ਦੇ ਆਧਾਰ 'ਤੇ ਵੋਟਰ ਹੋਣ ਦੀ ਹੱਕਦਾਰੀ ਦਿੱਤੀ ਗਈ ਸੀ। 12,48,156 ਵਿਅਕਤੀ ਵੋਟ ਪਾਉਣ ਦੇ ਯੋਗ ਸਨ, ਜਿਨ੍ਹਾਂ ਵਿੱਚੋਂ 3,03,558 ਨੇ ਅਸਲ ਵਿੱਚ ਆਪਣੀ ਵੋਟ ਪਾਈ। ਇੰਡੀਅਨ ਨੈਸ਼ਨਲ ਕਾਂਗਰਸ ਨੇ ਅਸਹਿਯੋਗ ਅੰਦੋਲਨ ਵਿਚ ਹਿੱਸਾ ਲੈਣ ਕਾਰਨ ਚੋਣਾਂ ਦਾ ਬਾਈਕਾਟ ਕੀਤਾ। ਦ ਹਿੰਦੂ ਨੇ ਰਿਪੋਰਟ ਕੀਤੀ ਕਿ ਕੁਝ ਹਲਕਿਆਂ ਵਿੱਚ ਪੋਲਿੰਗ 12% ਤੱਕ ਘੱਟ ਸੀ ਅਤੇ ਕਿਸੇ ਵੀ ਹਲਕੇ ਵਿੱਚ 25% ਤੋਂ ਵੱਧ ਪੋਲਿੰਗ ਦੀ ਰਿਪੋਰਟ ਨਹੀਂ ਕੀਤੀ ਗਈ। ਮਦਰਾਸ ਸ਼ਹਿਰ ਨੇ 52% ਪੋਲਿੰਗ ਦੇ ਨਾਲ ਸਭ ਤੋਂ ਵੱਧ ਮਤਦਾਨ ਦੀ ਰਿਪੋਰਟ ਕੀਤੀ ਅਤੇ ਮਾਈਲਾਪੁਰ, ਇੱਕ ਰਵਾਇਤੀ ਤੌਰ 'ਤੇ ਬ੍ਰਾਹਮਣ ਖੇਤਰ ਵਿੱਚ ਇਸ ਤੋਂ ਵੀ ਵੱਧ ਮਤਦਾਨ ਹੋਇਆ। ਮੀਂਹ ਅਤੇ ਹੜ੍ਹਾਂ ਨਾਲ ਪ੍ਰਭਾਵਿਤ ਪੇਂਡੂ ਖੇਤਰਾਂ ਵਿੱਚ ਮਤਦਾਨ ਵੱਖੋ-ਵੱਖਰਾ ਸੀ। ਸਾਰੇ ਪ੍ਰੈਜ਼ੀਡੈਂਸੀ ਵਿੱਚ ਔਸਤ ਮਤਦਾਨ 24।9% ਸੀ। ਮਦਰਾਸ ਮੇਲ ਨੇ ਰਿਪੋਰਟ ਦਿੱਤੀ ਸੀ ਕਿ ਬ੍ਰਿਟਿਸ਼ ਸੰਸਦ ਦੀਆਂ ਚੋਣਾਂ ਦੇ ਮੁਕਾਬਲੇ ਮਤਦਾਨ ਘੱਟ ਸੀ, ਪਰ ਫਿਰ ਵੀ, ਰਾਜਨੀਤਿਕ ਚੇਤਨਾ ਦੇ ਵਾਧੇ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਰਿਹਾ।



ਪੀ. ਥੈਗਰੋਇਆ ਚੇਟੀ

ਪੀ. ਥੈਗਰੋਇਆ ਚੇਟੀ ਨੂੰ ਗਵਰਨਰ ਵਲਿੰਗਟਨ ਨੇ ਇਨਸਾਫ਼ ਪਾਰਟੀ ਦੇ ਨੇਤਾ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਉਸਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਕਿਉਂਕਿ ਉਹ ਲੋਕਾਂ ਦੇ ਟੈਕਸਾਂ ਤੋਂ ਤਨਖਾਹ ਲੈਣਾ ਪਸੰਦ ਨਹੀਂ ਕਰਦਾ ਸੀ। ਭਾਰਤੀ ਇਤਿਹਾਸ ਦੀ ਪਹਿਲੀ ਚੋਣ ਵਿਚ ਜਿੱਤੇ ਇਨਸਾਫ਼ ਪਾਰਟੀ ਦੇ ਨੇਤਾ ਪੀ. ਥੈਗਰੋਇਆ ਚੇਟੀ ਭਾਰਤ ਦਾ ਪਹਿਲਾ ਸ਼ਾਇਦ ਆਖਰੀ ਅਜਿਹਾ ਨੇਤਾ ਹੈ ਜਿਸ ਨੇ ਮਦਰਾਸ ਪ੍ਰੈਜ਼ੀਡੈਂਸੀ ਲਈ ਪਹਿਲੀ ਵਿਧਾਨ ਪ੍ਰੀਸ਼ਦ ਚੋਣ ਨਵੰਬਰ 1920 ਵਿੱਚ ਹੋਈ ਉਸ ਨੇ ਲੋਕਾਂ ਦੇ ਟੈਕਸਾਂ ਤੋਂ ਤਨਖਾਹ ਲੈਣ ਤੋਂ ਇਨਕਾਰ ਕਰ ਦਿਤਾ ਸੀ । ਇਸੇ ਕਾਰਨ ਉਹਨਾ ਨੇ ਏ. ਸੁਬਾਰਾਯਾਲੂ ਰੇਡਿਆਰ ਨੂੰ ਭਾਰਤ ਦਾ ਚੁਣਿਆ ਹੋਇਆ ਪਹਿਲਾ ਮੁੱਖ ਮੰਤਰੀ ਬਣਵਾ ਦਿੱਤਾ ਸੀ।

### ਪੀ ਥੈਗਰੋਇਆ ਚੇਟੀ

ਭਾਰਤੀ ਇੱਤਿਹਾਸ ਦੀ ਪਹਿਲੀ ਚੋਣ ਵਿੱਚ ਜਿੱਤੇ ਇਨਸਾਫ਼ ਪਾਰਟੀ ਦੇ ਨੇਤਾ ਜਿਸ ਨੇ ਲੋਕਾਂ ਦੇ ਟੈਕਸਾਂ ਤੋਂ ਤਨਖਾਹ ਲੈਣ ਤੋਂ ਕੀਤਾ ਸੀ ਇਨਕਾਰ। ਉਹਨਾ ਨੇ ਏ ਸੁਬਾਰਾਯਾਲੂ ਰੇਡਿਆਰ ਨੂੰ ਭਾਰਤ ਦਾ ਚੁਣਿਆ ਹੋਇਆ ਪਹਿਲਾ ਮੁੱਖ ਮੰਤਰੀ ਬਣਵਾ ਦਿੱਤਾ ਸੀ।

ਗਵਰਨਰ ਵਲਿੰਗਟਨ ਨੇ ਇਨਸਾਫ਼ ਪਾਰਟੀ ਦੇ ਨੇਤਾ ਪੀ। ਥੈਗਰੋਇਆ ਚੇਟੀ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਉਸਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਕਿਉਂਕਿ ਉਹ ਲੋਕਾਂ ਦੇ ਟੈਕਸਾਂ ਤੋਂ ਤਨਖਾਹ ਲੈਣਾ ਪਸੰਦ ਨਹੀਂ ਕਰਦਾ ਸੀ। ਉਸਨੇ ਸਿਫਾਰਿਸ਼ ਕੀਤੀ ਕਿ ਏ। ਸੁਬਾਰਾਯਾਲੂ ਰੇਡਿਆਰ, ਰਾਮਰਾਇਨਿੰਗਰ (ਪਨਾਗਲ ਦਾ ਰਾਜਾ) ਅਤੇ ਕੁਰਮਾ ਵੈਂਕਟ ਰੈਡੀ ਨਾਇਡੂ, ਸਾਰੇ ਤੇਲਗੂ ਮੈਂਬਰਾਂ ਨੂੰ ਮੰਤਰੀ ਬਣਾਇਆ ਜਾਵੇ। ਏ। ਸੁਬਾਰਾਯਾਲੂ ਰੇਡਿਆਰ ਨੂੰ ਮੁੱਖ ਮੰਤਰੀ ਅਤੇ ਸਿੱਖਿਆ, ਲੋਕ ਨਿਰਮਾਣ, ਆਬਕਾਰੀ ਅਤੇ ਰਜਿਸਟ੍ਰੇਸ਼ਨ ਦੇ ਇੰਚਾਰਜ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ ਸੀ। ਰਾਮਰਾਇਨਿੰਗਰ ਸਥਾਨਕ ਸਵੈ-ਸ਼ਾਸਨ ਅਤੇ ਜਨਤਕ ਸਿਹਤ ਮੰਤਰੀ ਬਣੇ, ਜਦੋਂ ਕਿ ਵੈਂਕਟਾ ਰੈਡੀ ਨਾਇਡੂ ਨੂੰ ਵਿਕਾਸ ਮੰਤਰਾਲਾ ਦਿੱਤਾ ਗਿਆ। ਮੰਤਰੀਆਂ ਨੇ 17 ਦਸੰਬਰ 1920 ਨੂੰ ਅਹੁਦਾ ਸੰਭਾਲ ਲਿਆ। ਪੇਰੂੰਗਾਵੂਰ ਰਾਜਗੋਪਾਲਾਚਾਰੀ ਨੂੰ ਵਿਧਾਨ ਪ੍ਰੀਸ਼ਦ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਐਡਵਿਨ ਪੇਰੀਯਾਨਾਇਕਮ, ਆਰਕੋਟ ਰਾਮਾਸਾਮੀ ਮੁਦਲੀਆਰ ਅਤੇ ਪੀ। ਸੁਬਾਰਾਯਨ ਨੂੰ ਕੌਂਸਲ ਸਕੱਤਰ ਬਣਾਇਆ ਗਿਆ। ਸੀਪੀ ਰਾਮਾਸਵਾਮੀ ਅਈਅਰ ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਸੀ। ਗਵਰਨਰ ਦੀ ਕਾਰਜਕਾਰੀ ਕੌਂਸਲ ਵਿੱਚ ਸਰ ਲਿਓਨਲ ਡੇਵਿਡਸਨ (ਗ੍ਰਹਿ ਲਈ ਮੈਂਬਰ), ਸਰ ਚਾਰਲਸ ਟੋਡਹੰਟਰ (ਵਿੱਤ), ਮੁਹੰਮਦ ਹਬੀਬੁੱਲਾ (ਮਾਲ) ਅਤੇ ਐਸ ਸ੍ਰੀਨਿਵਾਸ ਆਇੰਗਰ (ਕਾਨੂੰਨ) ਸ਼ਾਮਲ ਸਨ। 11 ਜੁਲਾਈ 1921 ਨੂੰ, ਪਨਾਗਲ ਦੇ ਰਾਜਾ ਨੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਜਦੋਂ ਸੁਬਾਰਾਯਾਲੂ ਰੇਡਿਆਰ ਨੇ ਸਿਹਤ ਦੇ ਆਧਾਰ 'ਤੇ ਅਸਤੀਫਾ ਦੇ ਦਿੱਤਾ ਅਤੇ ਉੜੀਸਾ ਦੇ ਵਕੀਲ ਏ।ਪੀ। ਪਾਤਰੋ ਨੂੰ ਸਿੱਖਿਆ ਮੰਤਰੀ ਨਿਯੁਕਤ ਕੀਤਾ ਗਿਆ।ਕੌਂਸਲ ਨੂੰ 11 ਸਤੰਬਰ 1923 ਨੂੰ ਆਪਣੀ ਮਿਆਦ ਦੇ ਅੰਤ ਵਿੱਚ ਭੰਗ ਕਰ ਦਿੱਤਾ ਗਿਆ ਸੀ।

### ਇੰਪੀਰੀਅਲ ਲੈਜਿਸਲੇਟਿਵ ਕੌਂਸਲ ਅਤੇ ਪ੍ਰੋਵਿੰਸ਼ੀਅਲ ਕੌਂਸਲਾਂ ਦੀ ਚੋਣ

ਬ੍ਰਿਟਿਸ਼ ਸ਼ਾਸ਼ਨ ਦੌਰਾਨ ਭਾਰਤ ਵਿੱਚ 1920 ਵਿੱਚ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਅਤੇ ਪ੍ਰੋਵਿੰਸ਼ੀਅਲ ਕੌਂਸਲਾਂ ਦੇ ਮੈਂਬਰਾਂ ਦੀ ਚੋਣ ਕਰਨ ਲਈ ਆਮ ਚੋਣਾਂ ਹੋਈਆਂ। ਇਹ ਦੇਸ਼ ਦੇ ਆਧੁਨਿਕ ਇਤਿਹਾਸ ਵਿੱਚ ਪਹਿਲੀਆਂ ਚੋਣਾਂ ਸਨ।

ਨਵੀਂ ਕੇਂਦਰੀ ਵਿਧਾਨ ਸਭਾ ਜੋ ਕਿ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦਾ ਹੇਠਲਾ ਚੈਂਬਰ ਸੀ, ਦਿੱਲੀ ਸਥਿਤ ਸੀ, ਵਿੱਚ 104 ਚੁਣੀਆਂ ਗਈਆਂ ਸੀਟਾਂ ਸਨ, ਜਿਨ੍ਹਾਂ ਵਿੱਚੋਂ 66 ਲੜੀਆਂ ਗਈਆਂ ਸਨ ਅਤੇ 38 ਚੈਂਬਰਜ਼ ਆਫ਼ ਕਾਮਰਸ ਦੁਆਰਾ ਚੁਣੇ ਗਏ ਯੂਰਪੀਅਨਾਂ ਲਈ ਰਾਖਵੀਆਂ ਸਨ। ਉਪਰਲੇ ਚੈਂਬਰ, ਕੌਂਸਲ ਆਫ਼ ਸਟੇਟ ਲਈ, 34 ਵਿੱਚੋਂ 24 ਸੀਟਾਂ ਲੜੀਆਂ ਗਈਆਂ ਸਨ, ਜਦੋਂ ਕਿ ਪੰਜ ਮੁਸਲਮਾਨਾਂ ਲਈ, ਤਿੰਨ ਗੋਰਿਆਂ ਲਈ, ਇੱਕ ਸਿੱਖਾਂ ਲਈ ਅਤੇ ਇੱਕ ਸੰਯੁਕਤ ਪ੍ਰਾਂਤ ਲਈ ਰਾਖਵੀਆਂ ਸਨ।ਸੰਸਦ ਨੂੰ 9 ਫਰਵਰੀ 1921 ਨੂੰ ਡਿਊਕ ਆਫ਼ ਕਨਾਟ ਅਤੇ ਸਟ੍ਰਾਥਰਨ ਦੁਆਰਾ ਖੋਲ੍ਹਿਆ ਗਿਆ ਸੀ। ਕੌਮੀ ਚੋਣਾਂ ਦੇ ਨਾਲ-ਨਾਲ ਸੂਬਾਈ ਅਸੈਂਬਲੀਆਂ ਦੀਆਂ 637 ਸੀਟਾਂ ਲਈ ਵੀ ਚੋਣਾਂ ਹੋਈਆਂ। ਇਨ੍ਹਾਂ ਵਿੱਚੋਂ 440 ਚੋਣ ਲੜੇ ਸਨ, ਜਿਨ੍ਹਾਂ ਵਿੱਚੋਂ 188 ਦਾ ਇੱਕ ਵੀ ਉਮੀਦਵਾਰ ਬਿਨਾਂ ਮੁਕਾਬਲਾ ਚੁਣਿਆ ਗਿਆ ਸੀ। ਮਹਾਤਮਾ ਗਾਂਧੀ ਦੁਆਰਾ ਚੋਣਾਂ ਦੇ ਬਾਈਕਾਟ ਦੇ ਸੱਦੇ ਦੇ ਬਾਵਜੂਦ, ਸਿਰਫ ਛੇ ਕੋਲ ਕੋਈ ਉਮੀਦਵਾਰ ਨਹੀਂ ਸੀ। ਸੂਬਾਈ ਅਸੈਂਬਲੀਆਂ ਦੇ ਅੰਦਰ 38 ਗੋਰੇ ਵੋਟਰਾਂ ਲਈ ਰਾਖਵੇਂ ਸਨ।

### ਕੇਂਦਰੀ ਵਿਧਾਨ ਸਭਾ

ਕੁੱਲ 104 ਸ਼ੀਟਾਂ ਲਈ ਚੋਣ ਹੋਈ। ਪਾਰਟੀ ਸੀਟਾਂ ਇਸ ਹਿਸਾਬ ਨਾਲ ਸਨ।ਡੈਮੋਕਰੇਟਿਕ ਪਾਰਟੀ 48, ਹੋਰ ਪਾਰਟੀਆਂ ਅਤੇ ਆਜ਼ਾਦ 47, ਯੂਰਪੀਅਨ 9 ਚੁਣੇ ਗਏ ਸੈਂਬਰ ਸਨ।

### ਭਾਰਤ ਸਰਕਾਰਦੇ ਕੇਂਦਰੀ ਵਿਧਾਨ ਸਭਾ ਦੇ ਮੈਂਬਰ ਅਤੇ ਅਧਿਕਾਰੀ

ਵਿਲੀਅਮ ਹੈਨਰੀ ਹੋਰੇ ਵਿਨਸੈਂਟ- ਹੋਮ ਮੈਂਬਰ, ਸਰ ਮੈਲਕਮ ਹੈਲੀ - ਵਿੱਤ ਮੈਂਬਰ, ਬੇਸਿਲ ਫਿਲੋਟ ਬਲੈਕੇਟ - ਵਿੱਤ ਮੈਂਬਰ, ਸੀ। ਏ ਇਨਸ- ਕਾਮਰਸ ਐਂਡ ਇੰਡਸਟਰੀਜ਼ ਮੈਂਬਰ, ਤੇਜ ਬਹਾਦਰ ਸਪਰੂ- ਕਾਨੂੰਨ ਮੈਂਬਰ, ਬੀ ਐਨ ਸਰਮਾ -ਮਾਲ ਅਤੇ ਖੇਤੀਬਾੜੀ ਮੈਂਬਰ, ਡੇਨਿਸ ਬ੍ਰੇ -ਵਿਦੇਸ਼ ਸਕੱਤਰ, ਸਰ ਸਿਡਨੀ ਕਰੁਕਸ਼ੈਂਕ - ਪੀ ਡਬਲਿਊ ਡੀ ਸਕੱਤਰ, ਅਰਨੈਸਟ ਬਰਡਨ - ਆਰਮੀ ਸੈਕਟਰੀ, ਮੋਂਟੈਗੂ ਸ਼ੇਰਾਰਡ ਡਾਵੇਸ ਬਟਲਰ - ਸਿੱਖਿਆ ਸਕੱਤਰ, ਜੀ।ਆਰ। ਕਲਾਰਕ - ਡਾਇਰੈਕਟਰ ਜਨਰਲ ਪੋਸਟ ਅਤੇ ਟੈਲੀਗ੍ਰਾਫ, ਅਤੁਲ ਚੰਦਰ ਚੈਟਰਜੀ - ਉਦਯੋਗ ਸਕੱਤਰ, ਜੀ।ਜੀ। ਸਿਮ ਜੇ।ਟੀ। - ਵਿੱਤ ਸਕੱਤਰ, ਜੌਹਨ ਹੁਲਾ - ਮਾਲੀਆ ਅਤੇ ਖੇਤੀਬਾੜੀ ਸਕੱਤਰ, ਏ।ਵੀ।ਵੀ। ਅਈਅਰ - ਵਿੱਤ ਵਿਭਾਗ ਦਿਤੇ ਗਏ ਸਨ ਅਤੇ ਇਸ ਤੋ ਬਿਨਾਂ ਅੈਮ। ਅੈਚ। ਅੈਚ। ਹਚਿਨਸਨ, ਕਰਨਲ ਡਬਲਯੂ।ਡੀ। ਵਾਘੋਰਨ, ਅਬਦੁਲ ਰਹੀਮ ਖਾਨ, ਫ੍ਰਾਂਸਿਸ ਬ੍ਰੈਡਲੀ ਬ੍ਰੈਡਲੀ-ਬਰਟ, ਥਾਮਸ ਹੈਨਰੀ ਹਾਲੈਂਡ, ਆਰ ਡਬਲਿਊ ਡੇਵਿਸ, ਪੀ। ਈ। ਪਰਸੀਵਲ, ਐਚ ਪੀ ਟੋਲਿੰਟਨ, ਐਫ ਐਸ ਏ ਸਲੋਕੋਕ,ਡਬਲਯੂ ਸੀ ਰੇਨੋਫ ਸਨ।

ਸੂਬਿਆਂ ਤੋਂ ਨਾਮਜ਼ਦਮੈਂਬਰ ਸੂਬਾ ਸਨ, ਬੀ ਸੀ ਐਲਨ ਅਸਾਮ, ਖਬੀਰੁਦੀਨ ਅਹਿਮਦ ਬੰਗਾਲ, ਖਗੇਂਦਰ ਨਾਥ ਮਿਤਰ ਬੰਗਾਲ, ਜੇ ਕੇ ਐਨ ਕਬਰਾਜੀ ਬੰਬੇ, ਵਾਲਟਰ ਫਰੈਂਕ ਹਡਸਨ ਬੰਬੇ, ਵਿਲੀਅਮ ਜੌਨ ਕੀਥ ਬਰਮਾ, ਜੇਐਫ ਬ੍ਰਾਇਨਟ ਮਦਰਾਸ, ਟੀ ਈ ਮੋਇਰ ਮਦਰਾਸ, ਥੀਓਡੋਰ ਐਲਬਨ ਹੈਨਰੀ ਵੇ ਸੰਯੁਕਤ ਪ੍ਰਾਂਤ, ਰੁਸਤਮਜੀ ਫਰੀਦੂਨਜੀ ਕੇਂਦਰੀ ਪ੍ਰਾਂਤ।

### ਨਾਮਜ਼ਦ ਗੈਰ-ਅਧਿਕਾਰੀ

ਵਿਸ਼ੇਸ਼ ਯੋਗਤਾਵਾਂ ਵਜੋਂ: ਹੈਨਰੀ ਗਿਡਨੀ (ਐਂਗਲੋ-ਇੰਡੀਅਨ), ਐਨ।ਐਮ। ਜੋਸ਼ੀ (ਲੇਬਰ ਹਿੱਤ), ਜੇ।ਪੀ। ਕੋਟੇਲਿੰਗਮ (ਭਾਰਤੀ ਈਸਾਈ), ਰਾਏ ਸ਼ਿਓ ਪ੍ਰਸਾਦ ਤੁਲਸ਼ਨ ਬਹਾਦਰ (ਰੇਲਵੇ ਹਿੱਤ) ਸੂਬਿਆਂ ਵਿੱਚੋਂ: ਟੀ।ਵੀ। ਸੇਸ਼ਾਗਿਰੀ ਅਈਅਰ (ਮਦਰਾਸ), ਸੀ। ਕ੍ਰਿਸ਼ਨਾਸਵਾਮੀ ਰਾਓ (ਮਦਰਾਸ), ਅਸ਼ਰਫ਼ ਓ। ਜਮਾਲ (ਬੰਗਾਲ), ਨਵਾਬ ਖਵਾਜਾ ਹਬੀਬੁੱਲਾ (ਬੰਗਾਲ), ਐਨ।ਐਮ। ਸਮਰਥ (ਬੰਬੇ), ਮੁਹੰਮਦ ਹਜੀਭੋਏ (ਬੰਬੇ), ਮੌਲਵੀ ਅਬਦੁਲ ਕਾਦਿਰ (ਕੇਂਦਰੀ ਸੂਬੇ)), ਲਕਸ਼ਮੀ ਨਰਾਇਣ ਲਾਲ (ਬਿਹਾਰ ਅਤੇ ਉੜੀਸਾ), ਸਰਦਾਰ ਬਹਾਦੁਰ ਗੱਜਣ ਸਿੰਘ (ਪੰਜਾਬ), ਰਾਣਾ ਉਮਾਨਾਥ ਬਖਸ਼ ਸਿੰਘ (ਸੰਯੁਕਤ ਪ੍ਰਾਂਤ), ਬੀਐਚਆਰ ਜਾਟਕਰ (ਬੇਰਾਰ), ਅਬਦੁਰ ਰਹੀਮ (ਉੱਤਰ ਪੱਛਮੀ ਸਰਹੱਦੀ ਸੂਬਾ)

ਇਸੇ ਤਰਾਂ ਅਸਾਮ, ਬੰਗਾਲ, ਬਿਹਾਰ-ਓਡੀਸਾ, ਬੰਬੇ, ਬਰਮਾ, ਕੇਂਦਰੀ ਰਾਜ, ਮਦਰਾਸ, ਸੰਯੁਕਤ ਪ੍ਰਾਂਤ ਵਿੱਚੋ ਕੁੱਝ ਗੈਰ-ਅਧਿਕਾਰੀ ਲਏ ਗਏ ਸਨ। ਇਸੇ ਤਰਾਂ ਪੰਜਾਬ ਵਿੱਚੋਂ ਪੰਡਤ ਜਵਾਹਰ ਲਾਲ ਭਾਰਗਵ (ਅੰਬਾਲਾ ਜਨਰਲ), ਬਖਸ਼ੀ ਸੋਹਨ ਲਾਲ (ਜਲੰਧਰ ਜਨਰਲ), ਡਾ: ਨੰਦ ਲਾਲ (ਪੱਛਮੀ ਪੰਜਾਬ ਜਨਰਲ), ਚੌਧਰੀ ਗੁਲਾਮ ਸਰਵਰ ਖ਼ਾਨ (ਉੱਤਰੀ ਪੰਜਾਬ ਮੁਸਲਿਮ), ਅਹਿਮਦ ਬਖਸ਼ ਖ਼ਾਨ (ਉੱਤਰੀ ਪੰਜਾਬ ਮੁਸਲਿਮ), ਚੌਧਰੀ ਸ਼ਹਾਬ- ਉਦ-ਦੀਨ (ਪੂਰਬੀ ਮੱਧ ਪੰਜਾਬ ਮੁਸਲਿਮ), ਨਵਾਬ ਮੁਹੰਮਦ ਇਬਰਾਹਿਮ ਅਲੀ ਖ਼ਾਨ (ਪੂਰਬੀ ਪੰਜਾਬ ਮੁਸਲਿਮ), ਚੌਧਰੀ ਸ਼ਹਾਬ-ਉਦ-ਦੀਨ (ਪੂਰਬੀ ਕੇਂਦਰੀ ਪੰਜਾਬ ਮੁਸਲਿਮ), ਮਖਦੂਮ ਸਈਅਦ ਰਾਜਨ ਬਖਸ਼ ਸ਼ਾਹ (ਦੱਖਣੀ ਪੱਛਮੀ ਪੰਜਾਬ ਮੁਸਲਮਾਨ), ਰਾਜਾ ਐਮ।ਐਮ। ਇਕਰਾਮੁੱਲਾ ਖ਼ਾਨ। , ਭਾਈ ਮਾਨ ਸਿੰਘ (ਪੂਰਬੀ ਪੰਜਾਬ ਸਿੱਖ), ਸਰਦਾਰ ਗੁਲਾਬ ਸਿੰਘ (ਪੱਛਮੀ ਪੰਜਾਬ ਸਿੱਖ), ਬਾਬਾ ਉਜਾਗਰ ਸਿੰਘ ਬੇਦੀ (ਜ਼ਿਮੀਂਦਾਰ) ਗੈਰ-ਅਧਿਕਾਰੀ ਲਏ ਗਏ ਸਨ।

# ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਚੇਅਰਮੈਨ ਸਰਦਾਰ ਗੁਰਮੀਤ ਸਿੰਘ ਚਾਹਲ ਲੁਧਿਆਣਾ, ਡਾਕਟਰ ਜਗਤਾਰ ਸਿੰਘ ਬਰੜਵਾਲ ਸੀਨੀਅਰ ਉੱਪ ਪ੍ਰਧਾਨ ਪੰਜਾਬ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ

**ਚੰਡੀਗੜ 17 ਜਨਵਰੀ-** ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਚੇਅਰਮੈਨ ਸਰਦਾਰ ਗੁਰਮੀਤ ਸਿੰਘ ਚਾਹਲ ਲੁਧਿਆਣਾ, ਡਾਕਟਰ ਜਗਤਾਰ ਸਿੰਘ ਬਰੜਵਾਲ ਸੀਨੀਅਰ ਉੱਪ ਪ੍ਰਧਾਨ ਪੀਐਚਆਰਡੀ ਪੰਜਾਬ, ਸਰਦਾਰ ਪਰਮਜੀਤ ਸਿੰਘ ਸੰਧੂ ਪ੍ਰਧਾਨ ਜਿਲ੍ਹਾ ਲੁਧਿਆਣਾ, ਸਰਦਾਰ ਬੇਅੰਤ ਸਿੰਘ ਬੰਦਲ ਪੀਐਚਆਰਡੀ ਸਰਕਲ ਪ੍ਰਧਾਨ ਜਿਲ੍ਹਾ ਲੁਧਿਆਣਾ ਆਪਣੇ ਸਾਥੀਆਂ ਸਮੇਤ 15 ਜਨਵਰੀ ਨੂੰ ਚੰਡੀਗੜ ਵਿਖੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ। ਪੰਜਾਬ ਪ੍ਰਧਾਨ ਆਮ ਆਦਮੀ ਪਾਰਟੀ ਸਰਦਾਰ ਭਗਵੰਤ ਮਾਨ ਨੇ ਉਹਨੇ ਦੇ ਪਾਰਟੀ ਵਿੱਚ ਸ਼ਮਲ ਹੋਣ ਤੇ ਸਵਾਗਤ ਕੀਤਾ।

ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਪ੍ਰਮੁੱਖ ਚੇਅਰਮੈਨ ਸਰਦਾਰ ਗੁਰਮੀਤ ਸਿੰਘ ਚਾਹਲ ਨੇ ਆਪਣੇ ਸਾਥੀਆਂ ਨਾਲ ਆਮ ਆਦਾਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। 15 ਜਨਵਰੀ ਨੂੰ ਚੰਡੀਗੜ ਆਮ ਆਦਮੀ ਪਾਰਟੀ ਦੇ ਦਫਤਰ ਵਿੱਚ ਪੰਜਾਬ ਦੇ ਪ੍ਰਧਾਨ ਮੈਂਬਰ ਪਾਰਟੀਮੈਂਟ ਸਰਦਾਰ ਭਗਵੰਤ ਮਾਨ ਅਤੇ ਹੋਰ ਸੀਨੀਅਰ ਆਗੂਆਂ ਦੀ ਰਹਿਨਮਾਈ ਵਿੱਚ ਉੱਘੇ ਸਮਾਜ ਸੇਵੀ ਗੁਰਮੀਤ



ਸਿੰਘ ਚਾਹਲ ਲੁਧਿਆਣਾ ਆਪਣੇ ਸਾਥੀਆਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ। ਗੁਰਮੀਤ ਸਿੰਘ ਚਾਹਲ (Proteciton of Humani Rghts Dal) ਪੀਐਚਆਰਡੀ ਦੇ ਚੇਅਰਮੈਨ ਪੰਜਾਬ ਦੇ ਵੱਖ ਵੱਖ ਜਿਲਿਆਂ ਵਿੱਚ ਬਹੁਤ ਲੰਮੇ ਸਮੇਂ ਤੋਂ ਬਹੁਤ ਸਾਰੇ ਫਰੰਟਾ ਉੱਤੇ ਸਮਾਜ ਸੇਵਾ ਦੇ ਕੰਮ ਕਰਦੇ ਆ ਰਹੇ ਹਨ। ਜਿਵੇ ਕਿ ਗਰੀਬ ਪਰਵਾਰਾਂ ਦੀ ਦੇ ਲੋੜਬੰਦ ਬੱਚਿਆਂ ਦੀਆਂ ਫੀਸਾਂ ਅਤੇ ਇਲਾਜ ਕਰਵਾਉਣ, ਗਰੀਬ ਲੜਕੀਆਂ ਦੇ ਵਿਆਹ ਸ਼ਾਦੀਆਂ ਕਰਾਉਣਾ, ਪ੍ਰਵਾਰਕ ਧਗੜੇ ਨਿਪਟਾਉਣਾ ਵਾਰਗੇ ਬਹੁਤ ਸਾਰੇ ਕੰਮ ਪੀਐਚਆਰਡੀ ਦੇ ਮਾਧਿਅਮ ਰਾਹੀ ਕਰਦੇ ਆ ਰਹੇ ਹਨ। ਉਹਨਾ ਦੇ ਦਸਣ ਅਨੁਸਾਰ ਪੰਜਾਬ ਦੇ ਸਾਰੇ ਹੀ ਜਿਲ੍ਹਿਆਂ ਵਿੱਚ ਉਹਨਾ ਦੇ ਸੰਗਠਨ ਬਹੁਤ ਹੀ ਐਕਟਿਵਲੀ ਹਰ ਵਰਗ ਵਿੱਚ ਕੰਮ ਕਰ ਰਹੇ ਹਨ ਜਿਹਨਾਂ ਦੀ ਮੈਂਬਰਸ਼ਿਪ 70 ਹਜਾਰ ਤੋਂ ਅਧਿਕ ਹੈ। ਪੰਜਾਬ ਵਿੱਚ ਉਹਨਾ ਦਾ ਬਹੁਤ ਵੱਡਾ ਸੰਗਠਨ ਕੰਮ ਕਰ ਰਿਹਾ ਹੈ।

**- ਹਰਦੀਪ ਸਿੰਘ ਚੁੰਬਰ**

# ਕੋਰਟ ਕੇਸਾਂ 'ਚ ਉਲਝ ਕੇ ਰਹਿ ਗਈ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ



ਮੇਜਰ ਸਿੰਘ ਨਾਭਾ
91-94635-53962

ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ , ਜੋ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਹੀ ਹੈ ।ਨਵੀਂ ਬਣੀ ਸਰਕਾਰ ਵਲੋਂ ਸਭ ਤੋਂ ਪਹਿਲਾਂ ਉਚੇਰੀ ਸਿੱਖਿਆ ਵਿਭਾਗ ਨੇ ਆਪਣੇ ਵਿਭਾਗ ਦੇ ਮੰਤਰੀ ਸ੍ਰ. ਪ੍ਰਗਟ ਸਿੰਘ ਦੀ ਉਸਾਰੂ ਸੋਚ ਨਾਲ ਕਾਲਜਾਂ ਵਿੱਚ ਵੱਖੋ-ਵੱਖਰੇ ਸ਼੍ਰੇਣੀ ਦੇ ਪ੍ਰੋਫੈਸਰਾਂ ਦੀਆਂ ਮੰਗਾਂ ਨੂੰ ਸੁਣ ਕੇ ਤੁਰੰਤ ਪਹਿਲ ਦੇ ਆਧਾਰ ਤੇ ਖਾ.ਲੀ ਆਸਾਮੀਆਂ ਭਰਨ ਦੇ ਫੈਸ਼ਲੇ ਨੂੰ ਲਾਗੂ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਉਚੇਰੀ ਸਿੱਖਿਆ ਮੰਤਰੀ ਇਸ ਪਹਿਲਕਦਮੀ ਲਈ ਵਧਾਈ ਦੇ ਪਾਤਰ ਹਨ।ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ / ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ ।ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਹੇਠ 45 ਦਿਨ ਵਿੱਚ ਗੁਰੁ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਤੇਜ਼ੀ ਨਾਲ ਕਰਨ ਦੀ ਵਧੀਆ ਗੱਲ ਕੀਤੀ ਸੀ।ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ , ਪਾਰਟ ਟਾਈਮ,ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ ।ਯੂ.ਜੀ.ਸੀ. ਦੇ ਨਿਯਮਾਂ ਅਧੀਨ ਚਲ ਰਹੇ ਪ੍ਰਾਈਵੇਟ ਕਾਲਜਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਲਈ ਵੀ ਤਜ਼ਰਬੇ ਦੇ ਅੰਕਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਸੀ, ਨਾ ਵਿਚਾਰਨ ਦਾ ਕੋਈ ਤਰਕ ਨਹੀਂ ਬਣਦਾ, ਜਦੋਂ ਕਿ ਇਨ੍ਹਾਂ ਆਸਾਮੀਆਂ ਲਈ ਉਹ ਵੀ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ।ਜਦੋਂ ਕਿ ਉਹ ਪੰਜਾਬ ਸਰਕਾਰ ਵਲੋਂ ਲਗਾਈਆਂ ਡਿਊਟੀਆਂ ਜਿਵੇਂ ਚੋਣ ਡਿਊਟੀ , ਮਰਦਮ ਸ਼ੁਮਾਰੀ , ਵੱਖੋ-ਵੱਖਰੇ ਟੈਸਟਾਂ ਦੀ ਪ੍ਰੀਖਿਆ ਡਿਊਟੀ ਆਦਿ ਅਤੇ ਆਪਣੇ ਵਿਭਾਗ ਦੀਆਂ ਪ੍ਰੀਖਿਆਵਾਂ, ਪੇਪਰ ਮਾਰਕਿੰਗ ਆਦਿ ਡਿਊਟੀਆਂ ਭਾਵ ਸਰਕਾਰੀ ਕਾਲਜਾਂ ਦੀਆਂ ਡਿਊਟੀਆਂ ਵਾਂਗ ਨਿਭਾਉਂਦੇ ਹਨ ।ਇਸ ਲਈ ਇਹ ਟੀਚਿੰਗ ਤਜ਼ਰਬੇ ਨੇ ਸਾਰੀ ਭਰਤੀ ਪ੍ਰਕ੍ਰਿਆ ਦੇ ਮੁਕੰਮਲ ਹੋਣ ਤੇ ਆਖਰੀ ਸਮੇਂ ਅੜਿਚਨ ਪਾ ਦਿੱਤੀ ਹੈ । ਇਸਤਿਹਾਰ 'ਚ ਇਕੱਲੇ ਸਰਕਾਰੀ ਕਾਲਜ ਦੇ ਤਜ਼ਰਬੇ ਦੀ ਸਬਦਾਵਲੀ ਨੇ ਬਾਅਦ 'ਚ ਹੁਣ ਕਈ ਉਲਝਨਾਂ ਪੈਦਾ ਕਰ ਦਿੱਤੀਆਂ ਹਨ , ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਨੇ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ 'ਚ ਰੋਕ ਲਗਵਾ ਦਿੱਤੀ ਹੈ ।ਇਸ ਬਾਰੇ ਪਹਿਲਾਂ ਹੀ ਮੈਂ ਆਰਟੀਕਲ ਲਿਖ ਚੁੱਕਿਆਂ ਹਾਂ , ਜਿਸ ਦੀ ਸ਼ੰਕਾ ਸੀ ਉਹੀ ਹੋ ਗਿਆ ।ਸਰਕਾਰ ਨੇ ਬਾਅਦ 'ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋਣ ਤੇ ਪੰਜ ਅੰਕਾਂ ਵਾਲੇ ਫੈਸਲੇ ਨੂੰ ਵਾਪਿਸ ਲੈਣ ਦਾ ਪਬਲਿਕ ਨੋਟਿਸ ਰਾਹੀਂ ਸ਼ੋਧ-ਪੱਤਰ ਜਾਰੀ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਹ ਹੁਣ ਅਦਾਲਤ ਦੇ ਫੈਸਲੇ ਤੇ ਨਿਰਭਰ ਕਰਦਾ ਹੈ, ਪੰਜ ਅੰਕ ਤਜ਼ਰਬੇ ਦੇ ਪ੍ਰਾਪਤ ਕਰਕੇ ਸਫਲ ਹੋਏ ਉਮੀਦਵਾਰਾਂ ਲਈ ਸਰਕਾਰ ਕੀ ਰੁਖ ਅਪਣਾਏਗੀ ਇਹ ਵੀ ਦੇਖਣਾ ਹੈ ਜਦੋਂ ਕਿ ਉਹ ਨਿਯੁਕਤੀ ਪੱਤਰ ਵੀ ਪ੍ਰਾਪਤ ਕਰ ਚੁੱਕੇ ਹਨ।ਮਾਣਯੋਗ ਹਾਈ ਕੋਰਟ ਵਲੋਂ ਅਜੇ ਤੱਕ ਤਾਂ ਸੁਣਵਾਈ ਅੱਗੇ ਪਾਈ ਜਾ ਰਹੀ ਹੈ । ਦੂਜੇ ਪਾਸੇ ਦੋ ਤਿੰਨ ਵਿਸ਼ਿਆਂ ਦੀਆਂ ਦੀਆਂ ਲਿਸਟਾਂ ਆਊਟ ਨਾ ਹੋਣ ਕਰਕੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ ਜਦੋਂ ਕਿ ਹੋਰ ਵਿਸ਼ਿਆਂ ਦੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ ।ਕੁਝ ਤਾਂ ਸ਼ਟੇਸ਼ਨ ਅਲਾਟ ਹੋਣ ਤੇ ਕਾਲਜਾਂ ਵਿੱਚ ਹਾਜ਼ਰ ਵੀ ਹੋ ਚੁੱਕੇ ਹਨ । ਹੁਣ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਹੈ ਜੋ ਕਿ ਮਾਣਯੋਗ ਹਾਈ ਕੋਰਟ ਦੇ ਫੈਸਲੇ ਤੇ ਨਿਰਭਰ ਕਰਦਾ ਹੈ।ਕਈ ਰਾਜਨੀਤਕ ਨੇਤਾ ਇਸ ਨੂੰ ਵੱਡਾ ਘਪਲਾ ਦੱਸ ਕੇ ਸਿੱਖਿਆ ਮੰਤਰੀ ਦਾ ਅਸਤੀਫਾ ਮੰਗ ਰਹੇ ਸੀ ਜੋ ਕਿ ਪੰਜਾਬ ਦੇ ਨੋਜਵਾਨਾਂ ਨੂੰ ਮਿਲਦੇ ਰੁਜ਼ਗਾਰ ਤੋਂ ਖੁਸ਼ ਨਹੀਂ ਲੱਗਦੇ, ਸਿਰਫ ਵੋਟਾਂ ਦੀ ਰਾਜਨੀਤੀ ਖੇਡਦੇ ਨਜ਼ਰ ਆਉਂਦੇ ਹਨ ।ਇਸ ਪ੍ਰਕ੍ਰਿਆ ਵਿੱਚ ਰਾਜਨੀਤਕ ਲੋਕਾਂ ਦੀ ਸਮੂਲੀਅਤ ਦੀ ਦੂਰ ਦੀ ਗੱਲ ਸੀ ਕਿਉਂ ਕਿ ਕੋਈ ਇੰਟਰਵਿਊ ਕਮੇਟੀ ਦੇ ਅੰਕ ਬਗੈਰਾ ਨਹੀਂ ਰੱਖੇ ਗਏ ,ਜਿਥੇ ਕਿ ਪਹੁੰਚ ਵਾਲੇ ਲੋਕਾਂ ਲਈ ਲਾਹੇਵੰਦ ਹੋਣਾ ਸੀ , ਜੋ ਨਹੀਂ ਹੋਇਆ ।

ਇਸੇ ਕਰਕੇ ਇਹ ਭਰਤੀ ਦਾ ਪਾਰਦਰਸ਼ੀ ਕੰਮ ਤੇਜ਼ੀ ਨਾਲ ਹੋ ਰਿਹਾ ਵੀ ਉਨ੍ਹਾਂ ਨੂੰ ਹਜ਼ਮ ਨਹੀਂ ਆ ਰਿਹਾ ।ਉਹ ਲੋਕ ਪੰਜਾਬ ਦੀ ਭਲਾਈ ਨਹੀਂ ਚਾਹੁੰਦੇ ਸਗੋਂ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਝੂਠੇ ਝਾਂਸਿਆਂ 'ਚ ਫਸਾਉਣਾ ਚਾਹੁੰਦੇ ਹਨ । ਉਚੇਰੀ ਸਿੱਖਿਆ ਦੇ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਬਹੁਤ ਕਾਬਲ ਅਧਿਕਾਰੀ ਹਨ , ਉਨ੍ਹਾਂ ਨੂੰ ਜਰੂਰ ਇਸ ਬਾਰੇ ਗੰਭੀਰਤਾ ਨਾਲ ਸੋਚ ਕੇ ਕੋਈ ਵਿਚਕਾਰਲਾ ਰਾਹ ਕੱਢ ਕੇ ਸਫਲ ਉਮੀਦਵਾਰਾਂ ਦੀਆਂ ਚਿਰਾਂ ਤੋਂ ਲਟਕ ਰਹੀਆਂ ਆਸਾਂ ਨੂੰ ਬੂਰ ਪਾਉਣਾ ਚਾਹੀਦਾ ਹੈ ।ਬਹੁਤ ਸਾਰੀਆਂ ਕੈਟਾਗਰੀਆਂ ਦੀਆਂ ਪੋਸਟਾਂ ਵੱਡੀ ਗਿਣਤੀ ਵਿੱਚ ਖਾਲੀ ਰਹਿ ਗਈਆਂ ਹਨ , ਉਨ੍ਹਾਂ ਖਾਲੀ ਪੋਸਟਾਂ ਨੂੰ ਭਰ ਕੇ ਜੇ ਕਿਸੇ ਤਰ੍ਹਾਂ ਮਸਲਾ ਹੱ.ਲ ਹੋ ਜਾਵੇ ਤਾਂ ਵੀ ਚੰਗਾ ਹੈ ।

ਪੰਜਾਬ ਅੰਦਰ ਉੱਚ ਵਿਦਿਆ ਦੇ ਰਹੇ ਸਰਕਾਰੀ ਕਾਲਜਾਂ ਅੰਦਰ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਕਾਲਜ ਅ ਧਿਆਪਕਾਂ ਦੀ ਰੈਗੂਲਰ ਭਰਤੀ ਹੀ ਨਹੀਂ ਕੀਤੀ।ਇਹ ਪਿਛਲੇ ਵੀਹ ਸਾਲਾਂ 'ਚ ਰਾਜ ਕਰਨ ਵਾਲੀਆਂ ਸਰਕਾਰਾਂ ਦੇ ਆਪਣੇ ਆਪਣੇ ਸਮੇਂ ਦੌਰਾਣ ਵਿਕਾਸ ਦੇ ਸਬਜ਼ਬਾਗ ਦਿਖਾਉਣ ਵਾਲੀਆਂ ਸਰਕਾਰਾਂ ਲਈ ਸ਼ਰਮ ਵਾਲੀ ਗੱਲ ਰਹੀ ਹੈ ਕਿਉਂ ਕਿ ਇਨ੍ਹਾਂ ਨੇ ਥੋੜੀਆਂ ਤਨਖਾਹਾਂ ਤੇ ਇਨ੍ਹਾਂ ਕਾਲਜ ਅਧਿਆਪਕਾਂ ਦੀ ਗੈਰ-ਮਿਆਰੀ ਭਰਤੀ ਕਰਕੇ ਕਈ ਉਲਝਣਾਂ ਖੜ੍ਹੀਆਂ ਕਰ ਦਿੱਤੀਆਂ ਹਨ। ਨਵੇਂ ਬਣੇ ਉਚੇਰੀ ਸਿੱਖਿਆ ਮੰਤਰੀ ਸ. ਪ੍ਰਗਟ ਸਿੰਘ ਆਪਣੀ ਨਵੀਂ ਉਸਾਰੂ ਸੋਚ ਨੂੰ ਅਮਲੀ ਰੂਪ ਦਿੰਦੇ ਹੋਏ ਇਸ ਭਰਤੀ ਨੂੰ ਤੇਜ਼ੀ ਨਾਲ ਸਿਰੇ ਲਾਉਣ ਦਾ ਯਤਨ ਕੀਤਾ , ਉਹ ਹੋ ਨਹੀਂ ਸਕਿਆ ।ਕਹਿ ਸਕਦੇ ਹਾਂ ਕਿ ਸ਼੍ਰ. ਪ੍ਰਗਟ ਸਿੰਘ ਗੇਂਦ ਨੂੰ ਤੇਜ਼ੀ ਨਾਲ ਲੈ ਕੇ ਜਰੂਰ ਗਏ ਪਰ ਗੋਲ ਨਾ ਕਰ ਸਕੇ, ਸਗੋਂ ਖੁੰਝ ਗਏ ।ਪਰ ਫਿਰ ਆਸ ਕਰਦੇ ਹਾਂ ਕਿ ਸਰਕਾਰ ਆਪਣਾ ਪੱਖ ਮਜਬੂਤੀ ਨਾਲ ਰੱਖ ਕੇ ਸਟੇਅ ਨੂੰ ਤੜਵਾਉਣ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਇਹ ਭਰਤੀ ਜਲਦੀ ਸਿਰੇ ਚੜ੍ਹ ਜਾਵੇ ਜਿਸ ਨਾਲ ਸਫਲ ਉਮੀਦਵਾਰਾਂ ਨੂੰ ਰੁਜ਼ਗਾਰ ਮਿਲ ਸਕੇ ।ਰਾਜ ਅੰਦਰ ਚੋਣ ਜਾਬਤਾ ਲੱਗ ਜਾਣ ਕਰਕੇ ਸਫਲ ਉਮੀਦਵਾਰ ਹੋਰ ਵਧੇਰੇ ਚਿੰਤਾ 'ਚ ਹਨ ।ਆਸ ਹੈ ਕਿ ਉੱਚ ਅਦਾਲਤ ਇਨ੍ਹਾਂ ਸਫਲ ਉਮੀਦਵਾਰਾਂ ਨੂੰ ਜਰੂਰ ਰਾਹਤ ਦੇਵੇਗੀ , ਜਿਨ੍ਹਾਂ ਖਿਲਾਫ ਕੋਈ ਸ਼ਿਕਾਇਤ ਨਹੀਂ ।ਅਗਰ ਰਿੱਟਾਂ ਕਰਨ ਵਾਲੇ ਉਮੀਦਵਾਰਾਂ ਲਈ ਕੋਈ ਰਾਹਤ ਦੀ ਗੱਲ ਹੈ , ਉਹ ਕੋਰਟ ਦੇ ਫੈਸ਼ਲੇ ਤੇ ਛੱਡ ਦੇਣੀ ਚਾਹੀਦੀ ਹੈ । ਐਡੀ ਵੱਡੀ ਪਰਕ੍ਰਿਆ ਨੂੰ ਬਹੁਤ ਸਾਲਾਂ ਬਾਅਦ ਬਹੁਤ ਘੱਟ ਸੀਮਤ ਸਮੇਂ ਵਿੱਚ ਨੇਪਰੇ ਚਾੜ੍ਹਨਾ ਮਹਿਕਮੇ ਦੀ ਵੱਡੀ ਪ੍ਰਾਪਤੀ ਜਰੂਰ ਹੈ ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਰਤੀ ਨਿਰੋਲ ਪਾਰਦਰਸ਼ੀ ਢੰਗ ਨਾਲ ਹੋਈ ਹੈ । ਸਿਫਾਰਸ਼ ਦੀ ਗੁੰਜਾਇਸ਼ ਨਾ ਹੋਣ ਕਰਕੇ ਵੀ ਕਈਆਂ ਨੂੰ ਐਨੀ ਜਲਦੀ ਭਰਤੀ ਕਰਨ ਕਰਕੇ ਵੀ ਇਹ ਗੱ.ਲ ਹਜ਼ਮ ਨਹੀਂ ਆ ਰਹੀ । ਆਸ ਹੈ ਕਿ ਸਿੱਖਿਆ ਸਕੱਤਰ ਇਨ੍ਹਾਂ ਗੈਸਟ ਫੈਕਲਟੀ / ਪਾਰਟ ਟਾਈਮ / ਠੇਕਾ ਅਧਾਰਤ ਪ੍ਰੋਫੈਸਰਾਂ ਦੀਆਂ ਸੇਵਾਵਾਂ ਨੂੰ ਵੀ ਰੈਗੂਲਰ ਕਰਨ ਜਾਂ ਤਨਖਾਹਾਂ 'ਚ ਵਾਧਾ ਕਰਕੇ ਲੋੜੀਂਦੀ ਕਾਰਵਾਈ ਕਰਨ ਦੇ ਨਾਲ ਇਨ੍ਹਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਵੀ ਠੋਸ ਨੀਤੀ ਬਣਾ ਕੇ ਇਨ੍ਹਾਂ ਵਲੋਂ ਲੰਬਾ ਸਮੇਂ ਤੋਂ ਨਿਭਾਈਆਂ ਸੇਵਾਵਾਂ ਦੀ ਕਦਰ ਕਰਨਗੇ ।

# ਬਸੰਤ ਪੰਚਮੀ ਤਿਨ੍ਹ ਬਸੰਤੁ ਜੋ ਹਰਿ ਗੁਣ ਗਾਇ ਜ਼ਜ਼

ਵਿਨੋਦ ਫ਼ਕੀਰਾ
ਸਟੇਟ ਐਵਾਰਡੀ,
91-98721 97326

ਬਸੰਤ ਰੁੱਤ ਦਾ ਆਉਣਾ ਠੰਡ ਦੀ ਰੁੱਤ ਖ਼ਤਮ ਹੋਣ ਦੀ ਨਿਸ਼ਨੀ ਵੀ ਮੰਨੀ ਜਾਂਦੀ ਹੈ । ਕਿਉਂਕਿ ਪੁਰਾਣੀ ਕਹਾਵਤ ਚੱਲੀ ਆ ਰਹੀ ਹੈ" ਆਈ ਬਸੰਤ ਪਾਲਾ ਉਡੰਤ" ਇਸ ਰੁੱਤ ਵਿੱਚ ਰੁੱਖਾਂ, ਪੋਦਿਆਂ ਤੇ ਝੜੇ ਹੋਏ ਪੱਤੇ ਅਤੇ ਫੱਲ, ਫੂਲ ਪੂਗ੍ਰੰ ਭਾਵ ਬੂਰ ਪੈਂਦਾ ਹੈ। ਹਰੇਕ ਮਨੁੱਖ ਆਪਣੇ ਸਰੀਰ ਵਿੱਚ ਨਵੀਂ ਫੁਰਤੀ ਦਾ ਅਹਿਸਾਸ ਮਹਿਸੂਸ ਕਰਨ ਲਗਦਾ ਹੈ। ਸਾਰੀਆਂ ਰੁੱਤਾਂ ਦਾ ਇਸ ਬਸੰਤ ਰੁੱਤ ਨੂੰ ਰਾਜਾ ਵੀ ਮੰਨਿਆ ਜਾਂਦਾ ਹੈ ਕਿਉਂਕਿ ਹਰ ਪਾਸੇ ਫੁਲਾਂ ਦੀ ਬਹਾਰ ਹੁੰਦੀ ਹੈ। ਸਰੋਂ ਦੇ ਖੇਤ ਖਿੜੇ ਫੁਲਾਂ ਦਾ ਵੱਖਰਾ ਹੀ ਮਨਮੋਹਿਕ ਦ੍ਰਿਸ਼ ਨਜ਼ਰ ਆਉਂਦਾ ਹੈ। ਬਸੰਤ ਦੀ ਆਉਣ ਦੀ ਖੁਸ਼ੀ ਦਾ ਤਿਉਹਾਰ ਬਸੰਤ ਪੰਚਮੀ ਮਾਘ ਮਹੀਨੇ ਦੀ ਸੁ ਪੱਖ ਦੀ 5 ਤੀਥੀ ਨੂੰ ਮਨਾਇਆ ਜਾਂਦਾ ਹੈ। ਇਸ ਲਈ ਇਸ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ।ਬਸੰਤ ਪੰਚਮੀ ਵਾਲੇ ਦਿਨ ਲੋਕਾਂ ਵਲੋਂ ਪੀਲੇ ਰੰਗ ਦੇ ਕਪੜੇ ਪਾਏ ਜਾਂਦੇ ਹਨ ਅਤੇ ਘਰਾਂ ਵਿੱਚ ਖਾਣੇ ਵਿੱਚ ਪੀਲੇ ਰੰਗ ਦੇ ਪਕਵਾਨ ਬਣਦੇ ਹਨ। ਇਸ ਦਿਨ ਬੱਚਿਆਂ, ਨੋਜਵਾਨਾਂ ਅਤੇ ਅੱਜ ਕੱਲ ਮੁੱਟਿਆਰਾਂ ਵੱਲੋਂ ਵੀ ਰੰਗ ਬਰੰਗੇ ਪਤੰਗ ਉਡਾਉਣ ਨਾਲ ਇਸ ਤਿਉਹਾਰ ਦੀ ਖੁੱਸ਼ੀ ਮਨਾਈ ਜਾਂਦੀ ਹੈ।



ਬਸੰਤ ਪੰਚਮੀ ਵਿਦਿਆ ਦੀ ਦੇਵੀ ਮਾਤਾ ਸਰਸਵਤੀ ਦੀ ਪੂਜਾ ਕਰਕੇ ਕੀਤੀ ਜਾਂਦੀ ਹੈ। ਰਾਸ਼ਟਰੀ ਪੱਧਰ ਤੇ ਬੰਗਾਲ ਬਿਹਾਰ ਤਰੀਪੁਰਾ ਰਾਜਾਂ ਵਿੱਚ ਧੂਮਧਾਮ ਨਾਲ ਮਨਾਈ ਜਾਂਦੀ ਹੈ। ਮਾਨਤਾ ਇਹ ਵੀ ਹੈ ਕਿ ਮਾਤਾ ਸਰਸਵਤੀ ਦੀ ਵੀਨਾ ਦੀ ਆਵਾਜ ਨਾਲ ਨਵ ਜਨਮੇ ਬੱਚਿਆਂ ਵਿੱਚ ਅਵਾਜ ਦਾ ਸੁਰ ਪੈਦਾ ਹੁੰਦਾ ਹੈ ।

ਬਸੰਤ ਰੁੱਤ ਨੂੰ ਗੁਰੂ ਸਾਹਿਬਾਨ ਨੇ ਵੀ ਬਹੁਤ ਮਹਾਨਤਾ ਦਿੱਤੀ ਹੈ ਬਸੰਤ ਰੁੱਤ ਨੂੰ ਮੁੱਖ ਰੱਖਦੇ ਹੋਏ ਗੁਰਮਤਿ ਅਨੁਸਾਰ ਮਾਘ ਮਾਹੀਨੇ ਦੀ ਸੰਗਰਾਂਦ ਤੋਂ ਲੈ ਕੇ ਫੱਗਣ ਮਹੀਨੇ ਤੱਕ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ ਤੇ ਹੌਲੇ ਮੌਹਲੇ ਦੇ ਨਜ਼ਦੀਕ ਇਸ ਰਾਗ ਦੀ ਸਮਾਪਤੀ ਕੀਤੀ ਜਾਂਦੀ ਹੈ। ਗੁਰੂ ਦੀ ਇਬਾਦਤ ਬਸੰਤ ਰਾਗ ਵਿੱਚ ਕੀਤੀ ਜਾਂਦੀ ਹੈ। ਬਸੰਤ ਰਾਗ ਵਿੱਚ ਮਿਸ਼ਰਤ ਰਾਗ, ਬਸੰਤ ਬਹਾਰ, ਬਸੰਤ ਹਿੰਡੋਲ, ਸੁਧ ਬਸੰਤ, ਗੋਪਿਕਾ ਬਸੰਤ ਜੋ ਵੀ ਬਸੰਤ ਨਾਲ ਸਬੰਧਤ ਰਾਗ ਹੁੰਦੇ ਹਨ ਉਨ੍ਹਾਂ ਦਾ ਗਾਇਨ ਕੀਤਾ ਜਾਂਦਾ ਹੈ । ਇਹ ਰਾਗ ਸਦਾ ਸੁਹਾਗਣ ਰਹਿਣ ਵਾਲਾ ਹੈ।ਇਸ ਦਾ ਗਾਇਨ ਸਮਾਂ ਰਾਤ ਦਾ ਅੰਤਮ ਪਹਿਰ ਹੈ ਪਰ ਇਹ ਦਿਨ ਜਾਂ ਰਾਤ ਵਿੱਚ ਕਿਸੇ ਸਮੇਂ ਵੀ ਗਾਇਆ ਵਜ-ਾਇਆ ਜਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀੰ ਵਿਚ ਕਰਮ ਅਨੁਸਾਰ 25ਵਾਂ ਰਾਗ ਹੈ।ਇਸ ਰਾਗ ਦੇ ਸਿਰਲੇਖ ਹੇਠ ਪੰਜ ਗੁਰੂ ਸਾਹਿਬਾਨ ਅਤੇ ਚਾਰ ਭਗਤਾਂ ਦੀਆਂ 99 ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਬਸੰਤ ਪੰਚਮੀ ਤਿਉਹਾਰ ਦੇ ਲਹਿਲ ਪਿੰਡ ਜਿਸ ਦਾ ਨਾਮ ਅੱਜ ਪਟਿਆਲ ਸ਼ਹਿਰ ਹੈ ਇਸ ਸ਼ਹਿਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦੋ ਬਾਰ ਚਰਨ ਛੋਹ ਪ੍ਰਾਪਤ ਹੈ ਜੱਦ ਗੁਰੂ ਜੀ ਦੂਜੀ ਬਾਰ ਦਿੱਲੀ ਵਿਖੇ ਸ਼ਹਾਦਤ ਦੇਣ ਲਈ ਜਾ ਰਹੇ ਸਨ ਤਾਂ ਇਸ ਸਥਾਨ ਤੇ ਰੁੱਕੇ ਜਿੱਥੇ ਹੁਣ ਗੁਰਦੁਆਰਾ ਸ੍ਰੀ ਦੁੱਖ ਨਿਵਾਰਣ ਸਾਹਿਬ ਜੀ ਸ਼ਸ਼ੋਬਿਤ ਹੈ।ਇੱਥੇ ਸਰੋਵਰ ਵਿੱਚ ਇਸਨਾਨ ਕਰਨ ਨਾਲ ਸਰੀਰਕ ਦੁੱਖਾਂ ਤੋਂ ਛੁੱਟਕਾਰਾ ਮਿਲਦਾ ਹੈ। ਉਸ ਸਮੇਂ ਉੱਥੋਂ ਦੇ ਲੋਕਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਸਾਡੇ ਇਸ ਪਿੰਡ ਵਿੱਚ ਕੋਈ ਨਾ ਕੋਈ ਬਿਮਾਰੀ ਫੈਲੀ ਰਹਿੰਦੀ ਹੈ ਜਿਸ ਨਾਲ ਹਰ ਸਾਲ ਕਾਫ਼ੀ ਲੋਕਾਂ ਦੀਆਂ ਜਾਨਾਂ ਚੱਲੀਆਂ ਜਾਂਦੀਆਂ । ਇੱਕ ਬੀਬੀ ਨੇ ਫਰਿਆਦ ਕੀਤੀ ਕਿ ਸਾਡੇ ਇਲਾਕੇ ਵਿੱਚ ਨਵਜੰਮੇ ਬੱਚੇ ਸੋਕੜੇ ਦੀ ਬਿਮਾਰੀ ਕਾਰਨ ਵੀ ਮਰ ਜਾਂਦੇ ਹਨ। ਇਹ ਸਭ ਸੁਣ ਕੇ ਗੁਰੂ ਜੀ ਨੇ ਫਰਮਾਇਆ ਕਿ ਇਸ ਜਗ੍ਹਾ ਇਸਨਾਨ ਕਰਨ ਨਾਲ ਇਨ੍ਹਾਂ ਬਿਮਾਰੀਆਂ ਤੋਂ ਸਭ ਨੂੰ ਨਿਜ਼ਾਇਤ ਮਿਲੇਗੀ । ਇਸ ਲਈ ਬਸੰਤ ਪੰਚਮੀ ਵਾਲੀ ਦਿਨ ਗੁਰਦੁਆਰਾ ਸ੍ਰੀ ਦੁੱਖ ਨਿਵਾਰਣ ਸਾਹਿਬ ਜੀ ਵਿਖੇ ਦੂਰੋਂ ਦੂਰੋਂ ਸੰਗਤਾਂ ਬਹੁ ਗਿਣਤੀ ਵਿੱਚ ਇੱਥੇ ਇਸ ਦਿਨ ਦਰਸ਼ਨ ਕਰਨ ਅਤੇ ਇਸ਼ਨਾਨ ਕਰਨ ਆਉਦੀਆਂ।

ਬਸੰਤ ਪੰਚਮੀ ਵਾਲੇ ਦਿਨ ਦਾ ਇਤਿਹਾਸ ਦਸਮ ਪਿਤਾ ਜੀ ਦੇ ਵਿਆਹ ਪੁਰਬ ਨਾਲ ਵੀ ਜੁੜਿਆ ਹੋਇਆ ਹੈ। ਕਲਗੀਆਂ ਵਾਲੇ ਪਾਤਿਸ਼ਾਹ ਦੀ ਪਹਿਲੀ ਸ਼ਾਦੀ ਮਾਤਾ ਜੀਤੋ ਜੀ ਨਾਲ ਗੁਰੂ ਕੇ ਲਾਹੌਰ ਬਸੰਤ ਪੰਚਮੀ ਵਾਲੇ ਦਿਨ ਹੋਈ ਤਾਂ ਇਸ ਤਿਉਹਾਰ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਲਾਹੌਰ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਈ ਤੇ ਉਸ ਸੰਗਤ ਵਿੱਚ ਇੱਕ ਗੁਰੂ ਜੀ ਦਾ ਲਾਲ ਸਿੱਖ ਆਇਆ ਸੀ ਜਿਸ ਦਾ ਨਾਮ ਭਾਈ ਹਰਜੱਸ ਸੀ। ਮੰਨੋਂਚ ਤਮੰਨਾ ਸੀ ਕਿ ਮੈਂ ਆਪਣੀ ਲੜਕੀ ਨੂੰ ਗੁਰੂ ਘਰ ਦੀ ਦਾਸੀ ਬਣਾ ਦਵਾਂ ਫਿਰ ਸੋਚਿਆ ਉਹ ਤਾਂ ਸ਼ਹਿਨਸ਼ਾਹ ਹਨ ਮੇਰੀ ਬਰਾਬਰੀ ਕਿਵੇਂ ਹੋਵੇਗੀ ਫਿਰ ਸੋਚਿਆ ਸਤਿਗੁਰੂ ਗਰੀਬ ਨਿਵਾਜ ਤੇ ਗਰੀਬਾਂ ਨੂੰ ਨਿਵਾਜਦੇ ਹਨ । ਆਪਣੇ ਦਿਲ ਦੀ ਗੱਲ ਲੈ ਕੇ ਮਾਤਾ ਗੁਜਰੀ ਜੀ ਕੋਲ ਗਏ ਤੇ ਬੇਨਤੀ ਕੀਤੀ ਮਾਤਾ ਜੀ ਮੈਂ ਕਲਗੀਆਂ ਵਾਲੇ ਪਾਤਿਸ਼ਾਹ ਲਈ ਆਪਣੀ ਧੀ ਦਾ ਰਿਸ਼ਤਾ ਲਿਆਇਆ ਹਾਂ ਕ੍ਰਿਪਾ ਕਰਕੇ ਕਬੂਲ ਕਰੋ ਮਾਤਾ ਜੀ ਨੇ ਬੇਨਤੀ ਪ੍ਰਵਾਨ ਕੀਤੀ ਤੇ ਕਿਹਾ ਇਹ ਬੇਨਤੀ ਕਲਗੀਧਰ ਪਾਤਿਸ਼ਾਹ ਨੂੰ ਕਰ ਤਾਂ ਉਨ੍ਹਾਂ ਵਲੋਂ ਦਸਮਪਿਤਾ ਨੂੰ ਬੇਨਤੀ ਕੀਤੀ ਕਿ ਮਹਾਂਰਾਜ ਮੈਂ ਆਪਣੀ ਧੀ ਨੂੰ ਆਪ ਦੇ ਚਰਨਾ ਦੀ ਦਾਸੀ ਬਣਾਉਣਾ ਚਾਹੁੰਦਾ ਹਾਂ। ਗੁਰੂ ਜੀ ਨੇ ਆਖਿਆ ਜੋ ਮਾਤਾ ਜੀ ਦੀ ਮਰਜੀ ਹੈ ਤਾਂ ਇਸੇ ਤਰ੍ਹਾ ਹੀ ਸਹੀ ਰਿਸਤਾ ਜੁੜ ਗਿਆ ਆਪਸੀ ਸਬੰਧ ਜੁੜ ਗਏ ਭਾਈ ਹਰਜੱਸ ਜੀ ਲਾਹੌਰ ਚਲੇ ਗਏ ਮੁੜ ਕੇ ਵਿਆਹ ਦੀ ਤਾਰੀਖ ਮਿਥਣ ਲਈ ਆਏ ਤੇ ਸਤਿਗੁਰਾਂ ਨੂੰ ਬਰਾਤ ਲਾਹੌਰ ਲੈ ਕੇ ਆਉਣ ਲਈ ਕਿਹਾ ਤੇ ਆਖਿਆ ਲਾਹੌਰ ਆਉਣ ਤੇ ਮੈਂ ਤੁਹਾਡੀ ਸੇਵਾ ਟਹਿਲ ਕਰਾਂਗਾ । ਕਲਗੀਧਰ ਪਾਤਿਸ਼ਾਹ ਕਹਿੰਦੇ ਅਸਾਂ ਲਾਹੌਰ ਨਹੀਂ ਜਾਣਾ ਲਾਹੌਰ ਹੀ ਇੱਥੇ ਹੀ ਲੈ ਆਉਣਾ ਹੈ। ਇਹ ਸੁਣਕੇ ਹਰਜੱਸ ਜੀ ਨੇ ਹੈਰਾਨੀ ਨਾਲ ਪੁੱਛਿਆ ਮਹਾਂਰਾਜ ਲਾਹੌਰ ਇੱਥੇ ਕਿਵੇਂ ਆ ਜਾਵੇਗਾ ਵਿਆਹ ਵਿੱਚ ਤਾਂ ਥੋੜੇ ਹੀ ਦਿਨ ਰਹਿੰਦੇ ਹਨ। ਗੁਰੂ ਜੀ ਕਹਿੰਦੇ ਆ ਜਾਵੇਗਾ ਤੁਸੀਂ ਆਪਣੇ ਸਾਰੇ ਰਿਸ਼ਤੇਦਾਰ ਸਕੇ ਸਬੰਧੀ ਲੈ ਕੇ ਇੱਥੇ ਆ ਜਾਵੋ ਅਸਾਂ ਇੱਥੇ ਹੀ ਲਾਹੌਰ ਵਸਾ ਲਵਾਂਗੇ ਜੋ ਗੁਰੂ ਕਾ ਲਾਹੌਰ ਹੋਵੇਗਾ। ਗੁਰੂ ਕਾ ਲਾਹੌਰ ਵਿਖੇ ਦੁਕਾਨਾਂ ਲਗਾਈਆਂ ਗਈਆਂ, ਨੇੜੇ ਪੈਂਦੇ ਵੱਡੇ ਸ਼ਹਿਰਾਂ ਤੋਂ ਸੁਨਿਆਰਿਆਂ, ਬਜਾਜੀ ਵਾਲੇ ਵਪਾਰੀਆਂ ਨੂੰ ਅਤੇ ਹੋਰ ਲੋੜੀਂਦੇ ਸਮਾਨ ਦੀ ਖਰੀਦ ਕਰਨ ਲਈ ਗੁਰੂ ਕੇ ਲਾਹੌਰ ਵਿਖੇ ਆਪਣਾ ਕਾਰੋਬਾਰ ਚਲਾਉਣ ਲਈ ਸੱਦਾ ਭੇਜਿਆ ਗਿਆ ਜਿਸ ਨੂੰ ਮੰਨ ਕੇ ਗੁਰੂ ਕਾ ਲਾਹੌਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਜ਼ਾਰ ਲੱਗ ਗਏ। ਸਿੱਖਾਂ ਨੂੰ ਬਹੁਤ ਖੁੱਸ਼ੀ ਸੀ ਕਿ ਕਲਗੀਆਂ ਵਾਲੇ ਪਾਤਸ਼ਾਹ ਦੇ ਜੰਝ ਚੜਨਾ ਹੈ।

ਰਵਾਇਤਾਂ ਅਨੁਸਾਰ ਬਰਾਤ ਚੜੀ ਤੇ ਸਾਰੇ ਕਾਰਵਿਹਾਰ ਮਨਾਏ ਗਏ ਇਸੇ ਲਈ ਬਸੰਤ ਪੰਚਮੀ ਵਾਲੇ ਦਿਨ ਗੁਰੂ ਕਾ ਲਾਹੌਰ ਵਿੱਚ ਸੰਗਤਾਂ ਗੁਰੂ ਜੀ ਦੇ ਵਿਆਹ ਪੁਰਬ ਤੇ ਹੁੰਮ ਹੁੰਮਾਂ ਕੇ ਪਹੁੰਚਦੀਆਂ ਹਨ।

ਬਸੰਤ ਪੰਚਮੀ ਵਾਲੇ ਦਿਨ ਹੀ ਅੰਗਰੇਜ਼ ਹੁਕਮਤ ਨੇ 49 ਨਾਮਧਾਰੀ ਸਿੱਖਾਂ ਨੂੰ ਮਲੇਰਕੋਟੇਲੇ ਵਿਖੇ ਤੋਪਾਂ ਅੱਗੇ ਬੰਨ ਕੇ ਬਰੂਦ ਨਾਲ ਤੂੰਬਾ ਤੂੰਬਾ ਕਰਕੇ ਉਡਾਇਆ ਗਿਆ ਅਤੇ 1 ਨਾਮਧਾਰੀ ਸਿੱਖ ਨੂੰ ਕ੍ਰਿਪਾਨ ਨਾਲ ਕਤਲ ਕਰ ਦਿੱਤਾ ਗਿਆ। ਇਸ ਨੂੰ ਕੂਕਾ ਲਹਿਰ ਦੇ ਨਾਮ ਨਾਲ ਅੱਜ ਵੀ ਜਾਣਿਆ ਜਾਂਦਾ ਹੈ।

ਇਸ ਦਿਨ ਨਾਲ ਸਬੰਧਤ ਇੱਕ ਪੁਰਾਣਾ ਇਤਿਹਾਸ ਵੀ ਜੁੜਿਆ ਹੈ ਕਿ ਸਿਆਲਕੋਟ ਵਿਖੇ ਭਾਈ ਬ ਖੱਤਰੀ ਦੇ ਘਰ ਇੱਕ ਬੱਚੇ ਨੇ ਜਨਮ ਲਿਆ ਜਿਸ ਦਾ ਨਾਮ ਹਕੀਕਤ ਰਾਏ ਰੱਖਿਆ ਗਿਆ ਜੱਦ ਹਕੀਕਤ ਰਾਏ ਜਵਾਨ ਹੋਇਆ ਤਾਂ ਇਸ ਦੀ ਸ਼ਾਦੀ ਇੱਕ ਗੁਰਸਿੱਖ ਦੀ ਲੜਕੀ ਨਾਲ ਕੀਤੀ ਗਈ ਉਸ ਕੋਲੋਂ ਸਿੱਖੀ ਦੀ ਐਸੀ ਜਾਗ ਲੱਗੀ ਗਈ ਕਿ ਮੰਨ ਵਿੱਚ ਗੁਰੂ ਮਰਿਆਦਾ ਪ੍ਰਤੀ ਸਤਿਕਾਰ ਵੱਧਦਾ ਗਿਆ ਉਹ ਫਾਰਸੀ, ਉਰਦੂ ਦੇ ਮਾਹਿਰ ਸੀ ਹਕੀਕਤ ਰਾਏ ਸਹਿਜਧਾਰੀ ਸਿੱਖ ਹੋਣ ਕਰਕੇ ਕਾਜੀ, ਮੁਲਾਨਿਆਂ ਵੱਲੋਂ ਦੇਵੀ ਮਾਂ ਦਾ ਮਜਾਕ ਉਡਾਉਣ ਤੇ ਉਨ੍ਹਾਂ ਦਾ ਹਕੀਕਤ ਰਾਏ ਵਲੋਂ ਵਿਰੋਧ ਕੀਤਾ ਤਾਂ ਉਸ ਨੂੰ ਫੜ੍ਹ ਕੇ ਵਜੀਰ ਕੋਲ ਲੈ ਗਏ ਤੇ ਵਜੀਰ ਵੱਲੋਂ ਸਾਰਾ ਮਾਮਲਾ ਵਾਚਣ ਉਪਰੰਤ ਉਸ ਨੂੰ ਰਿਹਾ ਕਰ ਦਿੱਤਾ ਗਿਆ।

ਪਰੰਤੂ ਉਸ ਨਾਲ ਮੁਸਲਮਾਨਾਂ ਵਲੋਂ ਰੜਕ ਰੱਖਣੀ ਨਾ ਛੱਡੀ ਤੇ ਮੁੜ ਉਸ ਨੂੰ ਸ਼ਾਹੀ ਦਰਬਾਰ ਵਿੱਚ ਇਸੇ ਜ਼ੁਲਮ ਤਹਿਤ ਪੇਸ਼ ਕੀਤਾ ਗਿਆ। ਸਾਰੇ ਲੋਕ ਜਾਣਦੇ ਸਨ ਕਿ ਹੁਣ ਇਸ ਦੀ ਜਾਨ ਬਖਸ਼ੀ ਨਹੀਂ ਕੀਤੀ ਜਾਵੇਗੀ। ਜੱਦ ਸਾਰਾ ਵਾਕਿਆ ਸ਼ਾਹੀ ਦਰਬਾਰ ਵਿੱਚ ਦੱਸਿਆ ਗਿਆ ਤਾਂ ਹਕੀਕਤ ਰਾਏ ਨੂੰ ਧਰਮ ਬਦਲ ਕੇ ਜਾਨ ਦੀ ਸਲਾਮਤੀ ਲਈ ਕਿਹਾ ਤਾਂ ਉਹ ਨਹੀਂ ਮੰਨਿਆ ਹਕੀਕਤ ਰਾਏ ਨੂੰ ਗੁਰਬਾਣੀ ਦਾ ਜਾਪ ਕਰਦਿਆਂ ਸਿੰਘਾਂ ਦੀਆਂ ਦਿੱਤੀਆਂ ਕੁਰਬਾਨੀਆਂ ਯਾਦ ਆ ਗਈਆਂ ਜਿਨ੍ਹਾਂ ਨੇ ਧਰਮ ਨਹੀਂ ਬਦਲਿਆ ਬਲਕਿ ਕੁਦਰਤ ਦਾ ਭਾਣਾ ਮੰਨ ਕੇ ਸ਼ਹੀਦੀਆਂ ਦਿੱਤੀਆਂ ਸਨ।

ਉਸ ਨੂੰ ਬਾਰ ਬਾਰ ਕਹਿਣ ਤੇ ਵੀ ਧਰਮ ਤਬਦੀਲੀ ਨਾ ਕਰਨ ਦੇ ਬਦਲੇ ਧੜ ਤੋਂ ਸਿਰ ਕਲਮ ਕਰਨ ਦੀ ਸਜ਼ਾ ਸੁਣਾ ਦਿੱਤੀ ਤੇ 1741 ਨੂੰ ਚੌਂਕ ਵਿੱਚ ਬਸੰਤ ਪੰਚਮੀ ਵਾਲੇ ਦਿਨ ਹਕੀਕਤ ਰਾਏ ਦਾ ਸਿਰ ਕਲਮ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਸ ਲਈ ਬਸੰਤ ਪੰਚਮੀ ਦਾ ਤਿਉਹਾਰ ਸਾਰਿਆਂ ਵੱਲੋਂ ਮਿਲ ਕੇ ਆਪਣੀ ਆਪਣੀ ਮਰਿਆਦਾ ਅਨੁਸਾਰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਹਿੰਦੂ ਸਿੱਖ ਭਾਈਵਾਲਤਾ ਦਾ ਸਾਝੇ ਤਿਉਹਾਰ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।


# ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਚੋਣਾਂ ਮੁਲਤਵੀ, 14 ਫਰਵਰੀ ਦੀ ਬਜਾਏ 20 ਫਰਵਰੀ ਨੂੰ ਹੋਣਗੀਆਂ ਵੋਟਾਂ

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਲਈ ਹੁਣ 14 ਫਰਵਰੀ ਦੀ ਬਜਾਏ 16 ਫਰਵਰੀ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 10 ਮਾਰਚ ਨੂੰ ਹੋਵੇਗੀ।

ਚੰਡੀਗੜ 17 ਜਨਵਰੀ- ਚੋਣ ਕਮਿਸ਼ਨ ਨੇ ਸੋਮਵਾਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁਲਤਵੀ ਕਰਨ ਦੇ ਆਪਣੇ ਫੈਸਲੇ ਦਾ ਐਲਾਨ ਕਰ ਦਿੱਤਾ ਹੈ ਅਤੇ ਹੁਣ ਸੂਬੇ ਵਿੱਚ ਮਤਦਾਨ ਮੂਲ ਰੂਪ ਵਿੱਚ 14 ਦੀ ਬਜਾਏ 20 ਫਰਵਰੀ ਨੂੰ ਹੋਵੇਗਾ। ਗੁਰੂ ਰਵਿਦਾਸ ਜਯੰਤੀ ਦੇ ਮੱਦੇਨਜ਼ਰ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀਆਂ ਪੰਜਾਬ ਦੀਆਂ ਸਿਆਸੀ ਪਾਰ-ਟੀਆਂ ਅਤੇ ਆਗੂਆਂ ਦੀਆਂ ਮੰਗਾਂ 'ਤੇ ਵਿਚਾਰ ਕਰਨ ਲਈ ਸੋਮਵਾਰ ਸਵੇਰੇ ਚੋਣ ਕਮਿਸ਼ਨ ਦੀ ਮੀਟਿੰਗ ਤੋਂ ਬਾਅਦ ਇਹ ਫੈਸਲਾ ਲਿਆ ਗਿਆ।

ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁਲਤਵੀ ਕਰਨ ਦੀ ਬੇਨਤੀ ਕਾਂਗਰਸ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਸਮੇਤ ਕਈ ਪਾਰਟੀਆਂ ਵੱਲੋਂ ਚੋਣ ਪੈਨਲ ਕੋਲ ਰੱਖੀ ਗਈ ਸੀ। ਸੂਤਰਾਂ ਨੇ ਦੱਸਿਆ ਕਿ ਇਹ ਬੇਨਤੀ ਇਸ ਲਈ ਕੀਤੀ ਗਈ ਸੀ ਕਿਉਂਕਿ 16 ਫਰਵਰੀ ਨੂੰ ਗੁਰੂ ਰਵਿਦਾਸ ਦੇ ਜਨਮ ਦਿਵਸ ਦੇ ਮੱਦੇਨਜ਼ਰ ਰਾਜ ਤੋਂ ਅਨੁਸੂਚਿਤ ਜਾਤੀ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਦੇ ਵਾਰਾਣਸੀ ਆਉਣ ਦੀ ਸੰਭਾਵਨਾ ਹੈ।

ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਚੰਨੀ ਨੇ ਚੋਣ ਕਮਿਸ਼ਨ ਨੂੰ ਗੁਰੂ ਰਵਿਦਾਸ ਜੈਅੰਤੀ ਦੇ ਮੱਦੇਨਜ਼ਰ 14 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਛੇ ਦਿਨਾਂ ਲਈ ਮੁਲਤਵੀ ਕਰਨ ਦੀ ਅਪੀਲ ਕੀਤੀ ਸੀ। ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰ ਨੂੰ ਲਿਖੇ ਪੱਤਰ ਵਿੱਚ ਚੰਨੀ ਨੇ ਲਿਖਿਆ ਕਿ ਸੂਬੇ ਦੀ 32 ਫੀਸਦੀ ਆਬਾਦੀ ਵਾਲੇ ਅਨੁਸੂਚਿਤ ਜਾਤੀ ਭਾਈਚਾਰੇ ਦੇ ਕੁਝ ਨੁਮਾਇੰਦਿਆਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ 16 ਫਰਵਰੀ ਨੂੰ ਹੈ।




ਚੰਨੀ ਨੇ ਲਿਖਿਆ, ਇਸ ਮੌਕੇ 'ਤੇ, ਰਾਜ ਤੋਂ ਵੱਡੀ ਗਿਣਤੀ ਵਿੱਚ ਅਨੁਸੂਚਿਤ ਜਾਤੀ ਦੇ ਸ਼ਰਧਾਲੂ (ਲਗਭਗ 20 ਲੱਖ) ਉੱਤਰ ਪ੍ਰਦੇਸ਼ ਦੇ ਬਨਾਰਸ ਵਿੱਚ 10 ਤੋਂ 16 ਫਰਵਰੀ ਤੱਕ ਆਉਣ ਦੀ ਸੰਭਾਵਨਾ ਹੈ। ਉਨ੍ਹਾਂ 13 ਜਨਵਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਅਜਿਹੀ ਸਥਿਤੀ ਵਿੱਚ ਇਸ ਭਾਈਚਾਰੇ ਦੇ ਬਹੁਤ ਸਾਰੇ ਲੋਕ ਰਾਜ ਵਿਧਾਨ ਸਭਾ ਲਈ ਆਪਣੀ ਵੋਟ ਨਹੀਂ ਪਾ ਸਕਣਗੇ, ਜੋ ਕਿ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਹੈ।



ਹਰਦੀਪ ਸਿੰਘ ਚੁੰਬਰ
+91-94636-01616

ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਵੋਟਿੰਗ ਦੀ ਮਿਤੀ ਨੂੰ ਇਸ ਤਰੀਕੇ ਨਾਲ ਵਧ-ਾਇਆ ਜਾ ਸਕਦਾ ਹੈ ਕਿ ਉਹ 10 ਫਰਵਰੀ ਤੋਂ 16 ਫਰਵਰੀ ਤੱਕ ਬਨਾਰਸ ਦਾ ਦੌਰਾ ਕਰਨ ਦੇ ਨਾਲ-ਨਾਲ ਵਿਧਾਨ ਸਭਾ ਚੋਣਾਂ ਵਿੱਚ ਹਿੱਸਾ ਲੈਣ ਦੇ ਯੋਗ ਹੋ ਸਕਣ। ਚੰਨੀ ਨੇ ਕਿਹਾ, "ਇਹ ਨਿਰਪੱਖ ਅਤੇ ਉਚਿਤ ਮੰਨਿਆ ਜਾਂਦਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਵੋਟਿੰਗ, ਘੱਟੋ ਘੱਟ ਛੇ ਦਿਨਾਂ ਲਈ ਮੁਲਤਵੀ ਕੀਤੀ ਜਾ ਸਕਦੀ ਹੈ, ਜਿਸ ਨਾਲ ਲਗਭਗ 20 ਲੱਖ ਲੋਕ ਰਾਜ ਵਿਧਾਨ ਸਭਾ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਹੋਣਗੇ।"

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਲਈ ਹੁਣ 14 ਫਰਵਰੀ ਦੀ ਬਜਾਏ 20 ਫਰਵਰੀ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 10 ਮਾਰਚ ਨੂੰ ਹੋਵੇਗੀ।


# ਕਾਂਗਰਸ ਪਾਰਟੀ ਦੀ 86 ਦੀ ਪਹਿਲੀ ਸੂਚੀ ਵਿੱਚ ਸਿਰਫ਼ 9 ਮਹਿਲਾ ਉਮੀਦਵਾਰ

**ਚੰਡੀਗੜ੍ਹ, 15 ਜਨਵਰੀ–** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਸ਼ਨੀਵਾਰ ਨੂੰ 86 ਸੀਟਾਂ 'ਤੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਵਿੱਚ ਨੌਂ ਮਹਿਲਾ ਉਮੀਦਵਾਰ, ਚਾਰ ਸਾਬਕਾ ਮੰਤਰੀ ਅਤੇ ਦੋ 'ਆਪ' ਬਾਗੀ ਸ਼ਾਮਲ ਹਨ।ਪਹਿਲੀ ਸੂਚੀ ਵਿੱਚ ਜਿਨ੍ਹਾਂ ਮਹਿਲਾ ਉਮੀਦਵਾਰਾਂ ਦੇ ਨਾਂ ਸ਼ਾਮਲ ਹਨ, ਉਨ੍ਹਾਂ ਵਿੱਚ ਅਰੁਣਾ ਚੌਧਰੀ (ਦੀਨਾ ਨਗਰ ਵਿਧਾਨ ਸਭਾ ਸੀਟ), ਇੰਦੂ ਬਾਲਾ (ਮੁਕੇਰੀਆ), ਰਜਿੰਦਰ ਕੌਰ ਬੁਲਾਰਾ (ਬੁਲਾਣਾ), ਰਣਬੀਰ ਕੌਰ ਮੀਆ (ਬੁਢਲਾਡਾ), ਰਜ਼ੀਆ ਸੁਲਤਾਨਾ (ਮਾਲੇਰਕੋਟਲਾ) ਅਤੇ ਡਾ: ਮਨੋਜ ਬਾਲਾ ਬਾਂਸਲ (ਮਲੇਰਕੋਟਲਾ) ਸ਼ਾਮਲ ਹਨ। ਮੌੜ)।ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ, ਜੋ ਹਾਲ ਹੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਈ ਹੈ, ਨੂੰ ਮੋਗਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।ਇਸ ਦੌਰਾਨ 'ਆਪ' ਤੋਂ ਕਾਂਗਰਸ ਦੀ ਵਿਧਾਇਕ ਬਣੀ ਰੁਪਿੰਦਰ ਕੌਰ ਰੂਬੀ ਮਲੋਟ ਤੋਂ ਚੋਣ ਲੜਨਗੇ।

ਕਾਂਗਰਸ ਨੇ ਸ਼ਨੀਵਾਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਲਈ 86 ਉਮੀਦਵਾਰਾਂ ਦੀ ਪਹਿਲੀ ਸੂਚੀ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਉਨ੍ਹਾਂ ਦੀਆਂ ਮੌਜੂਦਾ ਸੀਟਾਂ ਤੋਂ ਮੈਦਾਨ ਵਿੱਚ ਉਤਾਰਿਆ, ਜਦਕਿ ਮਾਨਸਾ ਤੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ, ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਨੂੰ ਟਿਕਟ ਦਿੱਤੀ। ਮੋਗਾ ਤੋਂ ਅਤੇ ਸੁਨੀਲ ਜਾਖੜ ਦੇ ਭਤੀਜੇ ਸੰਦੀਪ ਜਾਖੜ ਅਬੋਹਰ ਤੋਂ।

ਪੰਜ-ਕੋਣੀ ਮੁਕਾਬਲੇ ਵਿੱਚ ਸੁਰੱਖਿਅਤ ਖੇਡਦਿਆਂ, ਕਾਂਗਰਸ ਨੇ ਆਪਣੇ ਜ਼ਿਆਦਾਤਰ ਵਿਧਾਇਕਾਂ ਨੂੰ ਦੁਹਰਾਉਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਵਿੱਚ ਸਾਰੇ 17 ਕੈਬਨਿਟ ਮੰਤਰੀ ਸ਼ਾਮਲ ਹਨ, ਬ੍ਰਹਮ ਮਹਿੰਦਰਾ ਨੂੰ ਛੱਡ ਕੇ, ਜਿਨ੍ਹਾਂ ਨੇ ਆਪਣੇ ਪੁੱਤਰ ਮੋਹਿਤ ਲਈ ਪਟਿਆਲਾ (ਦਿਹਾਤੀ) ਸੀਟ ਖਾਲੀ ਕੀਤੀ ਹੈ।

ਚੰਨੀ ਨੂੰ ਚਮਕੌਰ ਸਾਹਿਬ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ, ਜਦਕਿ ਨਵਜੋਤ ਸਿੱਧੂ ਅੰਮ੍ਰਿਤਸਰ (ਪੂਰਬੀ) ਤੋਂ ਆਪਣੀ ਕਿਸਮਤ ਅਜ਼ਮਾਉਣਗੇ। ਪੰਜਾਬ ਵਿੱਚ



14 ਫਰਵਰੀ ਨੂੰ ਸਾਰੇ 117 ਵਿਧਾਨ ਸਭਾ ਹਲਕਿਆਂ ਲਈ ਵੋਟਾਂ ਪੈਣੀਆਂ ਹਨ।

ਪਾਰਟੀ ਨੇ ਚਾਰ ਮੌਜੂਦਾ ਵਿਧਾਇਕਾਂ ਨੂੰ ਛੱਡਿਆ: ਹਰਜੋਤ ਕਮਲ ਮਾਲਵਿਕਾ ਸੂਦ ਦੇ ਹੱਕ ਵਿੱਚ ਨਜ਼ਰਅੰਦਾਜ਼ ਕਰਕੇ ਭਾਜਪਾ ਵਿੱਚ ਸ਼ਾਮਲ ਹੋ ਗਏ। ਪਾਰਟੀ ਨੇ 'ਆਪ' ਦੀ ਟਿਕਟ 'ਤੇ ਪਿਛਲੀ ਚੋਣ ਜਿੱਤ ਕੇ ਪਾਰਟੀ 'ਚ ਸ਼ਾਮਲ ਹੋਈ ਰੁਪਿੰਦਰ ਕੌਰ ਰੂਬੀ 'ਤੇ ਦਾਅ ਲਗਾਇਆ ਹੈ। ਉਨ੍ਹਾਂ ਨੂੰ ਮਲੋਟ ਤੋਂ ਵਿਧਾਇਕ ਅਜਾਇਬ ਸਿੰਘ ਭੱਟੀ ਦੀ ਥਾਂ 'ਤੇ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਇੱਕ ਹੋਰ ਵਿਧਾਇਕ ਬਲਵਿੰਦਰ ਸਿੰਘ ਲਾਡੀ ਨੂੰ ਹਰਗੋਬਿੰਦਪੁਰ ਤੋਂ ਉਤਾਰ ਕੇ ਮਨਦੀਪ ਸਿੰਘ ਰਾਗਰ ਨੰਗਲ ਦਾ ਰਸਤਾ ਬਣਾਇਆ ਗਿਆ ਹੈ। ਲਾਡੀ ਥੋੜ੍ਹੇ ਸਮੇਂ ਲਈ ਕਾਂਗਰਸ ਵਿਚ ਵਾਪਸੀ ਲਈ ਭਾਜਪਾ ਵਿਚ ਸ਼ਾਮਲ ਹੋਏ ਸਨ। ਬੱਲੂਆਣਾ (ਐਸਸੀ) ਸੀਟ ਤੋਂ ਵਿਧਾਇਕ ਨੱਥੂ ਰਾਮ ਨੂੰ ਰਜਿੰਦਰ ਕੌਰ ਨਾਲ ਬਦਲਿਆ ਗਿਆ ਹੈ।

ਇਸ ਸੂਚੀ ਨੇ ਇੱਕ ਤਰ੍ਹਾਂ ਨਾਲ ਨਵਜੋਤ ਸਿੱਧੂ ਦੀ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਨੇ ਸੁਜਾਨਪੁਰ ਤੋਂ ਨਰੇਸ਼ ਪੁਰੀ ਦੀ ਉਮੀਦਵਾਰੀ ਨੂੰ ਅੱਗੇ ਵਧਾਉਣ ਵਿੱਚ ਵੀ ਆਪਣਾ ਪੱਖ ਰੱਖਿਆ। ਸਿੱਧੂ ਦੀ ਹਮਾਇਤ ਨਾਲ ਗੁਰਪ੍ਰੀਤ ਸਿੰਘ ਜੀਪੀ ਵੀ ਬੱਸੀ ਪਠਾਣਾ ਸੀਟ ਤੋਂ ਆਪਣਾ ਬਚਾਅ ਕਰਨਗੇ, ਭਾਵੇਂ ਚੰਨੀ ਆਪਣੇ ਛੋਟੇ ਭਰਾ ਮਨੋਹਰ ਸਿੰਘ ਨੂੰ ਉੱਥੇ ਮੈਦਾਨ ਵਿੱਚ ਉਤਾਰਨਾ ਚਾਹੁੰਦੇ ਸਨ।

ਲਹਿਰਾ ਤੋਂ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੂੰ ਉਮੀਦਵਾਰ ਬਣਾਇਆ ਗਿਆ ਹੈ ਹਾਲਾਂਕਿ ਉਹ ਪਿਛਲੀ ਚੋਣ ਹਾਰ ਗਈ ਸੀ। ਉਨ੍ਹਾਂ ਅਟਕਲਾਂ ਦੇ ਉਲਟ ਕਿ ਚੰਨੀ ਦੋਆਬੇ ਦੀ ਦੂਜੀ ਸੀਟ ਆਦਮਪੁਰ ਤੋਂ ਵੀ ਚੋਣ ਲੜ ਸਕਦੇ ਹਨ- ਪਾਰਟੀ ਨੇ ਇਹ ਟਿਕਟ ਸਾਬਕਾ ਬਸਪਾ ਆਗੂ ਸੁਖਵਿੰਦਰ ਸਿੰਘ ਕੋਟਲੀ ਨੂੰ ਦਿੱਤੀ ਹੈ।

ਅਮਰਿੰਦਰ ਸਿੰਘ ਦੀ ਕੈਬਨਿਟ ਦੇ ਪੰਜ ਮੰਤਰੀਆਂ ਵਿੱਚੋਂ ਚਾਰ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨੂੰ ਪਿਛਲੇ ਸਾਲ ਹਟਾਇਆ ਗਿਆ ਸੀ। ਉਹ ਹਨ ਬਲਬੀਰ ਸਿੰਘ ਸਿੱਧੂ (ਮੁਹਾਲੀ), ਸੁੰਦਰ ਸ਼ਾਮ ਅਰੋੜਾ (ਹੁਸ਼ਿਆਰਪੁਰ), ।ਗੁਰਪ੍ਰੀਤ ਸਿੰਘ ਕਾਂਗੜ (ਰਾਮਪੁਰਾ ਫੂਲ) ਅਤੇ ਸਾਧੂ ਸਿੰਘ ਧਰਮਸੋਤ (ਨਾਭਾ)।

ਪਰ ਪਾਰਟੀ ਨੇ ਅਜੇ ਗੁਰੂਹਰਸਹਾਏ ਤੋਂ ਕਿਸੇ ਨੂੰ ਉਮੀਦਵਾਰ ਨਹੀਂ ਬਣਾਇਆ ਹੈ, ਜਿਸ ਦੀ ਨੁਮਾਇੰਦਗੀ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਕਰ ਰਹੇ ਸਨ ਜੋ ਭਾਜਪਾ ਵਿੱਚ ਸ਼ਾਮਲ ਹੋਏ ਸਨ।

ਪਾਰਟੀ ਨੇ ਡੇਰਾ ਬਾਬਾ ਨਾਨਕ ਅਤੇ ਅੰਮ੍ਰਿਤਸਰ ਸੈਂਟਰਲ ਤੋਂ ਕ੍ਰਮਵਾਰ ਦੋ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਓਪੀ ਸੋਨੀ ਨੂੰ ਵੀ ਮੈਦਾਨ ਵਿੱਚ ਉਤਾਰਿਆ ਹੈ, ਜਿਨ੍ਹਾਂ ਦੀ ਉਹ ਪਹਿਲਾਂ ਹੀ ਨੁਮਾਇੰਦਗੀ ਕਰ ਰਹੇ ਹਨ।

ਪਾਰਟੀ ਦੇ ਇੱਕ ਆਗੂ ਨੇ ਕਿਹਾ, "ਪਾਰਟੀ ਕਿਸੇ ਵੀ ਵੱਡੇ ਅਸਹਿਮਤੀ ਤੋਂ ਬਚਣ ਲਈ ਸਾਵਧਾਨ ਰਹੀ ਹੈ ਕਿਉਂਕਿ ਭਾਜਪਾ ਅਤੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪਾਰਟੀ ਦਰਮਿਆਨ ਗਠਜੋੜ ਕਾਂਗਰਸ ਦੇ ਨਾਰਾਜ਼ ਵਿਧਾਇਕਾਂ ਦਾ ਸ਼ਿਕਾਰ ਹੋਣ ਦੀ ਉਡੀਕ ਕਰ ਰਿਹਾ ਹੈ।"

**– ਹਰਦੀਪ ਸਿੰਘ ਚੁੰਬਰ**

# ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਲਈ ਕਾਂਗਰਸ ਦੀ ਟਿਕਟ ਤੋਂ ਇਨਕਾਰ ਕਰ ਦਿੱਤਾ ਹੈ

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਮਨੋਹਰ ਸਿੰਘ, ਜੋ ਕਿ ਬੱਸੀ ਪਠਾਣਾ ਸੀਟ 'ਤੇ ਨਜ਼ਰ ਸਨ, ਨੂੰ ਆਉਣ ਵਾਲੀਆਂ ਚੋਣਾਂ ਲੜਨ ਲਈ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਨਵਰੀ । 16: ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਮਨੋਹਰ ਸਿੰਘ ਨੂੰ ਕਾਂਗਰਸ ਦੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਮੀਡੀਆ ਰਿਪੋਰਟਾਂ ਮੁਤਾਬਕ ਉਹ ਹੁਣ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਪੰਜਾਬ ਦੇ ਮੁੱਖ ਮੰਤਰੀ ਦੇ ਭਰਾ, ਜਿਨ੍ਹਾਂ ਨੇ ਚੋਣਾਂ ਲੜਨ ਲਈ ਵੀਆਰਐਸ ਲਿਆ ਸੀ, ਨੇ ਹੁਣ ਆਜ਼ਾਦ ਉਮੀਦਵਾਰ ਵਜੋਂ ਲੜਨ ਦਾ ਫੈਸਲਾ ਕੀਤਾ ਹੈ। ਕਾਂਗਰਸ ਨੇ ਸ਼ਨੀਵਾਰ ਨੂੰ 86 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਚਮਕੌਰ ਸਾਹਿਬ ਸੀਟ ਤੋਂ ਅਤੇ ਨਵਜੋਤ ਸਿੰਘ ਸਿੱਧੂ ਅੰਮਿ-੍ਤਸਰ ਪੂਰਬੀ ਸੀਟ ਤੋਂ ਚੋਣ ਲੜਨਗੇ। ਪੰਜਾਬ ਵਿੱਚ 14 ਫਰਵਰੀ ਨੂੰ ਇੱਕੋ ਪੜਾਅ ਵਿੱਚ ਚੋਣਾਂ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 10 ਮਾਰਚ ਨੂੰ ਹੋਵੇਗੀ।

ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਅਹਿਮ ਭੁੱਲਾਂ ਨੇ ਕਾਂਗਰਸ ਪਾਰਟੀ ਦੀ ਸੂਬਾਈ ਇਕਾਈ ਵਿੱਚ ਅਸਹਿਮਤੀ ਪੈਦਾ ਕਰ ਦਿੱਤੀ ਹੈ। ਖਾਸ ਤੌਰ 'ਤੇ ਮਾਨਸਾ, ਮੋਗਾ, ਮਲੋਟ ਅਤੇ ਬੱਸੀ ਪਠਾਣਾਂ ਦੇ ਵਿਧਾਨ ਸਭਾ ਹਲਕਿਆਂ 'ਚ ਅਸੰਤੋਸ਼ ਦੇਖਣ ਨੂੰ ਮਿਲ ਰਿਹਾ ਹੈ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਮਨੋਹਰ ਸਿੰਘ ਨੂੰ ਆਉਣ ਵਾਲੀਆਂ ਚੋਣਾਂ ਲੜਨ ਲਈ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।

ਸਿਵਲ ਹਸਪਤਾਲ ਖਰੜ ਤੋਂ ਸੀਨੀਅਰ ਮੈਡੀਕਲ ਅਫਸਰ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਮਨੋਹਰ ਸਿੰਘ ਬੱਸੀ ਪਠਾਣਾ ਤੋਂ ਚੋਣ ਲੜਨ ਲਈ ਨਜ਼ਰਾਂ ਟਿਕਾਈਆਂ ਹੋਈਆਂ ਸਨ। ਕਾਂਗਰਸ ਨੇ ਬੱਸੀ ਪਠਾਣਾ ਵਿਧਾਨ ਸਭਾ ਸੀਟ ਤੋਂ ਮੌਜੂਦਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ।ਨਾਰਾਜ਼ ਮਨੋਹਰ ਸਿੰਘ ਨੇ ਕਿਹਾ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ।ਮਲੋਟ ਅਤੇ ਮੋਗਾ ਵਿੱਚ, ਕਾਂਗਰਸ ਨੇ ਮੌਜੂਦਾ ਵਿਧਾਇਕ - ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਅਤੇ ਹਰਜੋਤ ਕਮਲ ਨੂੰ ਕ੍ਰਮਵਾਰ ਟਿਕਟਾਂ ਤੋਂ ਇਨਕਾਰ ਕਰ ਦਿੱਤਾ।



ਕੁਝ ਸਮਾਂ ਪਹਿਲਾਂ ਕਾਂਗਰਸ ਵਿੱਚ ਸ਼ਾਮਲ ਹੋਏ ਵਿਵਾਦਤ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਮਾਨਸਾ ਤੋਂ ਅਤੇ ਹਰਜੋਤ ਕਮਲ ਦੀ ਥਾਂ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਮੋਗਾ ਤੋਂ ਚੋਣ ਲੜਨਗੇ। ਬਾਅਦ ਵਾਲੇ ਨੇ ਭਾਜਪਾ ਵਿੱਚ ਜਹਾਜ ਵਿੱਚ ਛਾਲ ਮਾਰ ਦਿੱਤੀ ਹੈ।ਮੂਸੇਵਾਲਾ ਨੇ ਮੌਜੂਦਾ ਵਿਧ-ਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਦੀ ਥਾਂ ਲਈ ਹੈ, ਜੋ 2019 ਵਿੱਚ 'ਆਪ' ਛੱਡਣ ਤੋਂ ਬਾਅਦ ਪੁਰਾਣੀ ਪਾਰਟੀ ਵਿੱਚ ਸ਼ਾਮਲ ਹੋਏ ਸਨ।

ਰੁਪਿੰਦਰ ਕੌਰ 'ਰੂਬੀ', ਜੋ 'ਆਪ' ਛੱਡ ਕੇ ਕਾਂਗਰਸ 'ਚ ਆ ਗਈ ਸੀ, ਨੂੰ ਪਾਰਟੀ ਨੇ ਮਲੋਟ-ਐਸਸੀ ਸੀਟ ਤੋਂ ਚੋਣ ਮੈਦਾਨ 'ਚ ਉਤਾਰਿਆ ਹੈ। ਉਹ ਪਿਛਲੀਆਂ ਚੋਣਾਂ 'ਚ 'ਆਪ' ਦੀ ਟਿਕਟ 'ਤੇ ਬਠਿੰਡਾ ਦਿਹਾਤੀ ਤੋਂ ਚੁਣੇ ਗਏ ਸਨ। ਕਾਂਗਰਸ ਨੇ ਸ਼ਨੀਵਾਰ ਨੂੰ ਪੰਜਾਬ ਵਿੱਚ 14 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ 86 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ, ਜਿਸ ਵਿੱਚ ਚਮਕੌਰ ਸਾਹਿਬ ਤੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਅੰਮ੍ਰਿਤਸਰ ਪੂਰਬੀ ਤੋਂ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ।

ਪਾਰਟੀ ਨੇ ਅਜੇ ਤੱਕ ਪਟਿਆਲਾ ਸ਼ਹਿਰੀ ਹਲਕੇ ਲਈ ਆਪਣੇ ਉਮੀਦਵਾਰ ਦਾ ਐਲਾਨ ਕਰਨਾ ਹੈ, ਜਿਸ ਦੀ ਨੁਮਾਇੰਦਗੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਰ ਰਹੇ ਹਨ। ਪਾਰਟੀ 117 ਮੈਂਬਰੀ ਵਿਧਾਨ ਸਭਾ ਲਈ ਆਪਣੀਆਂ ਬਾਕੀ 31 ਸੀਟਾਂ ਦਾ ਐਲਾਨ ਵੀ ਜਲਦੀ ਹੀ ਕਰੇਗੀ। ਪੰਜਾਬ ਵਿਧਾਨ ਸਭਾ ਚੋਣਾਂ 14 ਫਰਵਰੀ ਨੂੰ ਇੱਕੋ ਪੜਾਅ ਵਿੱਚ ਹੋਣੀਆਂ ਹਨ ਅਤੇ ਨਤੀਜੇ 10 ਮਾਰਚ ਨੂੰ ਆਉਣਗੇ।

# ਸਿਆਸਤਦਾਨਾਂ 'ਤੇ ਲਤੀਫੇ ਛੱਡਣ ਵਾਲੇ ਭਗਵੰਤ ਮਾਨ ਮੁੱਖ ਮੰਤਰੀ ਦੇ ਉਮੀਦਵਾਰ

?

**ਕਾਂਗਰਸ**



**ਅਕਾਲੀ ਦਲ-ਬਸਪਾ**



**ਆਮ ਆਦਮੀ ਪਾਰਟੀ**

?

**ਭਾਜਪਾ-ਕੈਪਟਨ**

?

**ਕਿਸਾਨ ਸਮਾਜ ਮੋਰਚਾ**

ਭਗਵੰਤ ਮਾਨ ਨੂੰ ਬਤੌਰ ਕਾਮੇਡੀਅਨ ਅਤੇ ਸਿਆਸਤਦਾਨ ਕਾਫ਼ੀ ਲੋਕ ਜਾਣਦੇ ਹਨ। ਉਹ ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲਗਾਤਾਰ ਦੂਜੀ ਵਾਰ ਸੰਸਦ ਮੈਂਬਰ ਹਨ। ਕਾਮੇਡੀਅਨ ਤੋਂ ਸਿਆਸਤਦਾਨ ਬਣੇ ਭਗਵੰਤ ਮਾਨ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਵੀ ਹਨ। 2014 ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੇ ਸਮੇਂ ਤੋਂ ਹੀ ਭਗਵੰਤ ਮਾਨ ਪਾਰਟੀ ਦੇ ਸਟਾਰ ਪ੍ਰਚਾਰਕ ਰਹੇ ਹਨ।

ਪੰਜਾਬ ਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਉਹ ਪਾਰਟੀ ਦੇ ਇੱਕਲੌਤੇ ਅਜਿਹੇ ਆਗੂ ਹਨ, ਜਿੰਨ੍ਹਾਂ ਦੀ ਪੂਰੇ ਪੰਜਾਬ ਵਿੱਚ ਅਪੀਲ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਉਹੀ ਆਮ ਆਦਮੀ ਪਾਰਟੀ ਦੇ ਸਭ ਤੋਂ ਵੱਡੀ ਸ਼ਕਤੀ ਅਤੇ ਕਮਜ਼ੋਰੀ ਵਜੋਂ ਦੇਖੇ ਜਾਣ ਵਾਲੇ ਆਗੂ ਹਨ। ਭਗਵੰਤ ਮਾਨ ਦੀ ਕਲਾ, ਸਿਆਸਤ ਅਤੇ ਨਿੱਜੀ ਜ਼ਿੰਦਗੀ ਬਾਰੇ ਇੱਥੇ ਸੰਖ਼ੇਪ ਝਾਤ ਪਾਈ ਗਈ ਹੈ।

ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਮੀਡੀਆ ਸਲਾਹਕਾਰ ਅਤੇ ਸਾਬਕਾ ਪੱਤਰਕਾਰ ਮਨਜੀਤ ਸਿੰਘ ਸਿੱਧੂ ਭਗਵੰਤ ਮਾਨ ਦੇ ਜਮਾਤੀਏ ਹਨ। ਉਨ੍ਹਾਂ ਮੁਤਾਬਕ ਭਗਵੰਤ ਮਾਨ ਦੀ ਸਖ਼ਸ਼ੀਅਤ ਦੀ ਸਭ ਤੋਂ ਵੱਡੀ ਪੌਜ਼ੀਟਿਵ ਗੱਲ ਹੈ ਆਪਣਾ ਪੱਖ ਰੱਖਣ ਵੇਲੇ ਦੀ ਉਨ੍ਹਾਂ ਦੀ ਐਨਰਜੀ ਹੈ। ਇਹ ਜਿੰਨੇ ਜੋਸ਼ ਨਾਲ ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹਨ, ਓਨੇ ਹੀ ਜੋਸ਼ ਅਤੇ ਗੰਭੀਰਤਾ ਨਾਲ 2-4 ਬੰਦਿਆਂ ਨਾਲ ਵੀ ਗੱਲਬਾਤ ਕਰਦੇ ਹਨ। ਸਿੱਧੂ ਮੁਤਾਬਕ ਬਹੁਤੇ ਲੋਕ ਭਗਵੰਤ ਨੂੰ ਸਿਰਫ਼ ਕਾਮੇਡੀਅਨ ਤੇ ਸਿਆਸੀ ਆਗੂ ਵਜੋਂ ਜਾਣਦੇ ਹਨ, ਪਰ ਬਹੁਤੇ ਲੋਕਾਂ ਨੂੰ ਇਹ ਗੱਲ ਨਹੀਂ ਪਤਾ ਕਿ ਉਹ ਬਹੁਤ ਹੀ ਗਹਿਰੇ ਕਵੀ ਵੀ ਹਨ।

ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਦੀ ਕਿਤਾਬ ਅਜੇ ਤੱਕ ਨਹੀਂ ਛਪਾਈ, ਪਰ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਸ਼ਾਇਰੀ ਦੇ ਸੁਰਜੀਤ ਪਾਤਰ ਵਰਗੇ ਸ਼ਾਇਰ ਵੀ ਕਾਇਲ ਹਨ।

ਭਗਵੰਤ ਮਾਨ ਖੇਡਾਂ ਦੇ ਬਹੁਤ ਅੱਛੇ ਪ੍ਰਸ਼ੰਸਕ ਹਨ। ਉਹ ਐਨਬੀਏ, ਕ੍ਰਿਕਟ, ਹਾਕੀ ਅਤੇ ਫੁੱਟਬਾਲ ਮੈਚ ਦੇਖਣ ਦੇ ਕਾਫ਼ੀ ਸ਼ੌਕੀਨ ਹਨ। ਦੁਨੀਆਂ ਭਰ ਦੇ ਖਿਡਾਰੀਆਂ ਨੂੰ ਫੋਲੋ ਕਰਦੇ ਹਨ ਅਤੇ ਉਨ੍ਹਾਂ ਬਾਰੇ ਅਪਡੇਟ ਰੱਖਦੇ ਹਨ। ਉਹ ਰਾਤ ਨੂੰ ਕਈ ਵਾਰ ਅਲਾਰਮ ਲਾਕੇ ਸੌਂਦੇ ਹਨ ਅਤੇ ਰਾਤੀਂ 2-3 ਵਜੇ ਉੱਠਕੇ ਵੀ ਮੈਚ ਦੇਖਦੇ ਹਨ। ਭਗਵੰਤ ਮਾਨ ਨੇ ਆਪਣੇ ਪਿੰਡ ਦੇ ਜਮਾਤੀਆਂ ਤੇ ਮਿੱਤਰਾਂ ਵਿੱਚੋਂ ਲਗਭਗ ਸਾਰਿਆਂ ਨੂੰ ਹੀ ਜਹਾਜ਼ ਦੇ ਝੂਟੇ ਦੁਆਏ ਹਨ। ਮਨਜੀਤ ਸਿੱਧੂ ਦੱਸਦੇ ਹਨ ਕਿ ਉਹ ਜਦੋਂ ਵੀ ਪੰਜਾਬ ਤੋਂ ਬਾਹਰ ਸ਼ੌਅ ਕਰਨ ਜਾਂਦੇ ਤਾਂ ਪਿੰਡ ਵਾਲੇ ਕਿਸੇ ਨਾ ਕਿਸੇ ਮਿੱਤਰ ਬੇਲੀ ਨੂੰ ਨਾਲ ਘੁੰਮਾਉਣ ਲੈ ਜਾਂਦੇ।

ਟੈਲੀਫੋਨ ਨੰਬਰ ਮੂੰਹ-ਜ਼ਬਾਨੀ ਯਾਦ ਰੱਖਣਾ ਵੀ ਉਨ੍ਹਾਂ ਦਾ ਇੱਕ ਖਾਸ ਗੁਣ ਹੈ, ਪੁਰਾਣੇ ਦੋਸਤਾਂ ਮਿੱਤਰਾਂ ਦੇ ਸੈਂਕੜੇ ਫੋਨ ਨੰਬਰ ਉਨ੍ਹਾਂ ਨੂੰ ਮੂੰਹ ਜ਼ਬਾਨੀ ਯਾਦ ਹਨ। ਅਖ਼ਬਾਰਾਂ ਅਤੇ ਰੇਡੀਓ ਨਾਲ ਉਨ੍ਹਾਂ ਦਾ ਖ਼ਾਸ ਲਗਾਅ ਹੈ। ਉਹ ਸਵੇਰੇ ਉੱਠ ਕੇ ਅਖ਼ਬਾਰਾਂ ਦੇ ਡਿਜੀਟਲ ਐਡੀਸ਼ਨ ਇੰਝ ਧਿਆਨ ਨਾਲ ਪੜ੍ਹਦੇ ਹਨ, ਜਿਵੇਂ ਕੋਈ ਨਿਤਨੇਮੀ ਬੰਦਾ ਪਾਠ ਕਰਦਾ ਹੈ। ਉਹ ਅਖ਼ਬਾਰਾਂ ਦੇ ਜ਼ਿਲ੍ਹਿਆਂ ਤੱਕ ਦੇ ਐਡੀਸ਼ਨ ਤੱਕ ਦੇਖਦੇ ਹਨ, ਇਨ੍ਹਾਂ ਬਾਰੇ ਉਹ ਕਹਿੰਦੇ ਹਨ ਕਿ ਇਹੀ ਗਰਾਊਂਡ ਦੀ ਜਾਣਕਾਰੀ ਉਨ੍ਹਾਂ ਨੂੰ ਸੂਬੇ ਦੇ ਹਰ ਕੋਨੇ ਬਾਰੇ ਸੂਖਮਤਾ ਨਾਲ ਜਾਣਨ ਵਿੱਚ ਮਦਦ ਕਰਦੀ ਹੈ। ਰੇਡੀਓ ਉੱਤੇ ਮੈਚਾਂ ਦੀ ਕੁਮੈਂਟਰੀ ਸੁਣਨਾ ਉਨ੍ਹਾਂ ਦੀ ਬਚਪਨ ਦੀ ਹੀ ਆਦਤ ਹੈ ਅਤੇ ਉਹ ਅਜੇ ਵੀ ਇਸ ਨੂੰ ਨਹੀਂ ਛੱਡਦੇ।

### ਭਗਵੰਤ ਮਾਨ ਦਾ ਨਿੱਜੀ ਪਿਛੋਕੜ

ਭਗਵੰਤ ਮਾਨ ਦਾ ਜਨਮ 17 ਅਕਤੂਬਰ 1973 ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਚੀਮਾ ਮੰਡੀ ਲਾਗਲੇ ਪਿੰਡ ਸਤੌਜ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਸਰਕਾਰੀ ਅਧਿਆਪਕ ਸਨ ਅਤੇ ਮਾਂ ਹਰਪਾਲ ਕੌਰ ਘਰੇਲੂ ਔਰਤ ਹਨ। ਸਕੂਲੀ ਪੜ੍ਹਾਈ ਪਾਸ ਕਰਦਿਆਂ ਹੀ ਉਹ ਕਾਮੇਡੀ ਦੇ ਖੇਤਰ ਵਿੱਚ ਆ ਗਏ। ਸੁਨਾਮ ਦੇ ਸ਼ਹੀਦ ਊਧਮ ਸਿੰਘ ਕਾਲਜ ਵਿੱਚ ਪੜ੍ਹਦਿਆਂ ਉਨ੍ਹਾਂ ਕਾਮੇਡੀ ਅਤੇ ਕਵਿਤਾ ਬੋਲਣ ਦੇ ਕਈ ਅੰਤਰ ਕਾਲਜ ਮੁਕਾਬਲੇ ਜਿੱਤੇ। ਇਸ ਦੇ ਨਾਲ ਹੀ ਉਹ ਪ੍ਰੋਫ਼ੈਸ਼ਨਲ ਕਾਮੇਡੀਅਨ ਬਣ ਗਏ। ਭਗਵੰਤ ਦੀ ਸਭ ਤੋਂ ਪਹਿਲੀ ਕਾਮੇਡੀ ਅਤੇ ਪੈਰੋਡੀ ਗਾਣਿਆਂ ਦੀ ਟੇਪ 1992 ਵਿੱਚ 'ਗੋਭੀ ਦੀਏ ਕੱਚੀਏ ਵਪਾਰਨੇ ਆਈ' ਅਤੇ ਉਹ ਕਾਮੇਡੀ ਦੀ ਦੁਨੀਆਂ ਵਿੱਚ ਛਾ ਗਏ। 12ਵੀਂ ਕਰਨ ਤੋਂ ਬਾਅਦ ਉਨ੍ਹਾਂ ਬੀ ਕਾਮ ਪਹਿਲ ਵਿੱਚ ਦਾਖਲਾ ਲਿਆ ਪਰ ਕਾਮੇਡੀ ਦੇ ਪ੍ਰੋਫੈਸ਼ਨਲ ਰੁਝੇਵਿਆਂ ਕਾਰਨ ਪੜ੍ਹਾਈ ਵਿੱਚੇ ਛੱਡ ਦਿੱਤੀ।

1992 ਤੋਂ 2013 ਤੱਕ ਉਨ੍ਹਾਂ ਨੇ ਕਾਮੇਡੀ ਦੀਆਂ 25 ਐਲਬਮਜ਼ ਰਿਕਾਰਡ ਕਰਵਾਈਆਂ ਅਤੇ ਰਿਲੀਜ਼ ਕੀਤੀਆਂ। ਉਨ੍ਹਾਂ ਨੇ 5 ਗਾਣਿਆਂ ਦੀਆਂ ਟੇਪਾਂ ਰਿਲੀਜ਼ ਕੀਤੀਆਂ। ਭਗਵੰਤ ਮਾਨ ਨੇ 1994 ਤੋਂ 2015 ਤੱਕ 13 ਪੰਜਾਬੀ ਤੇ ਹਿੰਦੀ ਫ਼ਿਲਮਾਂ ਅਤੇ ਇਸ਼ਤਿਹਾਰਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਜੁਗਨੂੰ, ਝੰਡਾ ਸਿੰਘ, ਬੀਬੋ ਭੂਆ ਤੇ ਪੱਪੂ ਪਾਸ ਵਰਗੇ ਕਾਮੇਡੀ ਪਾਤਰ ਭਗਵੰਤ ਮਾਨ ਦੀ ਦੇਣ ਹਨ। ਜਗਤਾਰ ਜੱਗੀ ਅਤੇ ਰਾਣਾ ਰਣਬੀਰ ਨਾਲ ਜੋੜੀ ਬਣਾਕੇ ਕਾਮੇਡੀ ਕਰਦੇ ਰਹੇ ਭਗਵੰਤ ਮਾਨ ਨੇ 'ਜੁਗਨੂੰ ਮਸਤ ਮਸਤ' ਵਰਗੇ ਕਾਮੇਡੀ ਟੀਵੀ ਸ਼ੋਅ ਅਤੇ 'ਨੋ ਲਾਇਫ਼ ਵਿਦ ਵਾਇਫ਼' ਵਰਗੇ ਸਟੇਜ ਸ਼ੋਅ ਕੀਤੇ।

ਗਾਇਕ ਕਰਮਜੀਤ ਅਨਮੋਲ ਨੂੰ ਕਾਮੇਡੀ ਸ਼ੋਅ ਨਾਲ ਜੋੜਨ ਤੇ ਅਦਾਕਾਰੀ ਵੱਲ ਲਿਆਉਣ ਵਾਲੇ ਵੀ ਭਗਵੰਤ ਮਾਨ ਹੀ ਸਨ। ਕਰਮਜੀਤ ਅਨਮੋਲ ਉਨ੍ਹਾਂ ਦੇ ਕਾਲਜ ਦੇ ਦਿਨਾਂ ਦੇ ਹੀ ਦੋਸਤ ਹਨ ਅਤੇ ਇਸ ਵੇਲੇ ਪੰਜਾਬੀ ਫਿਲਮ ਸਨਅਤ ਦੇ ਉਹ ਵੱਡੇ ਨਾਮ ਹਨ। ਭਗਵੰਤ ਨੇ ਇੰਦਰਜੀਤ ਕੌਰ ਨਾਲ ਵਿਆਹ ਕਰਵਾਇਆ ਅਤੇ ਉਨ੍ਹਾਂ ਦੇ ਇੱਕ ਬੇਟਾ ਅਤੇ ਬੇਟੀ ਹਨ। ਪਤਨੀ ਉਨ੍ਹਾਂ ਤੋਂ ਅਲੱਗ ਅਮਰੀਕਾ ਰਹਿੰਦੀ ਹੈ ਅਤੇ ਭਗਵੰਤ ਆਪਣੀ ਮਾਂ ਨਾਲ ਪਿੰਡ ਸਤੌਜ ਰਹਿੰਦੇ ਹਨ। ਉਨ੍ਹਾਂ ਦੀ ਇੱਕ ਭੈਣ ਮਨਪ੍ਰੀਤ ਕੌਰ ਹੈ, ਜੋ ਸਤੌਜ ਨੇੜਲੇ ਪਿੰਡ ਵਿਆਹੀ ਹੋਈ ਹੈ।

ਭਾਸ਼ਣ ਦੇਣ ਦਾ ਸ਼ੌਕ ਭਗਵੰਤ ਮਾਨ ਨੂੰ ਬਚਪਨ ਤੋਂ ਹੀ ਸੀ, ਉਦੋਂ ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਹ ਕਾਮੇਡੀ ਕਲਾਕਾਰ ਬਣੇਗਾ ਜਾਂ ਸਿਆਸੀ ਆਗੂ। ਮਨਜੀਤ ਸਿੱਧੂ ਦੱਸਦੇ ਹਨ ਕਿ ਭਗਵੰਤ ਖੇਤਾਂ ਵਿੱਚ ਪਾਣੀ ਲਾਉਣ ਵੇਲੇ ਜਾਂ ਲੱਕੜਾਂ ਵੱਢਣ ਸਮੇਂ ਕਹੀ ਜਾਂ ਕੁਹਾੜੇ ਦੇ ਦਸਤੇ ਨੂੰ ਹੀ ਮਾਇਕ ਬਣਾ ਲੈਂਦੇ ਤੇ ਭਾਸ਼ਣ ਦਿੰਦੇ ਰਹਿੰਦੇ ਸਨ। ਸੱਧੂ ਦੱਸਦੇ ਹਨ ਕਿ ਕਾਮੇਡੀ ਟੇਪਾਂ ਰਾਹੀ ਸਿਆਸੀ ਤੇ ਸਮਾਜਿਕ ਮੁੱਦਿਆਂ ਉੱਤੇ ਵਿਅੰਗ ਕਰਨੇ ਉਨ੍ਹਾਂ ਦੀ ਕਲਾ ਦਾ ਮੁੱਖ ਸਰੋਕਾਰ ਰਿਹਾ। 2009-2010 ਵਿੱਚ ਉਨ੍ਹਾਂ ਅਖ਼ਬਾਰਾਂ ਲਈ ਰੈਗੂਲਰ ਕਾਲਮ ਲਿਖਣੇ ਸ਼ੁਰੂ ਕੀਤੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਇੱਕ ਦਿਨ ਫ਼ਾਜ਼ਿਲਕਾ ਇਲਾਕੇ ਵਿੱਚ ਬੱਚੀਆਂ ਨੂੰ ਅਜੀਬੋ-ਗਰੀਬ ਬਿਮਾਰੀਆਂ ਲੱਗਣ ਬਾਬਤ ਰਿਪੋਰਟ ਪੜ੍ਹੀ।

ਭਗਵੰਤ ਮਾਨ ਅਗਲੇ ਦਿਨ ਹੀ ਦੋਨਾ ਨਾਨਕਾ ਤੇ ਕਰੀਬੀ ਪਿੰਡਾਂ ਵਿੱਚ ਪਹੁੰਚ ਗਏ, ਉੱਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਸੀ, ਜਿਸ ਕਾਰਨ ਲੋਕਾਂ ਦਾ ਬੁਰਾ ਹਾਲ ਸੀ। ਕੁਝ ਪਰਵਾਸੀ ਦੋਸਤਾਂ-ਮਿੱਤਰਾਂ ਦੀ ਮਦਦ ਨਾਲ ਭਗਵੰਤ ਨੇ ਇਸ ਖੇਤਰ ਵਿੱਚ ਕੁਝ ਬੋਰ ਬਗੈਰਾ ਕਰਵਾ ਕੇ ਪਾਣੀ ਦੀ ਇੰਤਜ਼ਾਮ ਕਰਨ ਦੀ ਆਪਣੇ ਪੱਧਰ ਉੱਤੇ ਕੋਸ਼ਿਸ਼ ਕੀਤੀ। ਉਨ੍ਹਾਂ ਕੁਝ ਸਮਾਜਿਕ ਤੇ ਮੀਡੀਆ ਖੇਤਰ ਦੇ ਲੋਕਾਂ ਨੂੰ ਨਾਲ ਲੈਕੇ ਇਸ ਮਸਲੇ ਨੂੰ ਬਕਾਇਦਾ ਪ੍ਰੈਸ ਕਾਨਫਰੰਸਾਂ ਕਰਕੇ ਮੀਡੀਆ ਵਿੱਚ ਉਭਾਰਿਆ। 2011 ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਤੇ ਤਤਕਾਲੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਵਿੱਚੋਂ ਬਗਾਵਤ ਕਰ ਦਿੱਤੀ। ਜਲੰਧਰ ਵਿੱਚ ਉੱਘੇ ਖੇਤੀ ਮਾਹਰ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿੱਚ ਪੰਜਾਬ ਦੇ ਸਰੋਕਾਰਾਂ ਨੂੰ ਲੈਕੇ ਇੱਕ ਕਾਨਫਰੰਸ ਕਰਵਾਈ ਗਈ। ਇੱਥੇ ਭਗਵੰਤ ਮਾਨ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਮੁਲਾਕਾਤ ਹੋਈ ਅਤੇ ਭਗਵੰਤ ਮਾਨ ਨੂੰ ਉਨ੍ਹਾਂ ਨੇ ਸਰਗਰਮ ਸਿਆਸਤ ਵਿੱਚ ਆਉਣ ਲਈ ਪ੍ਰੇਰਿਆ।

### ਭਗਵੰਤ ਮਾਨ ਦਾ ਸਿਆਸੀ ਸਫ਼ਰ

ਸਿਆਸਤ ਵਿੱਚ ਆਉਣ ਵੇਲੇ ਭਗਵੰਤ ਮਾਨ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਸੀ। ''ਮੈਂ ਆਪਣੀ ਕਾਮੇਡੀ ਰਾਹੀ ਇੱਕ ਤਰ੍ਹਾਂ ਦੀ ਸਿਆਸੀ ਤੇ ਸਮਾਜਿਕ ਕੁਮੈਂਟਰੀ ਹੀ ਕਰਦਾ ਆ ਰਿਹਾ ਸੀ, ਹੁਣ ਮੈਨੂੰ ਲੱਗਿਆ ਕਿ ਚਿੱਕੜ ਸਾਫ਼ ਕਰਨ ਲਈ ਚਿੱਕੜ ਵਿੱਚ ਲਿਬੜਨਾ ਹੀ ਪੈਣਾ ਹੈ, ਇਸ ਲਈ ਹੁਣ ਸਰਗਰਮ ਸਿਆਸਤ ਵਿੱਚ ਆ ਗਿਆ ਹਾਂ।'' 'ਅਕਾਲੀ ਅਤੇ ਕਾਂਗਰਸ ਨੇ ਮਿਲਕੇ ਸੱਤਾ ਦਾ ਚੱਕਰ ਬਣਾਇਆ ਹੋਇਆ ਹੈ, ਪੰਜਾਬ ਦੇ ਲੋਕ ਇਸ ਵਿੱਚ ਪਿਸ ਰਹੇ ਹਨ, ਪੰਜਾਬ ਨੂੰ ਇੱਕ ਬਦਲ ਚਾਹੀਦਾ ਹੈ, ਅਸੀਂ ਇਹ ਦੇਣ ਦੀ ਕੋਸ਼ਿਸ਼ ਕਰਾਂਗੇ।'' ਭਗਵੰਤ ਮਾਨ ਬਤੌਰ ਪ੍ਰੋਫੈਸ਼ਨਲ ਕਲਾਕਾਰ ਸਿਆਸੀ ਸਟੇਜਾਂ ਉੱਤੇ ਜਾਂਦੇ ਰਹੇ। ਪਰ ਉਨ੍ਹਾਂ ਰਸਮੀ ਸਿਆਸਤ ਨਹੀਂ ਕੀਤੀ ਸੀ। ਖਾਸਕਰ ਬਲਵੰਤ ਸਿੰਘ ਰਾਮੂਵਾਲੀਆ ਦੀ ਲੋਕ ਭਲਾਈ ਪਾਰਟੀ ਨੂੰ ਤੀਜੇ ਬਦਲ ਵਜੋਂ ਉਭਾਰਨ ਲਈ ਭਗਵੰਤ ਮਾਨ ਨੇ ਕਾਫ਼ੀ ਸਟੇਜਾਂ ਕੀਤੀਆਂ।

ਪਰ ਉਨ੍ਹਾਂ ਕਦੇ ਵੀ ਕਿਸੇ ਸਿਆਸੀ ਪਾਰਟੀ ਦੀ ਮੈਂਬਰਸ਼ਿਪ ਵੀ ਨਹੀਂ ਲਈ ਸੀ। ਕਾਲਜ ਦੇ ਦਿਨਾਂ ਵਿੱਚ ਉਹ ਖੱਬੇਪੱਖੀ ਵਿਚਾਧਾਰਾ ਤੋਂ ਪ੍ਰਭਾਵਿਤ ਹੋਏ, ਪਰ ਕਿਸੇ ਪਾਰਟੀ ਦੇ ਮੈਂਬਰ ਨਹੀਂ ਬਣੇ ਸਨ। ਮਾਰਚ 2011 ਵਿੱਚ ਜਦੋਂ ਮਨਪ੍ਰੀਤ ਬਾਦਲ ਨੇ ਪੀਪਲਜ਼ ਪਾਰਟੀ ਆਫ਼ ਪੰਜਾਬ ਬਣਾਈ ਤਾਂ ਭਗਵੰਤ ਮਾਨ ਵੀ ਸਿਆਸਤ ਵਿੱਚ ਕੁੱਦ ਪਿਆ ਅਤੇ ਪੀਪੀਪੀ ਦੇ ਬਾਨੀ ਆਗੂਆਂ ਵਿੱਚ ਸ਼ੁਮਾਰ ਹੋਇਆ।

ਫਰਵਰੀ 2012 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਗਵੰਤ ਨੇ ਹਲਕਾ ਲਹਿਰਾਗਾਗਾ ਤੋਂ ਪੀਪੀਪੀ ਦੇ ਉਮੀਦਵਾਰ ਵਜੋਂ ਚੋਣ ਲੜੀ। ਪੰਜਾਬ ਦੀ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੀ ਦਿੱਗਜ ਆਗੂ ਰਾਜਿੰਦਰ ਕੌਰ ਭੱਠਲ ਖ਼ਿਲਾਫ਼ ਲੜੀ ਪਹਿਲੀ ਚੋਣ ਵਿੱਚ ਭਗਵੰਤ ਮਾਨ ਹਾਰ ਗਏ। 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੀਪੀਪੀ ਨੂੰ ਕੋਈ ਵੀ ਸੀਟ ਨਹੀਂ ਮਿਲੀ ਅਤੇ ਅਕਾਲੀ ਦਲ ਦੀ ਲਗਾਤਾਰ ਦੂਜੀ ਵਾਰ ਸਰਕਾਰ ਬਣ ਗਈ। ਇਸ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਵਿੱਚ ਜਾਣ ਦੀ ਤਿਆਰੀ ਕਰਨ ਲੱਗੇ ਤਾਂ ਭਗਵੰਤ ਮਾਨ ਨੇ ਕਾਂਗਰਸ ਵਿੱਚ ਜਾਣ ਦੀ ਥਾਂ ਵੱਖਰਾ ਰਾਹ ਚੁਣਿਆ ਅਤੇ 2014 ਵਿੱਚ ਆਮ ਆਦਮੀ ਪਾਰਟੀ ਹਿੱਸਾ ਬਣੇ ।

ਅੰਨਾ ਹਜ਼ਾਰੇ ਦੀ ਲਹਿਰ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਜ਼ਬਰਦਸਤ ਸਮਰਥਨ ਮਿਲਿਆ ਅਤੇ 2014 ਦੀਆਂ ਲੋਕ ਸਭਾ ਚੋਣਾਂ ਵਿੱਚੋਂ 4 ਸੀਟਾਂ ਜਿਤਾ ਦਿੱਤੀਆਂ। ਭਗਵੰਤ ਮਾਨ ਇਨ੍ਹਾਂ ਚੋਣਾਂ ਵਿੱਚ ਪਾਰਟੀ ਦੇ ਕੰਪੇਨ ਦਾ ਚਿਹਰਾ ਮੋਹਰਾ ਸਨ। ਉਨ੍ਹਾਂ ਆਪ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਲੜੀ ਤੇ ਅਕਾਲੀ ਦਲ ਦੇ ਵੱਡੇ ਆਗੂ ਸੁਖਦੇਵ ਸਿੰਘ ਢੀਂਡਸਾ ਨੂੰ 2,11,721 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ। ਕਾਂਗਰਸੀ ਆਗੂ ਵਿਜੇਇੰਦਰ ਸਿੰਗਲਾ ਇਨ੍ਹਾਂ ਚੋਣਾਂ ਵਿੱਚ ਤੀਜੀ ਥਾਂ ਉੱਤੇ ਰਹੇ ਹਨ।

2019 ਦੀਆਂ ਲੋਕਾਂ ਸਭਾ ਚੋਣਾਂ ਤੱਕ ਪੰਜਾਬ ਦੇ ਸਿਆਸੀ ਹਾਲਾਤ ਬਦਲ ਚੁੱਕੇ ਸਨ, 2017 ਦੀਆਂ ਚੋਣਾਂ ਵਿੱਚ ਕਾਂਗਰਸ ਨੇ ਮੁੜ ਸੱਤਾ ਹਾਸਲ ਕਰ ਲਈ ਸੀ। ਆਮ ਆਦਮੀ ਪਾਰਟੀ ਵੀ ਦੋਫ਼ਾੜ ਹੋ ਗਈ, ਸੁਖ਼ਪਾਲ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਅਤੇ ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ ਅਤੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਸਾਂਝਾ ਗਠਜੋੜ ਬਣਾ ਕੇ ਲੜੀ। ਪਰ ਉਹ ਕੋਈ ਸੀਟ ਨਹੀਂ ਜਿੱਤ ਸਕੇ। ਇਨ੍ਹਾਂ ਚੋਣਾਂ ਦੌਰਾਨ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਤੋਂ ਬਿਨਾਂ ਭਗਵੰਤ ਮਾਨ ਇੱਕੋ ਇੱਕ ਅਜਿਹਾ ਆਗੂ ਸਨ, ਜੋ ਤੀਜੀ ਧਿਰ ਵਜੋਂ ਸੰਗਰੂਰ ਤੋਂ ਮੁੜ ਚੋਣ ਜਿੱਤ ਕੇ ਲੋਕ ਸਭਾ ਵਿੱਚ ਪਹੁੰਚੇ। ਇਸ ਨਾਲ ਭਗਵੰਤ ਮਾਨ ਆਮ ਆਦਮੀ ਪਾਰਟੀ ਵਿੱਚ ਸਿਰਮੌਰ ਆਗੂ ਵਜੋਂ ਉੱਭਰ ਕੇ ਸਾਹਮਣੇ ਆਏ।

8 ਮਈ 2017 ਨੂੰ ਭਗਵੰਤ ਮਾਨ ਨੂੰ ਆਮ ਆਦਮੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਬਣਾਇਆ ਗਿਆ, ਪਰ ਕੁਝ ਸਮੇਂ ਬਾਅਦ ਉਨ੍ਹਾਂ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਹ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਉੱਤੇ ਡਰੱਗ ਮਾਫ਼ੀਆ ਨੂੰ ਸਰਪ੍ਰਸਤੀ ਦੇ ਇਲਜ਼ਾਮ ਲਾਉਣ ਦੇ ਮਾਨਹਾਨੀ ਮਾਮਲੇ ਵਿੱਚ ਅਰਵਿੰਦ ਕੇਜਰੀਵਾਲ ਦੇ ਅਦਾਲਤ ਵਿੱਚ ਮਾਫ਼ੀ ਮੰਗੇ ਜਾਣ ਤੋਂ ਨਰਾਜ਼ ਸਨ।

2017 ਦੀਆਂ ਚੋਣਾਂ ਵਿੱਚ ਭਗਵੰਤ ਮਾਨ ਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਜਲਾਲਾਬਾਦ ਤੋਂ ਸੁਖਬੀਰ ਬਾਦਲ ਖ਼ਿਲਾਫ਼ ਲੜੇ ਪਰ ਉਹ ਬਾਦਲ ਤੋਂ 18500 ਵੋਟਾਂ ਨਾਲ ਹਰ ਗਏ। ਕਾਂਗਰਸ ਨੇ ਵੀ ਇੱਥੋਂ ਰਵਨੀਤ ਬਿੱਟੂ ਨੂੰ ਉਤਾਰ ਦਿੱਤਾ ਸੀ, ਜਿਸ ਕਾਰਨ ਤ੍ਰਿਕੋਣੀ ਟੱਕਰ ਵਿੱਚ ਭਗਵੰਤ ਮਾਨ ਦੀ ਹਾਰ ਹੋਈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਗਵੰਤ ਮਾਨ ਨੇ 111,111 ਵੋਟਾਂ ਨਾਲ ਮੁੜ ਚੋਣ ਜਿੱਤ ਲਈ।

### ਭਗਵੰਤ, ਸ਼ਰਾਬ ਤੇ ਵਿਵਾਦ

ਸਿਆਸਤਦਾਨਾਂ ਉੱਤੇ ਆਮ ਕਰਕੇ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਵਰਗੇ ਇਲਜ਼ਾਮ ਲੱਗਦੇ ਹਨ। ਪਰ ਕਰੀਬ ਇੱਕ ਦਹਾਕੇ ਦੇ ਸਿਆਸੀ ਕਰੀਅਰ ਦੌਰਾਨ ਭਗਵੰਤ ਮਾਨ ਉੱਤੇ ਜਿਹੜਾ ਸਭ ਤੋਂ ਵੱਡਾ ਇਲਜ਼ਾਮ ਲੱਗਿਆ ਉਹ ਹੈ, ਸ਼ਰਾਬ ਪੀਣ ਦਾ। 'ਆਪ' ਦੇ ਬਾਗੀ ਆਗੂ ਯੋਗੇਂਦਰ ਯਾਦਵ ਨੇ ਇਸ ਦਾ ਜ਼ਿਕਰ 2015 ਵਿੱਚ ਕੀਤਾ। ਉਨ੍ਹਾਂ ਮੀਡੀਆ ਵਿੱਚ ਦਾਅਵਾ ਕੀਤਾ ਸੀ ਕਿ ਜੁਲਾਈ 2014 ਵਿੱਚ ਪਾਰਟੀ ਦੇ ਸੰਸਦ ਮੈਂਬਰਾਂ ਦੀ ਇੱਕ ਬੈਠਕ ਬੁਲਾਈ ਗਈ ਸੀ, ਭਗਵੰਤ ਮਾਨ ਮੇਰੇ ਨਾਲ ਬੈਠੇ ਸਨ ਤਾਂ ਉਨ੍ਹਾਂ ਤੋਂ ਸ਼ਰਾਬ ਦੀ ਮੁਸ਼ਕ ਆ ਰਹੀ ਸੀ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਭਗਵੰਤ ਮਾਨ ਉੱਤੇ ਸ਼ਰਾਬ ਦਾ ਆਦੀ ਹੋਣ ਦੇ ਇਲਜ਼ਾਮ ਮੀਡੀਆ ਵਿੱਚ ਲਾਏ।

ਕੈਪਟਨ ਅਮਰਿੰਦਰ ਦੇ ਇਲਜ਼ਾਮਾਂ ਤੋਂ ਕੁਝ ਦਿਨ ਬਾਅਦ 'ਆਪ' ਦੇ ਬਾਗੀ ਆਗੂ ਹਰਿੰਦਰ ਸਿੰਘ ਖ਼ਾਲਸਾ ਨੇ ਤਤਕਾਲੀ ਲੋਕ ਸਭਾ ਸਪੀਕਰ, ਸੁਮਿਤਰਾ ਮਹਾਜਨ ਨੂੰ ਲਿਖਤੀ ਅਪੀਲ ਕੀਤੀ ਕਿ ਉਨ੍ਹਾਂ ਦੀ ਸੀਟ ਬਦਲੀ ਜਾਵੇ, ਕਿਉਂਕਿ ਭਗਵੰਤ ਮਾਨ ਤੋਂ ਉਨ੍ਹਾਂ ਨੂੰ ਸ਼ਰਾਬ ਦੀ ਮੁਸ਼ਕ ਆਉਂਦੀ ਹੈ। ਕਈ ਵਾਰ ਸੰਸਦ ਵਿੱਚ ਉਨ੍ਹਾਂ ਦੇ ਭਾਸ਼ਣ ਦੌਰਾਨ ਸੱਤਾਧਾਰੀ ਭਾਜਪਾ ਮੈਂਬਰ ਉਨ੍ਹਾਂ ਉੱਤੇ ਸ਼ਰਾਬ ਪੀਕੇ ਸੰਸਦ ਵਿੱਚ ਆਉਣ ਦਾ ਇਲਜ਼ਾਮ ਲਾਉਂਦੇ ਰਹੇ।

ਇੱਕ ਵਾਰ ਸੰਸਦ ਵਿੱਚ ਬਹਿਸ ਦੌਰਾਨ ਭਗਵੰਤ ਮਾਨ ਜਦੋਂ ਬੋਲ ਰਹੇ ਸਨ ਤਾਂ ਇੱਕ ਭਾਜਪਾ ਸੰਸਦ ਮੈਂਬਰ ਉਨ੍ਹਾਂ ਦੇ ਨੇੜੇ ਜਾ ਕੇ ਸੁੰਘ ਰਿਹਾ ਸੀ ਤਾਂ ਉਹ ਵੀਡੀਓ ਵੀ ਕਾਫ਼ੀ ਵਾਇਰਲ ਹੋਇਆ ਸੀ। ਵੈਸੇ ਤਾਂ ਬਹੁਤ ਸਾਰੇ ਆਗੂ ਸ਼ਰਾਬ ਪੀਂਦੇ ਹਨ ਪਰ ਭਗਵੰਤ ਮਾਨ ਉੱਤੇ ਇਲਜ਼ਾਮ ਲੱਗਿਆ ਕਿ ਉਹ ਦਿਨੇ ਹੀ ਸ਼ਰਾਬ ਪੀਕੇ ਸਮਾਗਮਾਂ ਵਿੱਚ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਦੌਰਾਨ 2015 ਵਿੱਚ ਹੋਈ ਫਾਇਰਿੰਗ ਦੌਰਾਨ ਮਾਰੇ ਗਏ ਨੌਜਵਾਨਾਂ ਦੇ ਭੋਗ ਸਮਾਗਮ ਵਿੱਚ ਵੀ ਭਗਵੰਤ 'ਤੇ ਸ਼ਰਾਬ ਪੀ ਕੇ ਜਾਣ ਦੇ ਇਲਜ਼ਾਮ ਲੱਗੇ।

ਇਸ ਸਮਾਗਮ ਦੌਰਾਨ ਉਨ੍ਹਾਂ ਦੇ ਮੰਚ ਤੋਂ ਉੱਠ ਕੇ ਜਾਣ ਦਾ ਵੀਡੀਓ ਵੀ ਵਾਇਰਲ ਹੋ ਰਿਹਾ ਸੀ, ਜਿਸ ਵਿੱਚ ਉਨ੍ਹਾਂ ਉੱਤੇ ਕੁਝ ਲੋਕ ਸ਼ਰਾਬ ਪੀਤੇ ਹੋਣ ਦਾ ਇਲਜ਼ਾਮ ਲਾ ਰਹੇ ਸਨ। ਪਰ ਉਹ ਚੁੱਪਚਾਪ ਗੱਡੀ ਵਿੱਚ ਬੈਠ ਕੇ ਚਲੇ ਜਾਂਦੇ ਹਨ, ਉਹ ਇਸ ਬਾਬਤ ਕਹਿੰਦੇ ਹਨ ਕਿ ਉਹ ਕੋਈ ਵਿਵਾਦ ਖੜ੍ਹਾ ਨਹੀਂ ਕਰਨਾ ਚਾਹੁੰਦੇ ਸਨ। ਇਸ ਸਾਰੀ ਇਲਜ਼ਾਮ ਤਰਾਸ਼ੀ ਉਨ੍ਹਾਂ ਨੂੰ ਬਦਨਾਮ ਕਰਨ ਵਾਸਤੇ ਕੀਤੀ ਗਈ। ਨਵੰਬਰ 2016 ਵਿੱਚ ਆਸਟ੍ਰੇਲੀਆ ਵਿੱਚ ਮਾਰੇ ਗਏ ਗਾਇਕ ਮਨਮੀਤ ਅਲੀਸ਼ੇਰ ਦਾ ਅੰਤਿਮ ਸਸਕਾਰ ਮੌਕੇ ਵੀ ਭਗਵੰਤ ਦੇ ਸ਼ਰਾਬ ਪੀਤੇ ਹੋਣ ਦਾ ਇਲਜ਼ਾਮ ਲੱਗਿਆ ਸੀ।

ਪੰਜਾਬ ਵਿੱਚ ਵੀ ਕਈ ਜਨਤਕ ਸਮਾਗਮਾਂ ਦੀਆਂ ਕਈ ਵੀਡੀਓਜ਼ ਵਾਇਰਲ ਕਰਵਾ ਦੇ ਦਾਅਵਾ ਕੀਤਾ ਜਾਂਦਾ ਰਿਹਾ ਕਿ ਭਗਵੰਤ ਮਾਨ ਨੇ ਦਾਰੂ ਪੀਤੀ ਹੋਈ ਹੈ। ਭਗਵੰਤ ਮਾਨ ਅਤੇ ਉਨ੍ਹਾਂ ਦੇ ਸਮਰਥਕ ਇਸ ਨੂੰ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਪਾਰਟੀ ਖ਼ਿਲਾਫ਼ ਪ੍ਰਾਪੇਗੰਡਾ ਸਾਜਿਸ਼ ਦੱਸਦੇ ਹਨ। 20 ਜਨਵਰੀ 2019 ਨੂੰ ਭਗਵੰਤ ਮਾਨ ਨੇ ਬਰਨਾਲਾ ਵਿੱਚ ਪਾਰਟੀ ਦੀ ਰੈਲੀ ਦੌਰਾਨ ਆਪਣੀ ਮਾਂ ਦੀ ਹਾਜ਼ਰੀ ਵਿੱਚ ਐਲਾਨ ਕੀਤਾ ਕਿ ਉਨ੍ਹਾਂ ਪਹਿਲੀ ਜਨਵਰੀ 2019 ਤੋਂ ਦਾਰੂ ਨੂੰ ਹੱਥ ਨਾ ਲਾਉਣ ਦੀ ਕਸਮ ਪਾ ਲਈ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਭਾਰਤ ਦੇ ਮਹਾਨ ਆਗੂ ਜਿਸ ਨੂੰ ਇਤਿਹਾਸ 'ਚ ਅਣਗੌਲੇ ਕਰਨ ਦੀ ਕੋਸ਼ਿਸ਼

# ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਯਾਦ ਕਰਦਿਆਂ. ਇੰਗਲੈਂਡ 'ਚ ਡਾ.ਅੰਬੇਡਕਰ ਨੂੰ ਦਲਿਤਾਂ ਦਾ ਆਗੂ ਬਣਾਉਣ ਵਿੱਚ ਅਹਿਮ ਰੋਲ

## ਜਾਤਾਂਪਾਤਾਂ ਤੋਂ ਉਪਰ ਉਠ ਕੇ ਜਾਤ ਰਹਿਤ ਸਮਾਜ ਦੀ ਕੀਤੀ ਸਿਰਜਣਾ



ਸੰਤੋਖ ਸਿੰਘ ਜੱਸੀ
91-70876-19800

ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਨੂੰ ਹੋਇਆ। ਬਾਬੂ ਮੰਗੂ ਰਾਮ ਜੀ ਚੌਧਰੀ ਦੇ ਨਾਮ ਨਾਲ ਮਸ਼ਹੂਰ ਇੱਕ ਭਾਰਤੀ ਸੁਤੰਤਰਤਾ ਸੰਗਰਾਮੀ, ਪੰਜਾਬ ਦੇ ਇੱਕ ਰਾਜਨੇਤਾ ਅਤੇ ਗਦਰ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸਨ।

1909 ਵਿੱਚ ਉਹ ਸੰਯੁਕਤ ਰਾਜ ਅਮਰੀਕਾ ਚਲੇ ਗਏ ਅਤੇ ਗਦਰ ਪਾਰਟੀ ਨਾਲ ਜੁੜ ਗਏ। 1925 ਵਿੱਚ ਭਾਰਤ ਵਾਪਸ ਆਉਣ ਤੋਂ ਬਾਅਦ ਉਹ ਅਛੂਤ (ਦਲਿਤ) ਜਾਤੀ ਦੇ ਲੋਕਾਂ ਦੇ ਨੇਤਾ ਬਣ ਗਏ ਅਤੇ ਉਹਨਾਂ ਨੂੰ ਅਛੂਤ ਹੋਣ ਦੀ ਵਿਵਸਥਾ ਦੇ ਵਿਰੋਧ ਵਿੱਚ ਇੱਕਮੁੱਠ ਕੀਤਾ। ਜਿਹਨਾਂ 'ਤੇ ਬਹੁਤ ਜੁਲਮ ਹੋ ਰਹੇ ਸਨ। ਆਦਿ-ਧਰਮ ਅੰਦੋਲਨ ਜੋ ਉਸ ਸਮੇਂ ਅਛੂਤਾਂ ਲਈ ਬਰਾਬਰੀ ਦੇ ਹੱਕ ਹਾਸਲ ਕਰਨ ਲਈ ਸਮਰਪਿਤ ਸੀ, ਦੀ ਨੀਂਹ ਰੱਖਣ ਵਿੱਚ ਬਾਬੂ ਜੀ ਨੇ ਅਹਿਮ ਭੂਮਿਕਾ ਨਿਭਾਈ ਸੀ।

ਬਾਬੂ ਮੰਗੂ ਰਾਮ ਜੀ ਦਾ ਜਨਮ ਪਿਤਾ ਹਰਮਨ ਦਾਸ ਅਤੇ ਮਾਤਾ ਅਤਰੀ ਦੇ ਘਰ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਰਾਜ, ਬ੍ਰਿਟਿਸ਼ ਭਾਰਤ ਦੇ ਇੱਕ ਚਮਾਰ ਪਰਿਵਾਰ ਵਿੱਚ ਹੋਇਆ। ਜਦੋਂ ਬਾਬੂ ਮੰਗੂ ਰਾਮ ਜੀ 3 ਸਾਲਾਂ ਦੇ ਸਨ ਤਾਂ ਉਹਨਾਂ ਦੀ ਮਾਤਾ ਅਤਰੀ ਦੀ ਮੌਤ ਹੋ ਗਈ। ਬਾਬੂ ਮੰਗੂ ਰਾਮ ਜੀ ਦੇ ਪਿਤਾ ਨੂੰ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੇ ਪੁੱਤਰ ਨੂੰ ਵੀ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ। ਇਸ ਲਈ ਬਾਬੂ ਮੰਗੂ ਰਾਮ ਜੀ ਨੂੰ ਮੁੱਢਲੀ ਵਿੱਦਿਆ ਲਈ ਸਕੂਲ ਵਿੱਚ ਦਾਖਲ ਕਰਵਾਇਆ।



ਬਾਬੂ ਮੰਗੂ ਰਾਮ ਜੀ ਨੂੰ 7 ਸਾਲ ਦੀ ਉਮਰ ਤੱਕ ਪਿੰਡ ਦੇ ਇੱਕ ਸੰਤ ਨੇ ਸਿੱਖਿਆ ਦਿੱਤੀ। ਬਾਬੂ ਮੰਗੂ ਰਾਮ ਜੀ ਨੇ ਮੁੱਗੋਵਾਲ ਖੇਤਰ ਅਤੇ ਦੇਹਰਾਦੂਨ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਜ਼ਿਆਦਾਤਰ ਸਕੂਲਾਂ ਵਿੱਚ ਬਾਬੂ ਮੰਗੂ ਰਾਮ ਜੀ ਇਕਲੌਤੇ ਦਲਿਤ ਵਿਦਿਆਰਥੀ ਸਨ। ਉਹਨਾਂ ਨੂੰ ਜਮਾਤ ਦੇ ਪਿਛਲੇ ਪਾਸੇ ਜਾਂ ਵੱਖਰੇ ਕਮਰੇ ਵਿੱਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਪੜ੍ਹਨਾ ਪਿਆ। ਜਦੋਂ ਉਹ ਬਜਵਾੜਾ ਦੇ ਹਾਈ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਨੂੰ ਕਮਰੇ ਦੇ ਬਾਹਰ ਰੁਕਣ ਲਈ ਮਜਬੂਰ ਕੀਤਾ ਗਿਆ ਅਤੇ ਖਿੜਕੀਆਂ ਰਾਹੀਂ ਕਲਾਸਾਂ ਸੁਣਦੇ ਸਨ। ਇੱਕ ਵਾਰ ਬਾਬੂ ਮੰਗੂ ਰਾਮ ਜੀ ਭਾਰੀ ਗੜ੍ਹੇਮਾਰੀ ਦੇ ਦੌਰਾਨ ਜਮਾਤ ਅੰਦਰ ਦਾਖਲ ਹੋ ਗਏ ਤਾਂ ਉਹਨਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਉਹਨਾਂ ਨੂੰ ਕੁੱਟਿਆ ਤੇ ਜਲੀਲ ਕੀਤਾ ਅਤੇ ਜਮਾਤ ਦੇ ਸਾਰੇ ਫਰਨੀਚਰ, ਜੋ ਇੱਕ ਅਛੂਤ ਦੇ ਜਮਾਤ ਅੰਦਰ ਆਉਣ ਨਾਲ ਭਿੱਟਿਆ ਗਿਆ ਮੰਨਿਆ ਗਿਆ ਸੀ, ਬਾਹਰ ਮੀਂਹ ਵਿੱਚ ਬੇਇੱਜ਼ਤ ਕੀਤਾ ਗਿਆ ਅਤੇ ਫਰਨੀਚਰ ਜਬਰੀ ਸਾਫ਼ ਕਰਵਾਇਆ ਗਿਆ। ਇਸ ਦੇ ਬਾਵਜੂਦ ਬਾਬੂ ਮੰਗੂ ਰਾਮ ਜੀ ਇੱਕ ਚੰਗੇ ਵਿਦਿਆਰਥੀ ਸਨ। ਉਹ ਪ੍ਰਾਇਮਰੀ ਸਕੂਲ ਵਿੱਚ ਆਪਣੀ ਜਮਾਤ ਵਿੱਚੋਂ ਤੀਜੇ ਨੰਬਰ 'ਤੇ ਆਏ ਸਨ। ਜਦੋਂ ਕਿ ਦੂਸਰੇ ਵਿਦਿਆਰਥੀਆਂ ਨੂੰ ਪਟਵਾਰੀ ਬਣਨ ਜਾਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਬਾਬੂ ਮੰਗੂ ਰਾਮ ਜੀ ਨੂੰ ਸਕੂਲ ਛੱਡਣ ਤੋਂ ਬਾਅਦ ਉਹਨਾਂ ਦੇ ਪਿਤਾ ਨੇ ਚਮਾਰ ਕੌਮ ਦੀ ਮਦਦ ਕਰਨ ਲਈ ਉਤਸ਼ਾਹਿਤ ਕੀਤਾ।

**ਆਦਿ-ਧਰਮ ਲਹਿਰ ਦੀ ਪਹਿਲੀ ਦਲਿਤ ਕਾਨਫਰੰਸ**

ਬਾਬੂ ਮੰਗੂ ਰਾਮ ਨੇ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਪਿੰਡ-ਪਿੰਡ ਜਾ ਕੇ ਆਤਮ ਸਨਮਾਨ ਲਈ ਜਹਾਦ ਖੜ੍ਹਾ ਕਰ ਦਿੱਤਾ ਕਿ "ਅਸੀਂ ਦੋਹਰੇ ਗੁਲਾਮ ਹਾਂ।" ਇੱਕ ਪਾਸੇ ਅਸੀਂ ਅੰਗਰੇਜਾਂ ਦੇ ਗੁਲਾਮ ਹਾਂ, ਦੂਜੇ ਪਾਸੇ ਅਸੀਂ ਹਿੰਦੂਆਂ ਦੇ ਗੁਲਾਮ ਹਾਂ। ਗੁਲਾਮੀ ਤੋਂ ਛੁਟਕਾਰੇ ਲਈ ਬਾਬੂ ਜੀ ਨੇ ਪੱਛੜੀਆਂ ਸ਼੍ਰੇਣ-ੀਆਂ ਦੀ 11-12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਖੇ ਦੋ ਰੋਜਾ ਕਾਨਫਰੰਸ ਦਾ ਆਯੋਜਨ ਕੀਤਾ।

ਕਾਨਫਰੰਸ ਵਿੱਚ ਪੰਜਾਬ ਭਰ ਤੋਂ ਪੱਛੜੀਆਂ ਸ਼੍ਰੇਣੀਆਂ ਵਾਲਮੀਕਿ, ਆਦਿ-ਧਰਮੀ, ਸਾਂਸੀ, ਭੰਜੜੇ, ਗੰਧੀਲੇ, ਬਰੜ, ਜੁਲਾਹੇ, ਮੇਘ, ਚੰਬਾਰ, ਕਬੀਰ ਪੰਥੀ, ਮਹਾਸੇ, ਡੋਮ, ਜਟੀਏ ਆਦਿ ਜਾਤਾਂ ਨੂੰ ਨੁਮਾਇੰਦਿਆਂ ਨੇ ਭਾਗ ਲਿਆ। ਅਛੂਤਾਂ ਤੋਂ ਇਲਾਵਾ ਦੂਸਰੇ ਮਜ਼ਹਬਾਂ ਈਸਾਈਆਂ, ਸਿੱਖਾਂ, ਮੁਸਲਮਾਨਾਂ, ਸਨਾਤਨੀ ਅਤੇ ਆਰੀਆ ਸਮਾਜੀਆਂ ਦੇ ਸਨਮਾਨ ਯੋਗ ਲੋਕ ਵੀ ਸ਼ਾਮਿਲ ਹੋਏ। ਇਸ ਕਰਕੇ ਇਹ ਇੱਕ ਸਫ਼ਲ ਕਾਨਫਰੰਸ ਸੀ।

ਅਛੂਤਾਂ ਦੇ ਨੁਮਾਇੰਦਿਆਂ ਨੇ ਆਪਣੇ ਹਾਲਾਤਾਂ ਸੰਬੰਧੀ ਵਿਚਾਰ ਸਪੱਸ਼ਟ ਅਤੇ ਗੱਜ-ਵੱਜ ਕੇ ਕਹੇ ਉਹਨਾਂ ਨੇ ਸਾਰੇ ਪਾਖੰਡੀ ਧਰਮਾਂ ਬਾਰੇ ਦੱਸ ਕੇ ਪਾਜ ਉਘੇੜੇ। ਦੂਸਰੇ ਧਰਮਾਂ ਦੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਉਹਨਾਂ ਦੀ ਜ਼ਬਰਦਸਤ ਆਲੋਚਨਾ ਕੀਤੀ। ਬੇਹੱਦ ਬਹਿਸ ਅਤੇ ਦਲੀਲਬਾਜੀ ਤੋਂ ਬਾਅਦ ਰਿਸ਼ੀ ਵਾਲਮੀਕਿ, ਗੁਰੂ ਰਵਿਦਾਸ, ਗੁਰੂ ਕਬੀਰ ਅਤੇ ਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਇਹ ਫੈਸਲਾ ਕੀਤਾ ਗਿਆ ਕਿ ਅਛੂਤਾਂ ਨੂੰ ਆਦਿ-ਧਰਮੀ ਕਿਹਾ ਜਾਵੇ। ਕਾਨਫਰੰਸ ਵਿੱਚ ਸਰਬਸੰਮਤੀ ਨਾਲ 25 ਮਤੇ ਪਾਸ ਕੀਤੇ ਗਏ। ਇੱਕ ਸੌ ਮੈਂਬਰੀ ਕਮੇਟੀ ਬਣਾਈ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਅਤੇ ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ।




ਮੁੱਗੋਵਾਲ ਕਾਨਫਰੰਸ ਸੰਬੰਧੀ ਛਪਿਆਂ ਜਜ਼ਬਾਤਾਂ ਭਰਪੂਰ ਇਸ਼ਤਿਹਾਰ ਆਰਗੇਨਾਈਜ਼ਰ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਾਰ ਕਮੇਟੀ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰ-ਪੁਰ ਦੇ ਆਦਿ-ਧਰਮ ਸਕੂਲ ਦਾ ਵੱਡਾ ਭਾਰੀ ਦੀਵਾਨ ਤੇ ਪਹਿਲਾਂ ਸਾਲਾਨਾ ਜਲਸਾ 11-12 ਜੂਨ ਦਿਨ ਐਤਵਾਰ, ਸੋਮਵਾਰ 1927 ਨੂੰ ਹੋਇਆ।

ਅਮਰੀਕਾ ਤੋਂ ਵਾਪਸ ਆਉਣ ਤੋਂ ਬਾਅਦ ਬਾਬੂ ਮੰਗੂ ਰਾਮ ਜੀ ਨੇ ਆਪਣੇ ਗ੍ਰਹਿ ਪਿੰਡ ਮੁੱਗੋਵਾਲ ਵਿਖੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਿਸਦਾ ਨਾਮ ਉਹਨਾਂ ਨੇ ਆਦਿ-ਧਰਮ ਸਕੂਲ ਰੱਖਿਆ। ਇਹ ਉਹੀ ਸਕੂਲ ਸੀ, ਜਿੱਥੇ ਬਾਬੂ ਮੰਗੂ ਰਾਮ ਜੀ ਨੇ ਸਭ ਤੋਂ ਪਹਿਲਾਂ ਮੀਟਿੰਗ ਬੁਲਾਈ। ਜਿਸ ਨੇ ਆਦਿ-ਧਰਮ ਲਹਿਰ ਦੀ ਰਸਮੀ ਸ਼ੁਰੂਆਤ ਕੀਤੀ। ਆਦਿ-ਧਰਮ ਲਹਿਰ ਦੀ ਸਥਾਪਨਾ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕੀਤੀ ਗਈ ਸੀ। ਜਿਸ ਨੇ ਦਲਿਤਾਂ ਦੇ ਸਮਾਜਿਕ ਢਾਂਚੇ ਨੂੰ ਨੀਵਾਂ ਕੀਤਾ ਹੋਇਆ ਸੀ। ਦਲਿਤਾਂ ਵਲੋਂ ਜਾਤੀ ਨਾਲ ਭਰੇ ਸਮਾਜ ਵਿੱਚ ਬਰਾਬਰੀ ਹਾਸਲ ਕਰਨ ਲਈ ਇਹ ਸ਼ਾਨਦਾਰ ਕਦਮ ਸੀ। ਆਦਿ-ਧਰਮ ਅੰਦੋਲਨ ਦੇ ਜ਼ਰੀਏ, ਬਾਬੂ ਮੰਗੂ ਰਾਮ ਜੀ ਨੇ ਉੱਤਰੀ-ਭਾਰਤ ਵਿੱਚ ਦਲਿਤ ਅੰਦੋਲਨ ਦੀ ਸ਼ੁਰੂਆਤ ਕੀਤੀ।

ਬਾਬੂ ਮੰਗੂ ਰਾਮ ਜੀ ਨੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਨੂੰ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਦਾ ਰਾਹ ਮੁਸ਼ਕਿਲਾਂ ਨਾਲ ਘਿਰਿਆ ਹੋਇਆ ਸੀ। ਉਹਨਾਂ ਨੂੰ ਮੁਸ਼ਕਿਲਾਂ ਅਤੇ ਮੁਸ਼ਕਿਲ ਹਾਲਾਤਾਂ ਦੇ ਵਿਰੁੱਧ ਕੰਮ ਕਰਨਾ ਪਿਆ। ਬਾਬੂ ਮੰਗੂ ਰਾਮ ਜੀ ਦੁਆਰਾ ਲਿਆਂਦਾ ਗਿਆ ਸੰਦੇਸ਼ ਨਵਾਂ ਅਤੇ ਪ੍ਰੇਰਣਾਦ-ਾਇਕ ਸੀ। ਇਸ ਦਾ ਉਦੇਸ਼ ਅਛੂਤਾਂ ਨੂੰ ਜਾਗਰੂਕ ਕਰਨਾ ਸੀ। ਸੰਦੇਸ਼ ਵਿੱਚ ਉਹਨਾਂ ਨੂੰ ਆਪਣੇ ਆਪ ਨੂੰ ਜਾਣਨ ਅਤੇ ਮਹਿਸੂਸ ਕਰਨ ਲਈ ਕਿਹਾ ਗਿਆ, ਕਿਉਂਕਿ ਉਹ ਦੁਸ਼ਮਣਾਂ ਦੇ ਪ੍ਰਭਾਵਾਂ ਕਾਰਨ ਆਪਣੇ ਸੱਚੇ ਆਪੇ ਨੂੰ ਭੁੱਲ ਗਏ ਹਨ। ਜਿਸ ਵਿੱਚ ਉਹ ਹਜ਼ਾਰਾਂ ਸਾਲਾਂ ਤੋਂ ਜੀ ਰਹੇ ਸਨ। ਇਹ ਕਲਪਨਾ ਅਤੇ ਦੱਬੇ-ਕੁੱਚਲੇ ਲੋਕਾਂ ਦੇ ਦਿਲਾਂ ਨੂੰ ਫੜ੍ਹ ਲਿਆ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ 1932 ਨੂੰ ਜਦੋਂ ਮਹਾਤਮਾ ਗਾਂਧੀ ਨੇ ਗੋਲਮੇਜ਼ ਕਾਨਫਰੰਸ ਲੰਡਨ ਵਿੱਚ ਐਲਾਨ ਕੀਤਾ ਕਿ ਉਹ ਹੀ ਦਲਿਤਾਂ (ਅਛੂਤਾਂ) ਦਾ ਆਗੂ ਹੈ ਤਾਂ ਬਾਬੂ ਮੰਗੂ ਰਾਮ ਜੀ ਨੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਭਾਵ ਦਲਿਤਾਂ (ਅਛੂਤਾਂ) ਦਾ ਆਗੂ ਮੰਨਿਆ ਅਤੇ ਬਾਬਾ ਸਾਹਿਬ ਦੇ ਹੱਕ ਵਿੱਚ ਤਾਰਾਂ (ਟੈਲੀਗ੍ਰਾਮ) ਭੇਜੀਆਂ ਤੇ ਲਿਖਿਆ ਕਿ ਸਾਡੇ ਅਛੂਤਾਂ ਦੇ ਆਗੂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਹੀ ਹਨ।

**ਸੰਘਰਸ਼ 'ਤੇ ਪੰਛੀ ਝਾਤ**

ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਜਾਤ-ਆਧਾਰਿਤ ਵਿਤਕਰੇ ਨੂੰ ਆਪਣੇ ਤਨ-ਬਦਨ 'ਤੇ ਹੰਢਾਇਆ। 1909 ਵਿੱਚ ਯੂ.ਐਸ.ਏ. ਚਲੇ ਗਏ ਅਤੇ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾਂ ਦੇ ਸੰਪਰਕ ਵਿੱਚ ਆਏ ਅਤੇ ਇਸ ਲਹਿਰ ਵਿੱਚ ਕੰਮ ਕੀਤਾ ਉਪਰੰਤ ਫਿਲਪਾਈਨ (ਮਨੀਲਾ) ਸ਼੍ਰੀ ਲੰਕਾ ਹੁੰਦੇ ਹੋਏ 1925 ਵਿੱਚ ਵਤਨ ਪਰਤੇ ਅਤੇ ਆਪਣੇ ਪਿੰਡ ਪਹਿਲਾ ਆਦਿ-ਧਰਮ ਪ੍ਰਾਇਮਰੀ ਸਕੂਲ ਖੋਲ੍ਹਿਆ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਇੱਕ ਵਿਸ਼ਾਲ ਜਲਸਾ ਕੀਤਾ, ਜਿਸ ਵਿੱਚ ਚੂਹੜੇ-ਚਮਾਰ ਦੀ ਜਗ੍ਹਾ 'ਆਦਿ-ਧਰਮੀ' ਨਾਂ ਵਰਤਣ ਦਾ ਫੈਸਲਾ ਹੋਇਆ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ। ਇਸ ਸੰਮੇਲਨ ਵਿੱਚ ਦਲਿਤ ਵਰਗਾਂ ਦੀਆਂ ਗਰੀਬ 36 ਜਾਤਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਬਾਬੂ ਮੰਗੂ ਰਾਮ ਆਦਿ-ਧਰਮ ਮੰਡਲ ਦੇ ਪਹਿਲੇ ਪ੍ਰਧਾਨ ਥਾਪੇ ਗਏ। ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ। ਜਨਵਰੀ 1928 ਨੂੰ ਸਾਈਮਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕਰਦਿਆਂ ਬਾਬੂ ਮੰਗੂ ਰਾਮ ਨੇ ਸਬੂਤਾਂ ਸਹਿਤ ਦੱਸਿਆ ਕਿ ਉਹ ਆਦਿ-ਧਰਮੀ, ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਨਹੀਂ। ਲੰਮੇ ਸੰਘਰਸ਼ ਅਤੇ ਦਲੀਲਬਾਜੀ ਤੋਂ ਬਾਅਦ ਦਲਿਤਾਂ ਨੂੰ 'ਆਦਿ-ਧਰਮ' ਜਾਂ 'ਆਦਿ-ਧਰਮੀ' ਹੋਣ ਦਾ ਨਾਂ ਮਨਜ਼ੂਰ ਹੋਇਆ। ਜਨਵਰੀ 1928 ਵਿੱਚ 15 ਮੰਨੇ-ਪ੍ਰਮੰਨੇ ਵਿਅਕਤੀਆਂ ਦਾ ਡੈਪੂਟੇਸ਼ਨ ਰੋਇਲ ਕਮਿਸ਼ਨ ਸਾਹਮਣੇ ਪੇਸ਼ ਹੋਇਆ ਸੀ। ਸੰਨ 1929 ਵਿੱਚ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਜੀ ਨੇ 300 ਵਿਅਕਤੀਆਂ ਦੇ ਨਾਲ ਉਸ ਨਾਲ ਮੁਲਾਕਾਤ ਕੀਤੀ ਅਤੇ ਮੈਮੋਰੰਡਮ ਦਿੱਤਾ। 1930 ਵਿੱਚ ਆਦਿ-ਧਰਮ ਮੰਡਲ ਦਾ ਨਾਮ ਰਜਿਸਟਰਡ ਹੋ ਗਿਆ। 1931 ਦੀ ਮਰਦਮਸ਼ੁਮਾਰੀ ਵਿੱਚ ਲੱਖਾਂ ਲੋਕਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਲਿਖਵਾਇਆ। ਸੰਨ 1932 ਵਿੱਚ ਲੰਡਨ ਗੋਲਮੇਜ਼ ਕਾਨਫਰੰਸ ਦੇ ਦੂਜੇ ਸੈਸ਼ਨ ਵਿੱਚ ਆਦਿ-ਧਰਮ ਮੰਡਲ ਵਲੋਂ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਪੱਖ ਵਿੱਚ 57 ਟੈਲੀਗ੍ਰਾਮਾਂ ਭੇਜੀਆਂ ਗਈਆਂ। ਉਸ ਵੇਲੇ ਬਾਬਾ ਸਾਹਿਬ ਗਾਂਧੀ ਦੇ ਮੁਕਾਬਲੇ 7 ਵੋਟਾਂ ਨਾਲ ਅਛੂਤਾਂ (ਡਿਪ੍ਰੈੱਸਡ ਕਲਾਸਾਂ) ਦੇ ਆਗੂ ਪ੍ਰਵਾਨੇ ਗਏ। ਇਸ ਹਾਰ ਕਾਰਨ ਗਾਂਧੀ ਜੀ ਨੂੰ ਵਾਪਸ ਭਾਰਤ ਪਰਤਣਾ ਪਿਆ। ਕਮਿਊਨਲ ਐਵਾਰਡ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖਿਆ ਤਾਂ ਮੁਕਾਬਲੇ 'ਤੇ ਬਾਬੂ ਮੰਗੂ ਰਾਮ ਨੇ ਵੀ ਵਰਤ ਰੱਖਿਆ ਸੀ। ਆਦਿ-ਧਰਮ ਮੰਡਲ ਜਲੰਧਰ ਨੇ ਸਪਤਾਹਿਕ 'ਆਦਿ-ਡੰਕਾ' ਅਖ਼ਬਾਰ ਵੀ ਕੱਢਿਆ।

ਸੰਨ 1946 ਵਿੱਚ ਬਾਬੂ ਜੀ ਐਮ.ਐਲ.ਏ. ਚੁਣੇ ਗਏ। ਫਰੀਡਮ ਫਾਈਟਰ ਤੌਰ 'ਤੇ 15 ਅਗਸਤ 1972 ਨੂੰ ਸ਼੍ਰੀਮਤੀ ਇੰਦਰਾ ਗਾਂਧੀ ' ਪੱਤਰ' ਦੇ ਕੇ ਸਨਮਾਨਿਤ ਕੀਤਾ ਤੇ 200/- ਰੁਪਏ ਮਹੀਨਾ ਪੈਨਸ਼ਨ ਲੱਗੀ। 22 ਮਈ 1977 'ਆਦਿ-ਧਰਮ' ਬ੍ਰਦਰਹੁੱਡ ਯੂ.ਕੇ. ਦੇ ਸੱਦੇ 'ਤੇ 6 ਮਹੀਨੇ ਲਈ ਇੰਗਲੈਂਡ ਦੀ ਯਾਤਰਾ 'ਤੇ ਗਏ। ਅੰਤ 22 ਅਪ੍ਰੈਲ 1980 ਨੂੰ 94 ਸਾਲ ਦੀ ਉਮਰ 'ਚ ਦੇਸ਼ ਕੌਮ ਦਾ ਨਿਧੜਕ ਯੋਧਾ ਸਾਥੋਂ ਸਦਾ ਲਈ ਵਿੱਛੜ ਗਿਆ। ਇਹ ਗਦਰੀ ਆਗੂ, ਬਾਨੀ ਆਦਿ-ਧਰਮ ਅਤੇ ਆਦਿ-ਧਰਮ ਦੀ ਲਹਿਰ, ਸਾਡੇ ਇਤਿਹਾਸ ਦਾ ਇੱਕ ਸ਼ਾਨਦਾਰ ਪੰਨਾ ਹੈ।

**ਬਾਬਾ ਸਾਹਿਬ ਦਾ ਸਵਾਗਤ**

ਬਾਬੂ ਮੰਗੂ ਰਾਮ ਮੁੱਗੋਵਾਲੀਆ ਪ੍ਰਧਾਨ ਆਦਿ-ਧਰਮ ਮੰਡਲ ਅਤੇ ਮੰਡਲ ਦੇ ਹੋਰ ਤਮਾਮ ਅਹੁੱਦੇਦਾਰਾਂ ਅਤੇ ਮੈਂਬਰਾਂ ਨੇ ਅਤੇ ਸਮਾਜ ਦੇ ਸ਼ੁੱਭਚਿੰਤਕਾਂ ਨੇ ਬਾਬਾ ਸਾਹਿਬ ਦਾ ਸਵਾਗਤ ਕਰਦਿਆਂ ਕਿਹਾ ਕਿ "ਅਸੀਂ ਖੁਸ਼ੀ ਨਾਲ ਯਕੀਨ ਕਰਦੇ ਹਾਂ ਕਿ ਆਪ ਦੇ ਹੱਥ ਵਿੱਚ ਸਾਡੇ ਹੱਕ ਸੁਰੱਖਿਅਤ ਹਨ। ਆਉਣ ਵਾਲੀਆਂ ਪੀੜ੍ਹੀਆਂ ਡਿਪ੍ਰੈੱਸਡ ਕਲਾਸਜ਼ ਦੇ ਚੈਂ-ਪੀਅਨ ਵਜੋਂ ਸੁਨਹਿਰੀ ਅੱਖਰਾਂ ਵਿੱਚ ਆਪ ਨੂੰ ਯਾਦ ਕਰੇਗੀ।"

**ਪੂਨਾ ਪੈਕਟ:-**

ਪੂਨਾ ਪੈਕਟ ਮੁਤਾਬਿਕ 175 ਸੀਟਾਂ ਅਛੂਤਾਂ ਦੇ ਹਿੱਸੇ ਆਈਆਂ। ਪੰਜਾਬ ਦੇ ਹਿੱਸੇ 8 ਸੀਟਾਂ ਆਈਆਂ। 7 ਸੀਟਾਂ 'ਤੇ ਆਦਿ-ਧਰਮ ਦੇ ਉਮੀਦਵਾਰ ਸਫ਼ਲ ਹੋਏ। ਆਦਿ-ਧਰਮ ਮੰਡਲ ਦੀ ਇਹ ਇੱਕ ਮਹਾਨ ਇਤਿਹਾਸ ਰਾਜਨੀਤਿਕ ਜਿੱਤ ਸੀ।

**ਕਾਂਸ਼ੀ ਰਾਮ ਦਾ ਸੰਦੇਸ਼**

ਬਹੁਜਨ ਨਾਇਕ, ਕਰੋੜਾਂ ਲੋਕਾਂ ਦੇ ਮਸੀਹਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੇ ਇੱਕ ਵਾਰ ਕਿਹਾ ਕਿ ਮੈਂ ਡੂੰਘੀ ਸੋਚ-ਵਿਚਾਰ ਤੋਂ ਬਾਅਦ ਮੈਂ ਇਸ ਨਤੀਜੇ 'ਤੇ ਪੁੱਜਿਆ ਹਾਂ ਕਿ ਜੇਕਰ ਅਸੀਂ ਇਸ ਦੇਸ਼ ਵਿੱਚ ਪਰਿਵਰਤਨ ਲਿਆਉਣਾ ਹੈ ਤਾਂ ਪੂਰੇ ਦੇਸ਼ ਵਿੱਚ 100 ਮਹਾਂਪੁਰਸ਼ ਹਨ। ਜਿਹਨਾਂ ਦੀ ਵਿਚਾਰਧਾਰਾ ਤੋਂ ਸਬਕ ਸਿੱਖ ਕੇ ਮਿਸ਼ਨ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਉਹਨਾਂ ਨੂੰ ਯਾਦ ਰੱਖੋ।

ਉਹਨਾਂ ਤੋਂ ਬਿਨ੍ਹਾਂ ਅਸੀਂ ਅੱਗੇ ਨਹੀਂ ਵਧ ਸਕਦੇ। ਉਹਨਾਂ ਨੇ ਇਹਨਾਂ ਮਹਾਂਪੁਰਸ਼ਾਂ ਨੂੰ ਬਹੁਜਨ ਮਹਾਂਪੁਰਸ਼ਾਂ ਦਾ ਨਾਮ ਦਿੱਤਾ। ਇਹਨਾਂ ਮਹਾਂਪੁਰਸ਼ਾਂ ਨੂੰ ਅਪਣਾ ਕੇ ਹੀ ਅਸੀਂ ਅੱਗੇ ਵਧ ਸਕਦੇ ਹਾਂ।

ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਨੂੰ ਇੱਕ ਸਮਾਗਮ ਦੌਰਾਨ ਉਹਨਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸੰਘਰਸ਼ ਦੀ ਘਾਲਣਾ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਅਤੇ ਕਿਹਾ ਕਿ ਅਜਿਹੇ ਮਹਾਂਪੁਰਸ਼ ਦੀ ਕੁਰਬਾਨੀ ਪੰਜਾਬ ਦੇ ਲੋਕਾਂ ਲਈ ਰਾਹ ਦਸੇਰਾ ਹੈ।

ਨਿੱਕੇ ਮੋਟੇ ਝਗੜੇ ਛੱਡ ਕੇ ਪਿਛਾਂਹ,
ਤੇ ਬੰਨ ਲਓ ਸਿਰਾਂ 'ਤੇ ਲਾਲ ਪੱਗਾਂ,
ਅਸੀਂ ਕੋਈ ਹੋਰ ਕੌਮ ਨਾ,
ਬਲਕਿ ਬਣਾਉਣੀ ਆਪਣੀ ਕੌਮ ਆ,
ਇਸ ਲਈ ਆਦਿ-ਧਰਮੀਓ,
ਤਕੜੇ ਹੋ ਜਾਓ, ਤਕੜੇ ਹੋ ਜਾਓ...।

ਅਜਿਹੇ ਗੀਤ ਉਸ ਵੇਲੇ ਅਛੂਤਾਂ ਦੀ ਇੱਛਾ-ਸ਼ਕਤੀ ਤੇ ਹੌਂਸਲੇ ਵਧਾਉਣ ਲਈ ਗਾਏ ਜਾਂਦੇ ਸਨ। ਅਛੂਤ (ਦਲਿਤ) ਲੋਕਾਂ ਦਾ ਇਹ ਆਗੂ (ਮੁੱਗੋਵਾਲੀਆ) ਕੌਮ ਦਾ ਸਰਮਾਇਆ ਹੈ। ਲੋਕ ਮਨਾਂ ਵਿੱਚ ਵਸਿਆ ਹੋਇਆ ਹੈ। ਹੁਣ ਸਾਨੂੰ ਸਮਝਦਾਰੀ, ਬੁੱਧੀ ਨਾਲ ਰਲ਼-ਮਿਲ਼ ਕੇ ਆਪਸੀ ਮੱਤਭੇਦ ਦੂਰ ਕਰਨ ਦੀ ਲੋੜ੍ਹ ਹੈ। ਇਸ ਤਰ੍ਹਾਂ ਆਪਸੀ ਖੁਦਗਰਜ਼ੀ, ਅਖੌਤੀ ਲੈਫਟੀਨੈਂਟ ਅਤੇ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਮਾਜ ਦਾ ਸੁਧਾਰ ਕੀਤਾ ਜਾ ਸਕਦਾ ਹੈ ਤਾਂ ਜੋ ਰਹਿਬਰਾਂ ਦੇ ਸੁਪਨਿਆਂ ਨੂੰ ਅਮਲੀ ਰੂਪ ਵਿੱਚ ਪੂਰਾ ਕੀਤਾ ਜਾ ਸਕੇ।

# 22 ਜਨਵਰੀ, 2022 ਲਈ ਜੋੜ ਮੇਲਾ ਸ੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ, ਊਨਾ ਹਿਮਾਚਲ ਪ੍ਰਦੇਸ਼ ਸਬੰਧੀ ਵਿਸ਼ੇਸ਼

ਭਾਰਤ ਵਿਚ ਸਦੀਆਂ ਤੋ ਚੱਲੀ ਆ ਰਹੀ ਜਾਤ ਆਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਾਨੂੰਨ ਦੀ ਸਖ਼ਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੌਰ ਤੇ ਖ਼ਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਆਦਿਵਾਸੀਆਂ/ਅਨੁਸੂਚਿਤ ਜਾਤੀਆਂ ਨਾਲ ਹੋ ਰਹੇ ਵਿਤਕਰੇ ਦੀਆਂ ਘਟਨਾਵਾਂ, ਵਾਪਰ ਰਹੀਆਂ ਸਮਾਜਿਕ, ਧਾਰਮਿਕ, ਆਰਥਿਕ ਅੱਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਜੋਕਿ 1966 ਤੋਂ ਪਹਿਲਾਂ ਪੰਜਾਬ ਦੇ ਹੀ ਜ਼ਿਲ੍ਹਾ ਹੁਸਿਸ਼ਆਰਪੁ ਦਾ ਭਾਗ ਸੀ ਵਿੱਚ 21-22 ਜਨਵਰੀ 2005 ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸਨ ਵੱਲੋਂ ਇਲਾਕੇ ਦੇ ਕੁੱਝ ਮੰਨੂਵਾਦੀਆਂ ਦੇ ਦਬਾਅ ਅਧੀਨ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਇਸਨੂੰ ਬਚਾਉਣ ਲਈ ਸੰਘਰਸ਼ ਕਰਨ ਵਾਲੇ ਹਜ਼ਾਰਾਂ ਆਦਿਵਾਸੀਆਂ/ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਲਗਭਗ 100 ਵਿਅਕਤੀਆਂ ਨੂੰ ਵੱਖ ਵੱਖ ਕੇਸਾਂ ਵਿਚ ਜੇਲ੍ਹ ਅੰਦਰ ਕੀਤਾ ਗਿਆ ਸੀ। ਪੰਜਾਬ ਦੇ ਨੰਗਲ ਜ਼ਿਲ੍ਹਾ ਰੂਪਨਗਰ ਅਤੇ ਬੀਨੇਵਾਲ ਝੂੰਗੀਆਂ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਲੱਗਦੇ ਸੰਤੋਖਗੜ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ ਜੋਕਿ ਪੰਜਾਬ ਵੰਡ ਤੋਂ ਪਹਿਲਾਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਹੀ ਹਿੱਸਾ ਸੀ ਵਿਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਦੇ ਹਜ਼ਾਰਾਂ ਪੈਰੋਕਾਰਾਂ ਤੇ ਅੰਨਾ ਤਸ਼ੱਦਦ ਕੀਤਾ ਜਿਸ ਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਬੱਚੇ ਰਾਤਾਂ ਨੂੰ ਡਰਦੇ ਹਨ। 22 ਜਨਵਰੀ ਨੂੰ ਕੜਕਦੀ ਠੰਡ ਵਿਚ ਸਵੇਰੇ ਤੜਕਸਾਰ ਲਗਭਗ 4 ਵਜੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ੱਦਦ ਕੀਤਾ ਗਿਆ। ਸ਼੍ਰੀ ਗੁਰੂ ਰਵਿਦਾਸ ਮਹਾਂ ਸਭਾ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹਾ ਦੇ ਪ੍ਰਧਾਨ ਵਕੀਲ ਨਰੇਸ਼ ਕੁਮਾਰ, ਬਲਦੇਵ ਚੰਦ ਰਿਟਾਇਰਡ ਤਹਿਸੀਲਦਾਰ, ਸੁਲਿੰਦਰ ਚੋਪੜਾ, ਰਵੀ ਕਾਂਤ ਬਸੀ, ਸੁਰੇਸ਼ ਵਸਣ, ਪ੍ਰਧਾਨ ਬਲਬੀਰ ਬਬਲੂ, ਕਸ਼ਮੀਰੀ ਲਾਲ, ਅਮਰਜੀਤ ਸਿੰਗਾ, ਸੰਜੇ ਸਿੰਘ, ਅਮਰੀਕ ਕੁਮਾਰ, ਲੰਬੜਦਾਰ ਬਖ਼ਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜਤਿੰਦਰ, ਸੋਨੂੰ ਜੋੜ ਮੇਲਾ ਕਮੇਟੀ ਆਗੂਆਂ ਪ੍ਰਧਾਨ ਬਲਵੀਰ ਬੱਗਾ, ਬਲਰਾਮ ਮਹੇ, ਮੰਗਤ ਰਾਮ, ਜੋਲੀ ਰਾਮ, ਸੁੱਖ ਰਾਮ, ਮੰਗਤ ਰਾਮ, ਅਮਰਜੀਤ ਸਹਿਗਲ, ਸੁੱਖਰਾਮ, ਜੋਹਲੀ ਰਾਮ, ਮਦਨ ਲਾਲ, ਨਿਰਮਲਾ ਮਹੇ, ਰਾਣੀ ਦੇਵੀ, ਬਚਨੀ ਦੇਵੀ, ਵਿਦਿਆ ਦੇਵੀ, ਸੁਦੇਸ ਕੁਮਾਰੀ, ਬਿੰਦੂ ਦੇਵੀ, ਕੁਸ਼ੱਲਿਆ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ ਆਦਿ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵੱਲੋਂ ਖਾਲੀ ਪਈ ਥਾਂ ਵਿੱਚ ਆਜ਼ਾਦੀ ਤੋਂ ਪਹਿਲਾਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਮੰਦਿਰ ਬਣਾਇਆ ਗਿਆ ਸੀ। 1952 ਵਿਚ ਰਵਿੰਦਰ ਕੁਮਾਰ ਪੁੱਤਰ ਪਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿਚ ਕੇਸ ਕੀਤਾ ਸੀ। ਇਸ ਕੇਸ ਵਿਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵੱਲੋਂ ਵਤਨਾਂ ਰਾਮ ਪੁੱਤਰ ਨਿੱਕੂ ਰਾਮ ਅਦਾਲਤ ਵਿਚ ਹਾਜ਼ਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਸਾਹਿਬ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਆਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ।

ਇਸ ਤੋਂ ਬਾਦ ਚੱਬਾ ਪਰਿਵਾਰ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਕਾਨੂੰਨੀ ਕਾਰਵਾਈ ਤੇਜ ਕਰ ਦਿਤੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੋਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ।

ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈ ਕੇ ਮਾਣਯੋਗ ਸੁਪਰੀਮ ਕੋਰਟ ਵਿਚ ਵੀ ਪੇਸ਼ ਹੋਏ ਪਰੰਤੂ ਉੱਥੇ ਕੇਸ ਖ਼ਾਰਜ ਹੋ ਗਿਆ। 28 ਦਸੰਬਰ ਨੂੰ ਮਾਣਯੋਗ ਹਿਮਾਚਲ ਹਾਈ ਕੋਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਪ੍ਰਸ਼ਾਸਨਿਕ ਅਧਿਕਾਰੀ ਇਲਾਕੇ ਦੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿਚ ਹੀ ਸਨ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਪਿੰਡ ਵਿਚ ਹੱਲਾ ਬੋਲ ਦਿਤਾ ਅਤੇ ਮੰਦਿਰ ਢਹਿ ਢੇਰੀ ਕਰ ਦਿਤਾ। ਮੰਦਿਰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ੱਦਦ ਕੀਤਾ ਗਿਆ। ਲਗਭਗ 100 ਵਿਅਕਤੀਆਂ ਜਿਨ੍ਹਾਂ ਵਿਚ 3 ਨਾਬਾਲਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ 147, 148, 149, 307, 332, 333, 353 ਅਤੇ 120 ਬੀ ਅਧੀਨ ਗ੍ਰਿਫ਼ਤਾਰ ਕਰ ਲਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ ਜਿਨ੍ਹਾਂ ਵਿੱਚ ਗੜਸ਼ੰਕਰ ਤੋਂ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਵੀ ਸ਼ਾਮਿਲ ਸੀ 22 ਜਨਵਰੀ ਤੋਂ ਲੈ ਕੇ 26 ਫਰਵਰੀ, 2005 ਤੱਕ ਲਗਭਗ 35 ਦਿਨ ਕੰਡਾ ਘਾਟ ਜੇਲ੍ਹ, ਊਨਾ ਜੇਲ੍ਹ ਅਤੇ ਸ਼ਿਮਲਾ ਜੇਲ੍ਹ ਵਿਚ ਬੰਦ ਰਹੇ, 3 ਨਾਬਾਲਗ ਬੱਚਿਆਂ ਜਤਿੰਦਰ ਕੁਮਾਰ, ਅੰਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ 22 ਜਨਵਰੀ ਤੋਂ 27 ਜਨਵਰੀ ਤੱਕ ਪੁਲਿਸ ਨੇ ਹਿਰਾਸਤ ਵਿਚ ਰੱਖਿਆ।



22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜ਼ਮਾਨਤ ਤੇ ਰਿਹਾ ਕੀਤਾ। ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਸ਼੍ਰੀਮਤੀ ਬਿੰਦੋ ਦੇਵੀ, ਸ਼੍ਰੀਮਤੀ ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੋਰਟ ਸ਼ਿਮਲਾ ਤੋਂ ਜ਼ਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈ ਕੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਜ਼ਿਲ੍ਹਾ ਹੈੱਡ ਕੁਆਰਟਰ ਊਨਾ ਵਿਚ ਲਗਾਤਾਰ ਰੋਸ ਮੁਜ਼ਾਹਰਾ ਕੀਤਾ ਜਿਸ ਵਿਚ ਬਲਬੀਰ ਬੱਗਾ, ਵਿਜੇ ਨਾਇਰ, ਬਲਬੰਤ ਕੁਮਾਰ, ਹਰੀ ਚੰਦ ਸੰਧੂ, ਸਵਰਗੀ ਪ੍ਰੀਤਮ ਚੰਦ ਸੰਧੂ, ਸਵਰਗੀ ਮਾਤੂ ਰਾਮ, ਸਵਰਗੀ ਜਗਤ ਸਿੰਘ, ਤਰਸੇਮ ਸਹੋਤਾ, ਡਾਕਟਰ ਲੇਖ ਰਾਜ ਖੰਨਾ, ਸਰਵਣ, ਦਾਸ ਰਾਮ, ਸਤੀਸ਼ ਕੁਮਾਰ, ਤਰਸੇਮ ਲਾਲ ਵੱਸਣ, ਰਾਮ ਆਸਰਾ ਭੀਸੀ, ਤਰਸੇਮ ਸਹੋਤਾ, ਵਤਨ ਚੰਦ ਪਟੇਲ, ਡਾਕਟਰ ਕੇ ਆਰ ਆਰਿਆ, ਕੁਲਦੀਪ ਚੰਦ ਨੰਗਲ, ਬਲਵੰਤ ਕੁਮਾਰ, ਬਾਬਾ ਸੰਤੋਖ ਦਾਸ ਬਿੱਟੂ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ ਹਿਮਾਚਲ, ਅਮਰੀਕ ਦੇਹਲਾਂ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫ਼ਤਾਰ ਵਿਅਕਤੀਆਂ ਨੂੰ ਛੱਡਣ ਲਈ ਮਜਬੂਰ ਕਰ ਦਿਤਾ। ਬਸਪਾ ਪ੍ਰਮੁੱਖ ਮਾਇਆਵਤੀ ਵੀ ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਰੂਪ ਵਿਚ ਪਹੁੰਚੀ ਅਤੇ ਉਸ ਵੇਲੇ ਦੀ ਕਾਂਗਰਸ ਸਰਕਾਰ ਨੂੰ ਚੇਤਾਵਨੀ ਦਿੱਤੀ। ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਸੰਤ ਸਰਵਣ ਦਾਸ ਲੁਧਿਆਣਾ ਤੋਂ 7 ਵਾਰ ਜਾ ਕੇ ਸੰਗਤ ਨੂੰ ਮਿਲਣ ਅਤੇ ਦੁੱਖ ਵੰਡਾਉਣ ਲਈ ਪਹੁੰਚੇ ਅਤੇ ਪਹਿਲੀ ਵਾਰ ਐਸ. ਡੀ.ਐਮ ਨੂੰ ਮਿਲਣ ਵਾਲਿਆਂ ਵਿੱਚ ਵੀ ਅੱਗੇ ਰਹੇ। ਉਨ੍ਹਾਂ ਨੇ ਫੱਟੜ ਹੋਏ ਵਿਅਕਤੀਆਂ ਨੂੰ ਉਸ ਸਮੇਂ ਇਲਾਜ ਲਈ ਮਾਇਕ ਸਹਾਇਤਾ ਦਿੱਤੀ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਹਿਮਾਚਲ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਂਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੌਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿਚ ਹਿਮਾਚਲ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿਚ ਪਹੁੰਚੇ।

ਮੰਦਿਰ ਕਮੇਟੀ ਵੱਲੋਂ ਹਰ ਸਾਲ 22 ਜਨਵਰੀ ਨੂੰ ਘੱਲੂਘਾਰਾ ਦਿਵਸ ਮਨਾਇਆ ਜਾਂਦਾ ਹੈ ਜਿਸ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਪਹੁੰਚਦੇ ਹਨ ਅਤੇ ਸਮਾਜ ਦੀਆਂ ਸਮੱਸਿਆਵਾਂ ਸਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਜੋੜ ਮੇਲਾ ਆਯੋਜਿਤ ਕਮੇਟੀ ਦੇ ਆਗੂਆਂ ਪ੍ਰਧਾਨ ਬਲਬੀਰ ਬਬਲੂ, ਕਸ਼ਮੀਰੀ, ਸੁਰੇਸ ਵਸਣ, ਲੰਬੜਦਾਰ ਬਖਸ਼ੀ ਰਾਮ ਭੱਟੀ ਕੁੰਗੜਤ, ਬਲਰਾਮ ਮਹੇ, ਤਰਸੇਮ ਸਹੋਤਾ, ਸਤੀਸ਼ ਕੁਮਾਰ, ਕੁਲਦੀਪ ਚੰਦ ਨੰਗਲ, ਅਮਰਜੀਤ ਸਿੰਗਾ, ਅਸ਼ਵਨੀ ਦਘੋੜ ਜਿਲਾ ਪ੍ਰਧਾਨ ਭੀਮ ਆਰਮੀ ਰੂਪ-ਨਗਰ, ਰਿੰਕੂ ਸਹਿਜਲ ਜਿਲਾ ਪ੍ਰਧਾਨ ਭੀਮ ਆਰਮੀ ਊਨਾ, ਜਰਨੈਲ ਬੈਂਸ, ਰਣਜੀਤ ਗੋਹਲਣੀ ਆਦਿ ਨੇ ਦੱਸਿਆ ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਸਮਾਗਮ ਕਰਵਾਏ ਜਾ ਰਹੇ ਹਨ ਜੋਕਿ ਸ਼ਹੀਦ ਉਧਮ ਸਿੰਘ ਨੂੰ ਸਮਰਪਿਤ ਹੈ ਜਿਸ ਵਿੱਚ 20 ਜਨਵਰੀ ਨੂੰ ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਆਰੰਭ ਕੀਤਾ ਜਾਵੇਗਾ। 21 ਜਨਵਰੀ ਨੂੰ ਸੰਤ ਸਮਾਜ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ ਜੋਕਿ ਸਵੇਰੇ 10 ਵਜੇ ਸੰਤੋਖਗੜ੍ਹ ਤੋਂ ਚੱਲਕੇ ਨੰਗੜਾ, ਊਨਾ, ਵਡਾਲਾ, ਦੇਹਲਾ, ਬਸਦੇਹੜਾ ਆਦਿ ਦੁਆਰਾ ਵਾਪਸ ਸੰਤੋਖਗੜ੍ਹ ਪਹੁੰਚੇਗੀ ਜਿਸ ਵਿੱਚ ਹਿਮਾਚਲ ਤੋਂ ਇਲਾਵਾ ਪੰਜਾਬ ਹਰਿਆਣਾ ਆਦਿ ਤੋਂ ਵੀ ਵੱਡੀ ਗਿਣਤੀ ਵਿੱਚ ਲੋਕ ਭਾਗ ਲੈਣਗੇ। 22 ਜਨਵਰੀ ਨੂੰ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੀ ਰਸਮ ਕੀਤੀ ਜਾਵੇਗੀ, ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਭੋਗ ਪਾਇਆ ਜਾਵੇਗਾ ਅਤੇ ਸੰਤ ਸਮਾਜ ਵੱਲੋਂ ਪ੍ਰਵਚਨ ਕੀਤੇ ਜਾਣਗੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਹਰ ਸਾਲ ਦੀ ਤਰਾਂ ਵੱਖ ਵੱਖ ਕਲਾਕਾਰ ਗੁਰੂ ਰਵਿਦਾਸ ਜੀ ਦਾ ਗੁਣਗਾਨ ਕਰਨਗੇ। ਦੇਸ਼ ਵਿਦੇਸ਼ ਤੋਂ ਆ ਰਹੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਸਮਾਜ ਅਤੇ ਦੇਸ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨਗੇ। ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿਸਟਰਡ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਦੱਸਿਆ ਕਿ ਇਹ ਜੋੜ੍ਹ ਮੇਲਾ ਜੋਕਿ ਸ਼ਹੀਦ ਉਧਮ ਸਿੰਘ ਨੂੰ ਸਮਰਪਿਤ ਹੈ ਸਾਨੂੰ ਯਾਦ ਕਰਵਾਂਦਾ ਹੈ ਕਿ ਸਾਡਾ ਸਮਾਜ ਸਮਾਜ ਅਤੇ ਦੇਸ਼ ਦੇ ਦੁਸ਼ਮਣਾਂ ਨੂੰ ਕਦੇ ਵੀ ਮਾਫ ਨਹੀਂ ਕਰਦਾ ਹੈ।



ਕੁਲਦੀਪ ਚੰਦ
91-9417563054

ਉਨ੍ਹਾਂ ਕਿਹਾ ਕਿ ਭਾਰਤ ਵਿੱਚ ਦੇਸ਼ ਦੇ ਮੂਲਨਿਵਾਸੀ/ਆਦਿਵਾਸੀਆਂ/ਆਦਿ ਧਰਮੀਆਂ ਦੇ ਸਮਾਜਿਕ, ਆਰਥਿਕ ਅਤੇ ਧਾਰਮਿਕ ਅਧਿਕਾਰਾਂ ਉੱਤੇ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਡਾਕਾ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੇ ਤੁਗਲਕਾਬਾਦ ਵਿੱਚ ਬਣੇ ਇਤਿਹਾਸਕ ਧਾਰਮਿਕ ਸ਼੍ਰੀ ਗੁਰੂ ਰਵਿਦਾਸ ਜੀ ਦਾ ਮੰਦਿਰ ਵਰਗੇ ਅਸਥਾਨ ਸਾਥੋਂ ਖੋਹਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਆਲ ਇੰਡੀਆ ਆਦਿ ਧਰਮ ਮਿਸ਼ਨ ਸਮੁੱਚੇ ਸਮਾਜ ਨੂੰ ਨਾਲ ਲੈ ਕੇ ਸਰਕਾਰਾਂ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਵਾਲੇ ਮਨਸੂਬੇ ਕਾਮਯਾਬ ਨਹੀਂ ਹੋਣ ਦੇਵੇਗਾ। ਸੰਤ ਸਤਵਿੰਦਰ ਹੀਰਾ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਕੋਝੀਆਂ ਘਟਨਾਵਾਂ ਸਬੰਧੀ ਤੁਰੰਤ ਆਲ ਇੰਡੀਆ ਆਦਿ ਧਰਮ ਮਿਸ਼ਨ ਨੂੰ ਜਾਣਕਾਰੀ ਦੇਣ ਤਾਂ ਜੋ ਸਮੇਂ ਸਿਰ ਬਣਦੀ ਕਾਰਵਾਈ ਕਰਕੇ ਸਮਾਜਿਕ, ਆਰਥਿਕ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਕੀਤੀ ਜਾ ਸਕੇ।

## ਮਜ਼ਦੂਰ

ਸਾਰਾ ਦਿਨ ਕੰਮ ਕਰੇ ਮਜ਼ਦੂਰ,
ਫਿਰ ਵੀ ਭੁੱਖਾ ਮਰੇ ਮਜ਼ਦੂਰ।
ਜੇਠ,ਹਾੜ ਵਿੱਚ ਸੜਦਾ ਉਹ,
ਪੋਹ,ਮਾਘ ਵਿੱਚ ਠਰੇ ਮਜ਼ਦੂਰ।
ਥਾਂ-ਥਾਂ ਹਸਪਤਾਲ ਹੁੰਦਿਆਂ ਵੀ,
ਬਿਨਾਂ ਇਲਾਜ ਤੋਂ ਮਰੇ ਮਜ਼ਦੂਰ।
ਕਾਣੀ ਵੰਡ ਦੇ ਡੂੰਘੇ ਦਰਿਆ ਨੂੰ
ਕਿਸ ਤਰ੍ਹਾਂ ਪਾਰ ਕਰੇ ਮਜ਼ਦੂਰ?
ਗਮਾਂ ਤੇ ਦੁੱਖਾਂ ਦਾ ਹਿਸਾਬ ਕੋਈ ਨਾ,
ਇਨ੍ਹਾਂ ਨੂੰ ਕਿਵੇਂ ਜਰੇ ਮਜ਼ਦੂਰ?
ਲੀਡਰ ਨਾਜਾਇਜ਼ ਲਾਭ ਉਠਾਉਣ,
ਜਦ ਕੋਈ ਘੋਲ ਕਰੇ ਮਜ਼ਦੂਰ।
ਜਦ ਉਸ ਦੀਆਂ ਮੰਗਾਂ ਜਾਇਜ਼ ਨੇ,
ਫਿਰ ਕਿਉਂ ਐਵੇਂ ਡਰੇ ਮਜ਼ਦੂਰ?
ਸਾਥ ਦੇਵਾਂਗੇ ਅਸੀਂ ਤਾਂ ਉਸ ਦਾ,
ਚਾਹੇ ਜਿੱਤੇ,ਚਾਹੇ ਹਰੇ ਮਜ਼ਦੂਰ।



ਮਹਿੰਦਰ ਸਿੰਘ ਮਾਨ
91-99158-03554

## ਐਲਾਨ ਟਿਕਟੂਆਂ ਦਾ !

ਨਾ ਕੋਈ ਦੀਨ ਤੇ ਨਾ ਈਮਾਨ ਜਾਣੋ
ਮਾਇਆ ਬਾਪ ਤੇ ਇਹੋ ਹੀ ਮਾਂ ਭਾਈ।
ਵੋਟਾਂ ਪੈਣ ਤੱਕ ਪੈਰਾਂ 'ਚ ਡਿਗਾਂ ਗੇ ਜੀ
ਬਣਕੇ ਬੈਠਣਾ ਫਿਰ ਨਾਢੂ ਖਾਂਹ ਭਾਈ।
ਆਇਆ ਰਾਮ ਜਾਂ ਗਇਆ ਰਾਮ ਕੋਲ਼ੋਂ
ਵਫਾਦਾਰੀਆਂ ਲੱਭਿਓ ਨਾਂਹ ਭਾਈ।
ਗ਼ਲੀ ਗ਼ਲੀ ਵਿਚ ਪਾਗਲਾਂ ਵਾਂਗ ਜਾਣਾ
ਨਹੀਂ ਦੇਖਣੀ ਧੁੱਪ ਤੇ ਛਾਂਅ ਭਾਈ।
ਜਿਹਨੇ ਵਾੜੇ ਵਿਚ ਆਪਣੇ ਵਾੜ ਲੀਤਾ
ਝੰਡਾ ਚੱਕਣਾ ਓਹਦਾ ਹੀ 'ਤਾਂਹ ਭਾਈ।
ਸਾਨੂੰ ਸਮਝਿਓ ਉਸੇ ਹੀ ਪਾਰਟੀ ਦੇ
ਜਿਹੜੀ ਟਿਕਟ ਲਈ ਕਰੇ ਗੀ ਹਾਂ ਭਾਈ!

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268




# ਕਬੱਡੀ ਜਗਤ ਦਾ ਘੈਂਟ ਜਾਫੀ 'ਨਵੀ ਮਾਣਕੀ'

ਜਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੀ ਬੁੱਕਲ 'ਚ ਵਸਿਆ ਹੋਇਆ ਹੈ ਵੱਡਾ ਜਿਹਾ ਪਿੰਡ ਮਾਣਕੀ। ਪਿੰਡ ਮਾਣਕੀ ਖੇਡ ਕਬੱਡੀ ਦੇ ਪ੍ਰਸਿੱਧ ਕਬੱਡੀ ਖਿਡਾਰੀਆਂ ਦਾ ਪਿੰਡ ਹੈ, ਉਹਨਾਂ ਖਿਡਾਰੀਆਂ ਵਿੱਚੋਂ ਇੱਕ ਕਬੱਡੀ ਦਾ ਖਿਡਾਰੀ ਹੈ ਨਵੀ ਮਾਣਕੀ। ਨਵੀ ਮਾਣਕੀ ਦਾ ਜਨਮ 10 ਜਨਵਰੀ 1991 ਨੂੰ ਪਿਤਾ ਸਰਦਾਰ ਬਲਵੀਰ ਸਿੰਘ ਤੇ ਮਾਤਾ ਸਰਦਾਰਨੀ ਬਲਜੀਤ ਕੌਰ ਦੇ ਘਰ ਹੋਇਆ। ਜੇ ਉਸ ਦੀ ਪੜ੍ਹਾਈ ਦੀ ਗੱਲ ਕਰੀਏ ਤਾਂ ਬਾਰ੍ਹਵੀਂ ਤੱਕ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮਾਣਕੀ ਤੋਂ ਪ੍ਰਾਪਤ ਕੀਤੀ। ਅੱਗੇ ਦੀ ਪੜ੍ਹਾਈ ਗਰੈਜੂਏਸ਼ਨ ਮਾਲਵਾ ਕਾਲਜ ਬੋਂਦਲੀ (ਸਮਰਾਲਾ) ਤੋਂ ਬੀ.ਏ., ਐੱਮ. ਏ. ਹਿਸਟਰੀ ਕੀਤੀ। ਫਿਰ ਸ਼ਾਹੀ ਸਪੋਰਟਸ ਕਾਲਜ ਝਕੜੌਦੀ (ਸਮਰਾਲਾ) ਤੋਂ ਬੀ. ਪੀ. ਐੱਡ, ਐੱਮ. ਪੀ. ਐੱਡ ਪਾਸ ਕੀਤੀ। ਮਾਤਾ ਬਲਜੀਤ ਕੌਰ ਪਿਤਾ ਬਲਵੀਰ ਸਿੰਘ ਦੇ ਇਸ ਲਾਡਲੇ ਨੇ ਖੇਡ ਕਬੱਡੀ ਅਤੇ ਪੜ੍ਹਾਈ ਵਿਚ ਖ਼ੂਬ ਮੱਲ੍ਹਾਂ ਮਾਰੀਆਂ ਹਨ। ਕਬੱਡੀ ਖੇਡਣ ਦੀ ਟਰੇਨਿੰਗ ਕਬੱਡੀ ਕੋਚ ਦਰਸ਼ਨ ਮਾਣਕੀ ਦੀ ਦੇਖ-ਰੇਖ ਹੇਠਾਂ ਮਿਹਨਤ ਕੀਤੀ ਤੇ ਕਬੱਡੀ ਦੇ ਮੈਦਾਨਾਂ ਵਿੱਚ ਜਾਫੀ ਬਣ ਕੇ ਆਪਣੇ ਪਿੰਡ ਦੀ ਟੀਮ ਲਈ ਦੋ ਨੰਬਰ ਤੋਂ ਜਾਫੇ ਲਾਉਣੇ ਸ਼ੁਰੂ ਕਰ ਦਿੱਤੇ। ਨਵੀ ਮਾਣਕੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਅਸੀਂ ਕਿਸੇ ਵੀ ਪਿੰਡ ਦੀ ਟੀਮ ਨਾਲ ਮੈਚ ਨਹੀਂ ਕੀਤਾ, ਆਪਣੀ ਮਿਹਨਤ ਤੇ ਹੌਸਲੇ ਨਾਲ ਅਨੇਕਾਂ ਕਬੱਡੀ ਕੱਪਾਂ 'ਤੇ ਮਾਣਕੀ ਪਿੰਡ ਦੀ ਟੀਮ ਨੇ ਮੈਚ ਜਿੱਤੇ। ਪਹਿਲੀ ਵਾਰ ਕਬੱਡੀ ਅਕੈਡਮੀ ਅਲੰਕਾਰ ਟੋਨੀ ਕਲੱਬ ਕੁੱਬੇ ਲਈ ਜਾਫੇ ਲਾਏ, ਫਿਰ ਖਾਲਸਾ ਵਾਰੀਅਜ ਲਈ ਵੀ ਵਧੀਆ ਪ੍ਰਦਰਸ਼ਨ ਕੀਤਾ। ਪਿੰਡ ਖੱਟੜੇ ਦੇ ਕਬੱਡੀ ਕੱਪ 'ਤੇ ਸਰਦਾਰ ਦਲਮੇਘ ਸਿੰਘ ਖੱਟੜਾ ਵੱਲੋਂ 31000 ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਤਿੰਨ ਵਾਰ ਆਲ ਇੰਡੀਆ ਇੰਟਰਨੈਸ਼ਨਲ ਵਰਸਿਟੀ ਖੇਡਿਆ, ਇਕ ਮੋਟਰਸਾਈਕਲ ਜਿੱਤਿਆ ਤੇ ਇਕ ਸੋਨੇ ਦੀ ਮੁੰਦਰੀ। ਨਵੀ ਮਾਣਕੀ ਨੇ ਅੱਗੇ ਦੱਸਿਆ ਕਿ ਜਦੋਂ ਪਹਿਲੀ ਵਾਰ ਮੋਟਰਸਾਈਕਲ ਜਿੱਤਿਆ ਤਾਂ ਬਹੁਤ ਖੁਸ਼ੀ ਹੋਈ। ਜਿਸ ਦਿਨ ਤੋਂ ਕਬੱਡੀ ਖੇਡਣੀ ਸ਼ੁਰੂ ਕੀਤੀ ਉਸੇ ਦਿਨ ਤੋਂ ਹੀ ਨਾਨਕਾ ਪਰਿਵਾਰ ਦਾ ਬਹੁਤ ਵੱਡਾ ਸਹਿਯੋਗ ਰਿਹਾ। ਮਾਮਾ ਜਗਤਾਰ ਸਿੰਘ, ਭਗਤ ਕੈਨੇਡਾ, ਅਮਨ ਕੈਨੇਡਾ, ਵੱਡਾ ਗੋਪੀ ਮਾਣਕੀ, ਛੋਟਾ ਗੋਪੀ, ਜੀਤ ਮਾਣਕੀ, ਪ੍ਰਦੀਪ ਮਾਣਕੀ, ਖ਼ਾਨ ਬਰਵਾਲੀ, ਚੰਨੀ ਬਰਵਾਲੀ, ਜੱਗਾ, ਤੇਜੀ ਟੋਡਰਪੁਰ, ਅਤੁੱਲ ਰਾਣਾ ਆਸਟ੍ਰੇਲੀਆ ਆਦਿ ਦਾ ਵੀ ਵਿਸ਼ੇਸ਼ ਸਹਿਯੋਗ ਰਿਹਾ। ਦੋ ਵਾਰ ਮੋਢੇ ਦਾ ਉਪਰੇਸ਼ਨ ਹੋ ਚੁੱਕਾ ਹੈ, ਇਸ ਕਰਕੇ ਕਬੱਡੀ ਦੇ ਮੈਦਾਨਾਂ ਤੋਂ ਦੂਰ ਹੋਣਾ ਪਿਆ। ਨਵੀ ਮਾਣਕੀ ਅੱਜਕੱਲ੍ਹ ਇਕ ਨਿੱਜੀ ਅਕੈਡਮੀ ਕਿਰਪਾਲ ਸਾਗਰ ਰਾਹੋਂ ਵਿਖੇ ਡਾਕਟਰ ਕਰਮਜੀਤ ਸਿੰਘ ਦੇ ਅਧੀਨ ਡੀ.ਪੀ. ਮਾਸਟਰ ਦੀ ਡਿਊਟੀ ਨਿਭਾ ਰਿਹਾ ਹੈ ਤੇ ਬੱਚਿਆਂ ਨੂੰ ਇਮਾਨਦਾਰੀ ਨਾਲ ਟਰੇਨਿੰਗ ਕਰਵਾਉਂਦਾ ਹੈ। ਇਸੇ ਸਦਕਾ ਸਕੂਲਾਂ ਦੇ ਮੈਚਾਂ ਵਿਚ ਬੱਚੇ ਵਧੀਆ ਪੁਜੀਸ਼ਨਾਂ ਹਾਸਲ ਕਰ ਰਹੇ ਹਨ। ਪਰਮਾਤਮਾ ਇਸ ਵੀਰ ਨੂੰ ਤਰੱਕੀਆਂ ਬਖਸ਼ੇ।






ਤਸਵਿੰਦਰ ਸਿੰਘ ਬੜੈਚ
91-98763-22677




### January 2022

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### February 2022

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

### March 2022

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### April 2022

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### May 2022

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### June 2022

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### July 2022

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### August 2022

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### September 2022

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### October 2022

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### November 2022

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### December 2022

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**

Across the Street from TA Truck Stop